ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 42 | 25 October to 31 October 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਸਿੱਖ ਕੌਮ ਦਾ ਆਰ ਐਸ ਐੱਸ ਨੂੰ ਸਪੱਸ਼ਟ ਸੁਨੇਹਾ

### ਸਿੱਖ ਹਸਤੀ ਵਿਰੁਧ ਅਪਣੀਆਂ ਸਾਜ਼ਿਸ਼ਾਂ ਬੰਦ ਕਰੇ ਰਾਸ਼ਟਰੀ ਸਿੱਖ ਸੰਗਤ

### *ਸੰਗਤਾਂ ਦੇ ਰੋਹ ਨੂੰ ਵੇਖਦਿਆਂ ਗਿਆਨੀ ਗੁਰਬਚਨ ਸਿੰਘ ਨੂੰ ਦੇਣਾ ਪਿਆ ਬਾਈਕਾਟ ਦਾ ਆਦੇਸ਼*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਖਾਲਸਾ ਪੰਥ ਦੀ ਨਿਆਰੀ ਪਛਾਣ ਅਤੇ ਅਪਣੇ ਵਜੂਦ ਦੀ ਵਿਲੱਖਣਤਾ ਲਈ ਜੂਝਦੀ ਆ ਰਹੀ ਸਿੱਖ ਕੌਮ ਦੀ ਹਸਤੀ ਨੂੰ ਸਿੱਧੇ ਤੇ ਅਸਿੱਧੇ ਢੰਗ ਨਾਲ ਢਾਹ ਲਾਉਣ ਲਈ ਯਤਨਸ਼ੀਲ ਹਿੰਦੂਤਵੀ ਜਥੇਬੰਦੀ ਆਰਐਸਐਸ ਨਾਲ ਸਬੰਧਤ



ਰਾਸ਼ਟਰੀ ਸਿੱਖ ਸੰਗਤ ਵੱਲੋਂ 25 ਅਕਤੂਬਰ ਨੂੰ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿੱਚ ਕਰਵਾਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਵਿਰੁਧ ਦੇਸ ਵਿਦੇਸ਼ ਵਿਚਲੇ ਸਿੱਖਾਂ ਵਲੋਂ ਪ੍ਰਗਟਾਏ ਸਖ਼ਤ ਰੋਹ ਨੇ ਸਮੁੱਚੀ ਸਿੱਖ ਕੌਮ ਨੂੰ ਵੱਡਾ ਹਲੂਣਾ ਦਿੱਤਾ ਹੈ। ਸਿੱਖ ਹਸਤੀ ਵਿਰੁਧ ਅਪਣੀਆਂ ਸਾਜ਼ਿਸ਼ਾਂ ਬੰਦ ਕਰੇ ਰਾਸ਼ਟਰੀ ਸਿੱਖ ਸੰਗਤ ਵਾਲੇ ਸਿੱਖਾਂ ਦੇ ਇਸ ਸਾਂਝੇ ਸੱਦੇ ਤੇ ਸਪੱਸ਼ਟ ਸੁਨੇਹੇ ਸਦਕਾ ਹੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਇਸ ਸਮਾਗਮ ਵਿੱਚ ਸਿੱਖਾਂ ਦੇ ਸ਼ਾਮਲ ਹੋਣ 'ਤੇ ਰੋਕ ਲਾਉਂਦਿਆਂ ਮਜਬੂਰਨ ਕਹਿਣਾ ਪਿਆ ਕਿ ਇਸ ਸਬੰਧੀ ਜੁਲਾਈ 2004 ਵਿੱਚ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਜਾਰੀ ਕੀਤਾ ਗਿਆ ਸੰਦੇਸ਼ ਅੱਜ ਵੀ ਜਿਉਂ ਦਾ ਤਿਉਂ ਕਾਇਮ ਹੈ ਅਤੇ ਸਿੱਖ ਕੌਮ ਇਸ ਉਪਰ ਪਹਿਰਾ ਦੇਵੇ।

**ਬਾਕੀ ਸਫ਼ਾ 09 'ਤੇ**

### ਦਲ ਖ਼ਾਲਸਾ ਤੇ ਮੁਤਵਾਜ਼ੀ ਜਥੇਦਾਰਾਂ ਵੱਲੋਂ ਸਮਾਗਮ ਦਾ ਵਿਰੋਧ

**ਅੰਮ੍ਰਿਤਸਰ/ਤਲਵੰਡੀ ਸਾਬੋ :** ਦਲ ਖ਼ਾਲਸਾ ਨੇ ਰਾਸ਼ਟਰੀ ਸਿੱਖ ਸੰਗਤ ਵੱਲੋਂ ਦਸਮ ਪਾਤਸ਼ਾਹ ਦੇ ਪ੍ਰਕਾਸ਼ ਦਿਹਾੜੇ ਸਬੰਧੀ ਕਰਵਾਏ ਜਾ ਰਹੇ ਸਮਾਗਮ ਦਾ ਵਿਰੋਧ ਕਰਦਿਆਂ ਦੋਸ਼ ਲਾਇਆ ਕਿ ਰਾਸ਼ਟਰੀ ਸਵੈਮਸੇਵਕ ਸੰਘ (ਆਰਐਸਐਸ) ਵੱਲੋਂ ਸਿੱਖ ਧਰਮ ਵਿੱਚ ਘੁਸਪੈਠ ਕਰ ਕੇ ਇਸ ਦੀ ਨਿਆਰੀ ਪਛਾਣ ਖ਼ਾਤਮ ਕਰਨ ਦੇ ਮੰਤਵ ਨਾਲ ਰਾਸ਼ਟਰੀ ਸਿੱਖ ਸੰਗਤ ਨਾਮੀ ਜਥੇਬੰਦੀ ਬਣਾਈ ਗਈ ਸੀ। ਜਥੇਬੰਦੀ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਰਾਸ਼ਟਰੀ ਸਿੱਖ ਸੰਗਤ ਨੂੰ ਕੋਈ ਹੱਕ ਨਹੀਂ ਹੈ ਕਿ ਉਹ ਸਿੱਖ ਮਾਮਲਿਆਂ ਵਿੱਚ ਦਖ਼ਲ ਦੇਵੇ ਅਤੇ ਸਿੱਖ ਕੌਮ ਇਸ ਦਖ਼ਲਅੰਦਾਜ਼ੀ ਨੂੰ ਬਰਦਾਸ਼ਤ ਨਹੀਂ ਕਰੇਗੀ। ਸਿੱਖੀ ਸਿਧਾਂਤਾਂ ਅਨੁਸਾਰ ਸੰਗਤ ਕੇਵਲ ਗੁਰੂ ਦੀ ਹੁੰਦੀ ਹੈ ਨਾ ਕਿ ਕਿਸੇ ਰਾਸ਼ਟਰ ਦੀ। ਉਨ੍ਹਾਂ ਨੇ ਸਿੱਖਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਉਹ ਕਿਸੇ ਵੀ ਸਿੱਖ ਵਿਰੋਧੀ ਜਥੇਬੰਦੀ ਨੂੰ ਸਹਿਯੋਗ ਨਾ ਦੇਣ। ਸ੍ਰੀ ਚੀਮਾ ਨੇ ਸਪਸ਼ਟ ਕੀਤਾ ਕਿ ਅਕਾਲ ਤਖ਼ਤ ਤੋਂ ਜਾਰੀ ਆਰਐਸਐਸ ਖ਼ਿਲਾਫ਼ 2004 ਦਾ ਹੁਕਮਨਾਮਾ ਬਾਦਸਤੂਰ ਕਾਇਮ ਹੈ ਅਤੇ ਜਿਹੜੇ ਸਿੱਖ ਦਿੱਲੀ ਵਿੱਚ ਆਰਐਸਐਸ ਦੇ ਸਮਾਗਮ ਵਿੱਚ ਹਿੱਸਾ ਲੈਣਗੇ, ਉਹ ਪੰਥ ਦੇ 'ਗ਼ੱਦਾਰ' ਹੋਣਗੇ। ਉਨ੍ਹਾਂ ਕਿਹਾ ਕਿ ਤਖ਼ਤ ਪਟਨਾ ਸਾਹਿਬ ਦੇ

**ਬਾਕੀ ਸਫ਼ਾ 09 'ਤੇ**

## ਹਿਊਸਟਨ ਪੁਲੀਸ ਨੂੰ ਮਿਲੀ ਲਾਪਤਾ ਭਾਰਤੀ ਬੱਚੀ ਦੀ ਲਾਸ਼

**ਹਿਊਸਟਨ/ਬਿਊਰੋ ਨਿਊਜ਼ :** ਅਮਰੀਕੀ ਪੁਲੀਸ ਨੇ ਪੁਲੀ ਹੇਠੋਂ ਬੱਚੇ ਦੀ ਲਾਸ਼ ਬਰਾਮਦ ਕੀਤੀ ਹੈ, ਜਿਸ ਬਾਰੇ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਇਹ ਕਰੀਬ ਦੋ ਹਫ਼ਤੇ ਪਹਿਲਾਂ ਲਾਪਤਾ



ਹੋਈ ਤਿੰਨ ਸਾਲ ਦੀ ਭਾਰਤੀ ਬੱਚੀ ਸ਼ੇਰਿਨ ਮੈਥਿਊਜ਼ ਦੀ ਹੈ। ਰਿਚਰਡਸਨ ਪੁਲੀਸ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ। ਉਂਜ ਉਨਾਂ ਬੱਚੇ ਦੀ ਪਛਾਣ ਨਹੀਂ ਦੱਸੀ ਹੈ। ਬੱਚੇ ਦੀ ਲਾਸ਼ ਵੈਸਲੇ ਅਤੇ ਸਿਨੀ ਮੈਥਿਊਜ਼ ਦੇ ਘਰ ਤੋਂ ਕਰੀਬ ਅੱਧਾ ਕੁ ਮੀਲ 'ਤੇ ਮਿਲੀ ਹੈ। ਖੋਜੀ ਕੁੱਤਿਆਂ ਦੇ ਸਹਾਰੇ ਬੱਚੇ ਦੀ ਲਾਸ਼ ਮਿਲੀ ਹੈ ਪਰ ਪੁਲੀਸ ਨੇ ਉਸ ਦੇ ਮਾਰੇ ਜਾਣ ਦੇ ਵੇਰਵੇ ਅਜੇ ਨਸ਼ਰ ਨਹੀਂ ਕੀਤੇ ਹਨ। ਪੁਲੀਸ ਵਿਭਾਗ ਦੇ ਤਰਜਮਾਨ ਸਾਰਜੈਂਟ ਕੇਵਿਨ ਪਰਲਿਚ ਨੇ ਲਾਸ਼ ਮਿਲਣ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਬੰਧ ਵਿਚ ਅਜੇ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ ਗਈ ਹੈ। ਉਸ ਨੇ ਕਿਹਾ ਕਿ ਇਹ ਸ਼ੇਰਿਨ ਮੈਥਿਊਜ਼ ਦੀ ਲਾਸ਼ ਹੋਣ ਦੀ ਸੰਭਾਵਨਾ ਹੈ ਅਤੇ ਉਸ ਦੇ ਮਾਪਿਆਂ ਨੂੰ ਜਾਣਕਾਰੀ ਦੇ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਕੇਰਲਾ ਵਾਸੀ ਵੈਸਲੇ ਨੇ 7 ਅਕਤੂਬਰ ਨੂੰ ਸ਼ੇਰਿਨ ਨੂੰ ਤੜਕੇ ਤਿੰਨ ਵਜੇ ਇਸ ਕਰਕੇ ਘਰੋਂ

**ਬਾਕੀ ਸਫ਼ਾ 32 'ਤੇ**

## ਹਮਲੇ ਵਿਚ ਗੁਰਦੁਆਰਾ ਛੋਟਾ ਘੱਲੂਘਾਰਾ ਦੇ ਸਾਬਕਾ ਪ੍ਰਧਾਨ ਜੌਹਰ ਸਿੰਘ ਸਮੇਤ 3 ਜ਼ਖ਼ਮੀ

### *2 ਦਰਜਨ ਤੋਂ ਵੱਧ ਖ਼ਿਲਾਫ਼ ਕੇਸ ਦਰਜ*

**ਕਾਹਨੂੰਵਾਨ/ਬਿਊਰੋ ਨਿਊਜ਼ :** ਇਤਿਹਾਸਕ



ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ ਦੇ ਸਾਬਕਾ ਪ੍ਰਧਾਨ ਮਾਸਟਰ ਜੌਹਰ ਸਿੰਘ ਅਤੇ ਛੋਟਾ ਘੱਲੂਘਾਰਾ ਟਰੱਸਟ ਖ਼ਿਲਾਫ਼ ਸੰਘਰਸ਼ ਕਰ ਰਹੀ ਧਿਰ ਦਰਮਿਆਨ ਸੋਮਵਾਰ ਦੇਰ ਸ਼ਾਮ ਮੁੜ ਝਗੜਾ ਹੋ ਗਿਆ। ਇਸ ਝਗੜੇ ਵਿਚ ਸਾਬਕਾ ਪ੍ਰਧਾਨ ਅਤੇ ਹੋਰ ਤਿੰਨ ਜਣੇ ਜ਼ਖ਼ਮੀ ਹੋ ਗਏ। ਝਗੜੇ ਵਿਚ ਫੱਟੜ ਹੋਏ ਗੁਰਬਚਨ ਸਿੰਘ, ਮਨਜੀਤ ਸਿੰਘ ਤੇ ਸਰਬਜੀਤ ਕੌਰ ਪਤਨੀ ਜਸਵੰਤ ਸਿੰਘ ਵਾਸੀ ਰੰਧਾਵਾ ਕਲੋਨੀ ਹਸਪਤਾਲ ਵਿੱਚ ਇਲਾਜ ਅਧੀਨ ਹਨ। ਮਾਸਟਰ ਜੌਹਰ ਸਿੰਘ ਨੇ ਦੱਸਿਆ ਕਿ ਗੁਰਦੁਆਰੇ ਵਿਚ ਸੇਵਾ ਕਰਨ ਬਾਅਦ ਤਕਰੀਬਨ 7.30 ਵਜੇ ਉਹ ਆਪਣੇ ਕਮਰੇ ਵਿਚ ਕੱਪੜੇ ਬਦਲਣ ਪਹੁੰਚੇ ਸਨ। ਇਸ ਦੌਰਾਨ 15-20 ਮਰਦਾਂ ਤੇ ਔਰਤਾਂ ਨੇ ਕਮਰੇ ਵਿਚ ਦਾਖ਼ਲ ਹੋ ਕੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਉਨ੍ਹਾਂ ਦੇ ਸੱਟਾਂ ਲੱਗੀਆਂ ਹਨ। ਮਾਸਟਰ ਜੌਹਰ ਸਿੰਘ ਦੇ ਬਿਆਨਾਂ 'ਤੇ ਥਾਣਾ ਭੈਣੀ ਮੀਆਂ ਖਾਂ ਪੁਲੀਸ ਨੇ 2 ਦਰਜਨ

**ਬਾਕੀ ਸਫ਼ਾ 32 'ਤੇ**

## ਬੁੱਸ਼, ਓਬਾਮਾ ਤੇ ਹਿਲੇਰੀ ਨੇ ਟਰੰਪ ਦੀ ਵੰਡ ਪਾਊ ਸਿਆਸਤ ਤੇ ਵਿਦੇਸ਼ ਨੀਤੀ ਨੂੰ ਆੜੇ ਹੱਥੀਂ ਲਿਆ

**ਨਿਊਯਾਰਕ/ਬਿਊਰੋ ਨਿਊਜ਼ :** ਜਾਰਜ ਡਬਲਯੂ ਬੁਸ਼ ਨੇ ਕੱਟੜਤਾ, ਗੋਰਿਆਂ ਦੀ ਸਰਬਉੱਚਤਾ ਅਤੇ ਫਰੇਬ ਦੀ ਤਿੱਖੀ ਨਿਖੇਧੀ ਕੀਤੀ। ਇਸ ਨੂੰ ਰਾਸ਼ਟਰਪਤੀ ਡੋਨਲਡ ਟਰੰਪ ਦੇ ਦੌਰ ਦੀ ਸਿਆਸਤ ਦੀ ਸਪਸ਼ਟ ਆਲੋਚਨਾ ਵਜੋਂ ਦੇਖਿਆ ਜਾ ਰਿਹਾ ਹੈ। ਨਿਊਯਾਰਕ ਵਿੱਚ ਭਾਸ਼ਣ ਦੌਰਾਨ ਦੋ ਵਾਰ ਰਾਸ਼ਟਰਪਤੀ ਰਹੇ ਬੁਸ਼ ਨੇ ਕੌਮੀ ਸੁਰ ਨੂੰ ਭੱਦਾ ਕਰਨ ਅਤੇ ਵੰਡ ਪਾਊ ਵਿਸ਼ਿਆਂ ਨੂੰ ਅਮਰੀਕੀ ਜਮਹੂਰੀਅਤ ਲਈ ਖ਼ਤਰਾ ਦੱਸਿਆ। ਉਨ੍ਹਾਂ ਕਿਹਾ ਕਿ "ਕੱਟੜਤਾ ਨੂੰ ਹੱਲਾਸ਼ੇਰੀ ਮਿਲਦੀ ਜਾਪਦੀ ਹੈ। ਸਾਜ਼ਿਸ਼ ਵਾਲੇ ਸਿਧਾਂਤਾਂ ਤੇ ਜਾਲਸਾਜ਼ੀ ਅੱਗੇ ਸਾਡੀ ਸਿਆਸਤ ਕਮਜ਼ੋਰ ਸਾਬਤ ਹੁੰਦੀ ਦਿਸ ਰਹੀ ਹੈ।" ਹਾਲਾਂਕਿ ਉਨ੍ਹਾਂ ਟਰੰਪ ਦਾ ਨਾਮ ਨਹੀਂ ਲਿਆ ਪਰ ਬੁਸ਼ ਦੀ ਟਿੱਪਣੀ ਨੂੰ ਮੌਜੂਦਾ ਪ੍ਰਸ਼ਾਸਨ ਅਤੇ ਉਸ ਵਿਵਾਦਤ ਸਿਆਸਤ ਦੀ ਨਿਖੇਧੀ ਵਜੋਂ ਦੇਖਿਆ ਜਾ ਰਿਹਾ ਹੈ, ਜਿਸ ਕਾਰਨ ਪਿਛਲੇ



ਸਾਲ ਨਵੰਬਰ ਵਿੱਚ ਲੱਖਾਂ ਵੋਟਰਾਂ ਨੂੰ ਟਰੰਪ ਦੇ ਹੱਕ ਵਿੱਚ ਭੁਗਤਣ ਲਈ ਉਕਸਾਇਆ ਗਿਆ।

ਵਰਜੀਨੀਆ ਵਿੱਚ ਨਵ ਨਾਜ਼ੀ ਰੈਲੀ ਦੇ ਹਿੰਸਕ ਹੋਣ ਦਾ ਦੋਸ਼ ਟਰੰਪ ਵੱਲੋਂ ਦੋਵਾਂ ਧਿਰਾਂ ਸਿਰ ਮੜ੍ਹਨ ਤੋਂ ਦੋ ਮਹੀਨਿਆਂ ਮਗਰੋਂ ਸਾਬਕਾ ਰਾਸ਼ਟਰਪਤੀ ਬੁਸ਼ ਨੇ ਕਿਹਾ "ਕੱਟੜਤਾ ਜਾਂ ਗੋਰਿਆਂ ਦੀ ਸਰਬਉੱਚਤਾ ਦਾ ਕੋਈ ਵੀ ਰੂਪ ਅਮਰੀਕੀ ਮੱਤ ਖ਼ਿਲਾਫ਼ ਕੁਫ਼ਰ ਹੈ।" ਉਨ੍ਹਾਂ ਕਿਹਾ ਕਿ ਬਹਿਸ ਆਸਾਨੀ ਨਾਲ ਵੈਰ ਵਿਰੋਧ ਵਿੱਚ ਤਬਦੀਲ

**ਬਾਕੀ ਸਫ਼ਾ 32 'ਤੇ**

## ਮਾਂ ਬੋਲੀ ਨਾਲ ਵਿਤਕਰੇ ਵਿਰੁਧ ਲੋਕ ਰੋਹ ਦੀ ਜਿੱਤ

### *ਬਠਿੰਡਾ-ਅੰਮ੍ਰਿਤਸਰ ਸ਼ਾਹਰਾਹ 'ਤੇ ਸਾਰੇ ਸਾਈਨ ਬੋਰਡ ਹੁਣ ਲਿਖੇ ਜਾਣਗੇ ਪੰਜਾਬੀ ਵਿੱਚ*

**ਬਠਿੰਡਾ/ਬਿਊਰੋ ਨਿਊਜ਼ :** ਕੇਂਦਰ ਤੇ ਰਾਜ ਸਰਕਾਰਾਂ ਵਲੋਂ ਮਾਂ ਬੋਲੀ ਪੰਜਾਬੀ ਨਾਲ ਪੰਜ ਦਰਿਆਵਾਂ ਦੀ ਧਰਤੀ ਉੱਤੇ ਲਗਾਤਾਰ ਕੀਤੇ ਜਾ ਰਹੇ ਵਿਤਕਰੇ ਵਿਰੁਧ ਪੈਦਾ ਹੋਏ ਲੋਕ ਰੋਹ ਦੀ ਜਿੱਤ ਵਜੋਂ ਹੁਣ ਬਠਿੰਡਾ-ਅੰਮ੍ਰਿਤਸਰ ਸ਼ਾਹਰਾਹ 'ਤੇ ਸਾਰੇ ਸਾਈਨ ਬੋਰਡ ਪੰਜਾਬੀ ਵਿੱਚ ਲਿਖੇ ਜਾਣਗੇ। ਪੰਜਾਬ ਸਰਕਾਰ ਨੇ ਇਨ੍ਹਾਂ ਬੋਰਡਾਂ 'ਤੇ ਮਾਂ ਬੋਲੀ ਵਿੱਚ ਜਾਣਕਾਰੀ ਲਿਖਣ ਦਾ ਫੈਸਲਾ ਕੀਤਾ ਹੈ। ਪੰਜਾਬੀ ਭਾਸ਼ਾ ਪ੍ਰੇਮੀਆਂ ਦੇ ਦਬਾਅ ਮਗਰੋਂ ਲੋਕ ਨਿਰਮਾਣ ਵਿਭਾਗ ਹਰਕਤ ਵਿਚ ਆਇਆ ਅਤੇ ਉਸ ਨੇ ਹੱਥੋਂ ਹੱਥੀਂ ਕੇਂਦਰ ਸਰਕਾਰ ਤੋਂ ਇਸ ਬਾਰੇ ਪ੍ਰਵਾਨਗੀ ਲੈ ਲਈ ਹੈ। ਬਠਿੰਡਾ-ਅੰਮ੍ਰਿਤਸਰ ਕੌਮੀ ਮਾਰਗ 'ਤੇ ਲੱਗੇ ਸਾਈਨ ਬੋਰਡਾਂ ਉਤੇ ਪੰਜਾਬੀ ਨੂੰ ਤੀਜੇ



ਅੰਮ੍ਰਿਤਸਰ ਕੌਮੀ ਮਾਰਗ 'ਤੇ ਲੱਗੇ ਸਾਈਨ ਬੋਰਡਾਂ 'ਤੇ ਕਾਲਖ ਫੇਰਦੇ ਹੋਏ ਨੌਜਵਾਨ।

ਨੰਬਰ 'ਤੇ ਰੱਖਿਆ ਗਿਆ ਸੀ ਜਦੋਂ ਕਿ ਹਿੰਦੀ ਨੂੰ ਪਹਿਲਾ ਅਤੇ ਅੰਗਰੇਜ਼ੀ ਨੂੰ ਦੂਜਾ ਸਥਾਨ ਦਿੱਤਾ ਗਿਆ ਸੀ।

ਮਾਲਵਾ ਯੂਥ ਫੈਡਰੇਸ਼ਨ ਤੇ ਪੰਥਕ ਧਿਰਾਂ ਨੇ ਇਸ ਕੌਮੀ ਮਾਰਗ 'ਤੇ ਲੱਗੇ ਸਾਈਨ ਬੋਰਡਾਂ 'ਤੇ ਲਿਖੀ ਹਿੰਦੀ ਤੇ ਅੰਗਰੇਜ਼ੀ 'ਤੇ ਕਾਲਾ ਪੋਚਾ ਫੇਰ ਦਿੱਤਾ। ਫੈਡਰੇਸ਼ਨ ਦਾ ਸਹਿਯੋਗ ਦਲ ਖਾਲਸਾ ਅਤੇ ਹੋਰ ਧਿਰਾਂ ਨੇ ਦਿੱਤਾ। ਸਾਬਕਾ ਗੈਂਗਸਟਰ ਲੱਖਾ ਸਿਧਾਣਾ ਨੇ ਕਿਹਾ ਕਿ ਪੰਜਾਬ ਵਿੱਚ ਪੰਜਾਬੀ ਭਾਸ਼ਾ ਨੂੰ ਦੇਸ਼ ਨਿਕਾਲਾ ਦੇਣ ਖ਼ਿਲਾਫ਼ ਸੰਘਰਸ਼ ਵਿੱਢਿਆ ਗਿਆ ਹੈ ਤਾਂ ਜੋ ਮਾਂ ਬੋਲੀ ਨੂੰ ਮਾਣ ਸਨਮਾਨ ਦਿਵਾਇਆ ਜਾ ਸਕੇ। ਇਸ ਬਾਰੇ ਭਿਣਕ ਲੱਗਣ 'ਤੇ ਪੁਲੀਸ ਨੇ ਕਾਰਵਾਈ ਕਰਕੇ ਇਨ੍ਹਾਂ ਨੌਜਵਾਨਾਂ ਨੂੰ ਰੋਕ ਦਿੱਤਾ, ਜਿਸ ਦੇ ਰੋਸ ਵਿਚ ਇਨ੍ਹਾਂ ਆਗੂਆਂ ਨੇ ਪਿੰਡ ਹਰਰਾਏਪੁਰ ਕੋਲ ਸੜਕ ਜਾਮ ਕਰ ਦਿੱਤੀ। ਦਲ ਖ਼ਾਲਸਾ ਦੇ ਮੀਤ ਪ੍ਰਧਾਨ ਬਾਬਾ ਹਰਦੀਪ ਸਿੰਘ ਗੁਰੂਸਰ ਮਹਿਰਾਜ ਨੇ ਕਿਹਾ ਕਿ ਕੇਂਦਰ ਦੀ ਹਿੰਦੂਵਾਦੀ ਹਕੂਮਤ ਪੰਜਾਬੀ

**ਬਾਕੀ ਸਫ਼ਾ 32 'ਤੇ**

For Advertisements in Quomantry Amritsar Times Please Call :

**Jai Singh**

510-677-2777












# Yuba City Nagar Kiratan

## ਯੂਬਾ ਸਿਟੀ ਨਗਰ ਕੀਰਤਨ

# ਸਾਲਾਨਾ ਸੋਵੀਨਰ (Annual Souvenir)

## (5th Nov. 2017)

## "ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਮਹਾਨ ਨਗਰ ਕੀਰਤਨ ਅਯੋਜਿਤ ਕਰਨ ਅਤੇ ਸਰਬੱਤ ਦੇ ਭਲੇ ਦੇ ਸੰਦੇਸ਼ ਨੂੰ ਪਹੁੰਚਾਉਣ ਲਈ ਸਿੱਖ ਸੰਗਤ ਪ੍ਰਨਾਈ ਹੋਈ ਹੈ। ਯੂਬਾ ਸਿਟੀ ਨਗਰ ਕੀਰਤਨ ਪ੍ਰਤੀ ਦੁਨੀਆਂ ਭਰ ਦੇ ਸਿੱਖਾਂ ਵਿਚ ਅਥਾਹ ਸ਼ਰਧਾ ਅਤੇ ਉਤਸ਼ਾਹ ਬਣਿਆ ਹੋਇਆ ਹੈ।

ਸਮੁੱਚੇ ਸਿੱਖ ਪੰਥ ਵਲੋਂ ਯੂਬਾ ਸਿਟੀ, ਕੈਲੀਫੋਰਨੀਆਂ ਵਿੱਚ ਹਰ ਸਾਲ ਕਰਵਾਏ ਜਾਂਦੇ ਸਿੱਖ ਸਮਾਗਮਾਂ ਤੇ ਸਜਾਏ ਜਾਂਦੇ ਵਿਸ਼ਾਲ ਨਗਰ ਕੀਰਤਨ ਨੂੰ ਮੁੱਖ ਰੱਖਦਿਆਂ ਐਤਕਾਂ ਵਿਸ਼ੇਸ ਸੋਵੀਨਰ ਕੱਢਿਆ ਜਾ ਰਿਹਾ ਹੈ ਜਿਸ ਵਿੱਚ ਨਗਰ ਕੀਰਤਨ ਤੇ ਸਿੱਖ ਇਤਿਹਾਸ, ਸਿੱਖ ਵਿਦਵਾਨਾਂ ਦੇ ਵੱਡਮੁਲੇ ਲੇਖ ਤੇ ਅਮਰੀਕਨ ਸਿੱਖ ਭਾਈਚਾਰੇ ਦੀਆਂ ਆਪਣੀ ਦਿੱਖ ਦਾ ਪ੍ਰਭਾਵ ਦੇਣ ਲਈ ਕੀਤੀਆਂ ਸਰਗਰਮੀਆਂ ਦੇ ਉਲੇਖ ਹੋਣਗੇ।

* ਸਮੁੱਚੇ ਭਾਈਚਾਰੇ ਦੇ ਵਿਦਵਾਨ ਲੇਖਕਾਂ ਨੂੰ ਇਸਦਾ ਹਿੱਸਾ ਬਣਨ ਲਈ ਬੇਨਤੀ ਹੈ।
* ਸਾਰੇ ਬਿਜ਼ਨਸਮੈਨਾਂ ਨੂੰ ਬੇਨਤੀ ਹੈ ਕਿ ਆਪਣੇ ਬਿਜ਼ਨਸ ਨੂੰ ਇਸ ਸੋਵੀਨਾਰ ਦਾ ਹਿੱਸਾ ਬਣਾਉਣ ਲਈ ਇਸ਼ਤਿਹਾਰਾਂ ਰਾਹੀਂ ਇਸ ਇਤਿਹਾਸਕ ਕਾਰਜ ਵਿਚ ਯੋਗਦਾਨ ਪਾਉਣ।
* ਇਹ ਸੋਵੀਨਰ ਨਿਰਪੱਖ ਹੋਵੇਗਾ ਤੇ ਕਿਸੇ ਧੜ੍ਹੇ ਜਾਂ ਕਿਸੇ ਪਾਰਟੀ ਦਾ ਹਿੱਸਾ ਨਹੀਂ ਹੋਵੇਗਾ।



ਸੋਵੀਨਰ ਪ੍ਰਤੀ ਹੋਰ ਜਾਣਕਾਰੀ ਲੈਣ ਲਈ, ਲੇਖ ਭੇਜਣ ਤੇ ਆਪਣੇ ਬਿਜਨਸ ਦਾ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

**(916) 308-7997**

**6624 Florin Road, Sacramento CA 95828**
**Email: apnanews@gmail.com**



-ਹੁਸਨ ਲੜੋਆ ਬੰਗਾ (ਪੱਤਰਕਾਰ)



ਧੰਨ ਧੰਨ ਸਾਹਿਬ

# ਸ੍ਰੀ ਗੁਰੂ ਨਾਨਕ ਦੇਵ ਜੀ

ਦੇ ਪਾਵਨ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ ਜੀ।

ਗੁਰਦੁਆਰਾ ਸਾਹਿਬ
ਖਾਲਸਾ ਕੇਅਰ ਫਾਉਂਡੇਸ਼ਨ ਵਿਖੇ

AT GURDWARA SAHIB
KHALSA CARE FOUNDATION

9989 Laurel Canyon Blvd, Pacoima CA 91331



**29 OCT (SUNDAY) & 5 NOV (SUNDAY)**

11.00 am - 01.00 pm KIRTAN BY SANT ANOOP SINGH JI

**30 OCT (MONDAY) TO 4 NOV (SATURDAY)**

06.30 pm - 08.30 pm KIRTAN BY SANT ANOOP SINGH JI

on 3rd Nov. Five Sri Akhand Paath Sahib Aarambh at 10am &
Bhog of Sri Akhand Paath Sahib On 5th 10am

BHAI KANHAIYA JEE LANGAR SEWA DAL

FOR MORE INFORMATION PLEASE CONTACT:

BALDEV SINGH (818) 468-9595 BALWINDER SINGH (818) 404-0811
MAKHAN SINGH (661) 225-7157 PARAMJIT SINGH (626) 354-6653

Printed by: SS #+91-9873467767

CHAAT BHAVAN RESTAURANT

# CHAAT BHAVAN®

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

*Catering*

FULL SERVICE CATERING
FOR YOUR SPECIAL EVENT
from 50 to upto 10,000 guests.
*Setup a Tasting Appointment Today!*

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM

ਪੂਜਾ ਅਕਾਲ ਕੀ

ਪਰਚਾ ਸ਼ਬਦ ਕਾ

ਦੀਦਾਰ ਖਾਲਸੇ ਕਾ



## ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# ਯੂਬਾ ਸਿਟੀ ਦਾ 38ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## 5 ਨਵੰਬਰ 2017 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ

**ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂਘਰ ਦੀਆਂ ਰੌਣਕਾਂ ਵਧਾਉ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ**

### ਪ੍ਰੋਗਰਾਮ ਦਾ ਵੇਰਵਾ

### ਅਖੰਡ ਪਾਠ ਸਾਹਿਬ ਦੀ ਲੜੀ:-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ **2 ਸਤੰਬਰ** ਤੋਂ ਸ਼ੁਰੂ ਹੈ ਜਿਸਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ ਸਮੂਹ ਸਾਧ ਸੰਗਤ ਵੱਲੋਂ 3 ਨਵੰਬਰ ਸ਼ੁਕਰਵਾਰ ਤੋਂ ਆਰੰਭ ਹੋ ਕੇ **5 ਨਵੰਬਰ** ਦਿਨ ਐਤਵਾਰ ਨੂੰ ਸਵੇਰੇ 7:30 ਵਜੇ ਨਵੇਂ ਟਾਇਮ ਮੁਤਾਬਿਕ ਭੋਗ ਪੈਣਗੇ

### ਢਾਡੀ ਦਰਬਾਰ/ਕਥਾ ਵਿਚਾਰ/ਕੀਰਤਨ

**2 ਅਕਤੂਬਰ** ਸੋਮਵਾਰ ਤੋਂ 22 ਅਕਤੂਬਰ ਐਤਵਾਰ ਤੱਕ ਪੰਥ ਪ੍ਰਸਿੱਧ ਢਾਢੀ ਜੱਥਾ ਭਾਈ ਅਮਰਜੀਤ ਸਿੰਘ ਜੋਹਲ ਬਿੱਧੀਪੁਰ ਵਾਲੇ ਸ਼ਾਮ ਦੇ ਦੀਵਾਨਾਂ ਵਿੱਚ ਢਾਢੀ ਵਾਰਾਂ ਨਾਲ ਨਿਹਾਲ ਕਰਨਗੇ

13 **ਅਕਤੂਬਰ** ਸ਼ੁਕਰਵਾਰ ਤੋਂ 26 ਅਕਤੂਬਰ ਵੀਰਵਾਰ ਤੱਕ ਭਾਈ ਇਕਬਾਲ ਸਿੰਘ ਸਾਬਕਾ ਹੈੱਡ ਗ੍ਰੰਥੀ ਤਖਤ ਸ੍ਰੀ ਦਮਦਮਾ ਸਾਹਿਬ ਸ਼ਾਮ ਦੇ ਦੀਵਾਨਾਂ ਵਿੱਚ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ

**ਅਕਤੂਬਰ** 16 ਦਿਨ ਸੋਮਵਾਰ ਤੋਂ ਅਕਤੂਬਰ 22 ਦਿਨ ਐਤਵਾਰ ਤੱਕ ਭਾਈ ਮਨਪ੍ਰੀਤ ਸਿੰਘ ਜੀ ਹਜ਼ੂਰੀ ਰਾਗੀ ਗੁਰਦਵਾਰਾ ਸ੍ਰੀ ਬੰਗਲਾ ਸਾਹਿਬ ਦਿੱਲੀ ਵਾਲੇ ਕੀਰਤਨ ਨਾਲ ਨਿਹਾਲ ਕਰਨਗੇ

### ਵਿਸ਼ੇਸ਼ ਸਮਮਾਨ ਸਮਾਰੋਹ

ਸਵੇਰੇ 11 ਵਜੇ ਸਮੂਹ ਸਾਧ ਸੰਗਤ ਵੱਲੋਂ ਪੰਥ ਦੀ ਸਿਰਮੌਰ ਹਸਤੀ ਸ.ਦੀਦਾਰ ਸਿੰਘ ਬੈਂਸ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ ਉਪਰੰਤ ਹੋਰਨਾਂ ਪਤਵੰਤੇ ਸੱਜਣਾ ਦਾ ਵੀ ਸਨਮਾਨ ਕੀਤਾ ਜਾਵੇਗਾ

### ਬੰਦੀ ਛੋੜ ਦਿਵਸ (ਦੀਵਾਲੀ)

ਅਕਤੂਬਰ 19 ਦਿਨ ਵੀਰਵਾਰ ਨੂੰ ਸ਼ਾਮ 6:00 ਵਜੇ ਤੋਂ ਰਾਤ 10:30 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ ਅਤੇ ਦੀਪਮਾਲਾ ਹੋਵੇਗੀ

### ਵਿਸ਼ੇਸ਼ ਕਵੀ ਦਰਬਾਰ

21 ਅਕਤੂਬਰ ਦਿਨ ਸ਼ਨੀਵਾਰ ਨੂੰ ਰਾਤ 6 ਵਜੇ ਤੋਂ 10 ਵਜੇ ਵਿਸ਼ੇਸ਼ ਕਵੀ ਦਰਬਾਰ ਸਜਣਗੇ

27,28,29 ਅਕਤੂਬਰ ਸ਼ੁਕਰਵਾਰ ਤੋਂ ਐਤਵਾਰ ਤੱਕ ਗਿਆਨੀ ਕੁਲਵੰਤ ਸਿੰਘ ਜੀ ਲੁਧਿਆਣੇ ਵਾਲੇ ਕਥਾ ਕਰਨਗੇ

### ਬੱਚਿਆਂ ਦਾ ਵਿਸ਼ੇਸ ਕੀਰਤਨ ਦਰਬਾਰ:-

ਅਕਤੂਬਰ 28 ਦਿਨ ਸ਼ਨੀਵਾਰ ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ ਸ਼ਾਮ 6:30 ਵਜੇ ਤੋਂ ਰਾਤ 10 ਵਜੇ ਤੱਕ ਹੋਵੇਗਾ ਇਸ ਵਿੱਚ ਬੱਚੇ ਰਾਗਾਂ ਵਿੱਚ ਕੀਰਤਨ ਕਰਨਗੇ

### ਲੈਕਚਰ ਸ਼ੈਸ਼ਨ

ਨਵੰਬਰ 4 ਦਿਨ ਸ਼ਨੀਵਾਰ ਨੂੰ ਮੇਨ ਹਾਲ ਵਿੱਚ ਬਾਅਦ ਦੁਪਿਹਰ 1 ਵਜੇ ਤੋਂ 4 ਵਜੇ ਤੱਕ ਲੈਕਚਰ ਸ਼ੈਸ਼ਨ ਹੋਵੇਗਾ,ਜਿਸ ਵਿੱਚ ਹੋਰਨਾਂ ਬੁਲਾਰਿਆਂ ਤੋਂ ਇਲਾਵਾ ਵਿਸ਼ੇਸ਼ ਸੱਦੇ ਤੇ ਇੰਡੀਆ ਤੋਂ ਡਾ.ਹਰਸ਼ਿੰਦਰ ਕੌਰ ਅਤੇ ਇੰਗਲੈਂਡ ਤੋਂ ਪਹੁੰਚ ਰਹੇ ਡਾ.ਇਕਤਿਦਾਰ ਕਰਾਮਤ ਚੀਮਾ ਵੀ ਹਿੱਸਾ ਲੈਣਗੇ

### ਵਿਸ਼ੇਸ਼ ਢਾਢੀ ਦਰਬਾਰ-

31 ਅਕਤੂਬਰ ਦਿਨ ਮੰਗਲਵਾਰ ਨੂੰ ਰਾਤ 6 ਵਜੇ ਤੋਂ 10 ਵਜੇ ਤੱਕ ਸ਼ਹੀਦ ਭਾਈ ਬੇਅੰਤ ਸਿੰਘ,ਸ਼ਹੀਦ ਭਾਈ ਸਤਵੰਤ ਸਿੰਘ,ਸ਼ਹੀਦ ਭਾਈ ਕੇਹਰ ਸਿੰਘ ਅਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਢਾਢੀ ਦੀਵਾਨ ਸਜਣਗੇ ਜੀ.

### ਆਤਿਸ਼ਬਾਜੀ

ਨਗਰ ਕੀਰਤਨ ਦੀਆਂ ਖੁਸ਼ੀਆਂ ਵਿੱਚ 3 ਨਵੰਬਰ ਦਿਨ ਸ਼ੁਕਰਵਾਰ ਨੂੰ ਰਾਤ 8 ਵਜੇ ਆਤਿਸ਼ਬਾਜੀ ਹੋਵੇਗੀ ਜੀ.

### ਅਮ੍ਰਿਤ ਸੰਚਾਰ

4 ਨਵੰਬਰ ਦਿਨ ਸ਼ਨੀਵਾਰ ਸਵੇਰੇ 5 ਵਜੇ ਅਮ੍ਰਿਤ ਸੰਚਾਰ ਅਰੰਭ ਹੋਵੇਗਾ ਅਮ੍ਰਿਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਸਾਹਿਬ ਸਿੰਘ ਜੀ ਹੈੱਡ ਗ੍ਰੰਥੀ ਕੋਲ ਲਿਖਵਾ ਕੇ ਕੱਕਾਰ ਪ੍ਰਾਪਤ ਸਕਦੀਆ ਹਨ ਜੀ.

### ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 4 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਸਮੂਹ ਸੰਗਤ ਵੱਲੋਂ ਹੋਵੇਗੀ

### ਰੈਣ ਸਬਾਈ ਕੀਰਤਨ

4 ਨਵੰਬਰ ਸ਼ਨੀਵਾਰ ਨੂੰ ਰੈਣ ਸਬਾਈ ਕੀਰਤਨ ਸ਼ਾਮ 6.00 ਵਜੇ ਤੋਂ ਰਾਤ 1.00 ਵੱਜੇ ਤੱਕ ਹੋਵੇਗਾ ਜਿਸ ਵਿੱਚ ਪ੍ਰਸਿੱਧ ਰਾਗੀ ਜੱਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ

**ਪਹੁੰਚ ਰਹੇ ਰਾਗੀ ਜੱਥੇ ਅਤੇ ਪ੍ਰਚਾਰਕ:-** (1) ਭਾਈ ਮਨਜੀਤ ਸਿੰਘ ਜੀ ਪਠਾਨਕੋਟ ਵਾਲੇ (2) ਭਾਈ ਹਰਚਰਨ ਸਿੰਘ ਜੀ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅਮ੍ਰਿਤਸਰ ਸਾਹਿਬ (3) ਭਾਈ ਮਨੋਹਰ ਸਿੰਘ ਦਿੱਲੀ ਵਾਲੇ ਹਜ਼ੂਰੀ ਰਾਗੀ ਗੁਰਦਵਾਰਾ ਸਾਹਿਬ ਯੁਬਾ ਸਿਟੀ (4) ਗਿਆਨੀ ਲਖਵਿੰਦਰ ਸਿੰਘ ਜੀ ਸੋਹਲ ਦਾ ਢਾਢੀ ਜੱਥਾ (5) ਭਾਈ ਮਹਿਲ ਸਿੰਘ ਜੀ ਦਾ ਕਵੀਸ਼ਰੀ ਜੱਥਾ ਆਪ ਸਮੂਹ ਸਾਧ ਸੰਗਤ ਨੂੰ ਨਿਹਾਲ ਕਰਨ ਲਈ ਪਹੁੰਚ ਰਹੇ ਹਨ

***ਨੋਟ:-ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ,ਗੱਡੀਆਂ ਦੀ ਪਾਰਕਿੰਗ ਸਿਰਫ਼ ਨਿਯਤ ਜਗ੍ਹਾ ਤੇ ਹੀ ਕੀਤੀ ਜਾਵੇ ਜੀ। ਅੰਗਹੀਣ ਵਿਅਕਤੀਆਂ ਲਈ ਵਿਸ਼ੇਸ਼ ਪਾਰਕਿੰਗ ਦਾ ਪ੍ਰਬੰਧ ਹੋਵੇਗਾ। ਰਿਵਰ ਵੈਲੀ ਹਾਈ ਸਕੂਲ 801 El Margarita Rd, Yuba City, CA 95993 ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ***

### ਹੋਰ ਜਾਣਕਾਰੀ ਲੈਣ ਲਈ ਇਨ੍ਹਾਂ ਨੰਬਰਾਂ ਤੇ ਕਾਲ ਕਰ ਸਕਦੇ ਹੋ

- ਹੈਡ ਗ੍ਰੰਥੀ ਭਾਈ ਸਾਹਿਬ ਸਿੰਘ ਜੀ:- 530-673-9918
- ਚੇਅਰਮੈਨ ਨਗਰ ਕੀਰਤਨ ਸ.ਗੁਰਨਾਮ ਸਿੰਘ ਪੰਮਾ 530-682-6444
- ਪ੍ਰਧਾਨ ਸ:ਬਲਬੀਰ ਸਿੰਘ ਸੋਹਲ 530-682-9300
- ਸੈਕਟਰੀ ਸ:ਹਰਮਨਦੀਪ ਸਿੰਘ ਸੰਧੂ 530-632-2899
- ਖਜਾਨਚੀ ਸ:ਸੁਖਵਿੰਦਰ ਸਿੰਘ 530-713-2805

# ਸ਼ਾਹੀ ਡੰਡੇ ਦੀ 'ਸੇਵਾ': ਪਟਿਆਲਾ ਪੁਲੀਸ ਨੇ ਅੱਧੀ ਰਾਤ ਨੂੰ ਆਂਗਨਵਾੜੀ ਵਰਕਰਾਂ ਖਦੇੜੀਆਂ

**ਪਟਿਆਲਾ/ਬਿਊਰੋ ਨਿਊਜ਼ :** ਪੁਲੀਸ ਨੇ ਪਾਣੀ ਦੀਆਂ ਬੁਛਾੜਾਂ ਤੇ ਡੰਡੇ ਦੇ ਜ਼ੋਰ ਨਾਲ ਆਂਗਨਵਾੜੀ ਵਰਕਰਾਂ ਨੂੰ ਅੱਧੀ ਰਾਤ ਨੂੰ ਧਰਨੇ ਤੋਂ ਖਦੇੜ ਦਿੱਤਾ। ਇਸ ਦੌਰਾਨ ਕਈ ਬੀਬੀਆਂ ਗਸ਼ ਖਾ ਕੇ ਡਿੱਗ ਪਈਆਂ। ਪੁਲੀਸ ਦੇ ਸਖ਼ਤ ਰੁਖ਼ ਕਾਰਨ ਆਂਗਨਵਾੜੀ ਵਰਕਰਾਂ ਨੂੰ ਅੱਧੀ ਰਾਤ ਨੂੰ ਆਸੇ-ਪਾਸੇ ਲੁਕਣਾ ਪਿਆ। ਮੁੱਖ ਮੰਤਰੀ ਦੇ ਸ਼ਹਿਰ ਵਿੱਚ ਧਰਨੇ ਲਈ ਪੁੱਜੀਆਂ ਪੰਜਾਬ ਭਰ ਦੀਆਂ ਆਂਗਨਵਾੜੀ ਵਰਕਰਾਂ ਪੁਲੀਸ ਅੱਗੇ ਬੇਵੱਸ ਹੋ ਗਈਆਂ। ਪੁਲੀਸ ਨੇ ਜਿੱਥੇ ਵੱਡੀ ਤਾਦਾਦ ਵਿੱਚ ਬੀਬੀਆਂ ਨੂੰ ਧਰਨੇ ਤੋਂ ਖਦੇੜ ਦਿੱਤਾ, ਉਥੇ ਕਈਆਂ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲੀਸ ਨੇ ਅੱਧੀ ਰਾਤ ਨੂੰ ਓਵਰਬ੍ਰਿਜ ਹੇਠਾਂ ਧਰਨੇ 'ਤੇ ਬੈਠੀਆਂ ਆਂਗਨਵਾੜੀ ਵਰਕਰਾਂ ਨੂੰ ਲਾਊਡ ਸਪੀਕਰ ਰਾਹੀਂ ਐਲਾਨ ਕਰ ਕੇ ਧਰਨੇ ਤੋਂ ਉਠਣ ਦੀ ਅਪੀਲ ਕੀਤੀ ਤੇ ਇਸ ਚਿਤਾਵਨੀ ਦੇ ਕੁਝ ਪਲਾਂ ਬਾਅਦ ਪਾਣੀ ਦੀਆਂ ਬੁਛਾੜਾਂ ਨਾਲ ਹੱਲਾ ਬੋਲ ਦਿੱਤਾ। ਜਦੋਂ ਕੁਝ ਆਂਗਨਵਾੜੀ ਵਰਕਰਾਂ ਨੇ ਇਸ ਕਾਰਵਾਈ ਦਾ ਵਿਰੋਧ ਕੀਤਾ ਤਾਂ ਪੁਲੀਸ ਨੇ ਲਾਠੀਚਾਰਜ ਸ਼ੁਰੂ ਕਰ ਦਿੱਤਾ। ਪੁਲੀਸ, ਬੀਬੀਆਂ ਨੂੰ ਖਦੇੜ ਕੇ ਰੇਲਵੇ ਸਟੇਸ਼ਨ ਅਤੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵੱਲ ਲੈ ਗਈ। ਪੁਲੀਸ ਨੇ ਆਂਗਨਵਾੜੀ ਵਰਕਰਾਂ ਨੂੰ ਸਵੇਰੇ ਪਹਿਲੇ ਟਾਈਮ ਵਾਲੀਆਂ ਬੱਸਾਂ 'ਤੇ ਬਿਠਾਉਣ ਤੱਕ ਨਿਗਰਾਨੀ ਰੱਖੀ। ਪੁਲੀਸ ਦੀ ਸਖ਼ਤੀ ਤੋਂ ਖ਼ਫ਼ਾ ਕੁਝ ਆਂਗਨਵਾੜੀ ਵਰਕਰਾਂ ਨੇ ਮਿੰਨੀ ਸਕੱਤਰੇਤ ਕੋਲ ਪੰਜਾਬ ਸਰਕਾਰ ਦਾ ਪੁਤਲਾ ਫੂਕਣ ਦਾ ਯਤਨ ਵੀ ਕੀਤਾ। ਇਸ ਮਗਰੋਂ ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਨਾਲ ਸਬੰਧਤ ਆਗੂਆਂ ਨੇ ਪ੍ਰੈੱਸ ਕਾਨਫਰੰਸ ਕਰ ਕੇ ਐਲਾਨ ਕੀਤਾ ਹੈ ਕਿ ਉਹ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਸੰਘਰਸ਼ ਕਰਨਗੀਆਂ। ਯੂਨੀਅਨ ਦੀ ਸੂਬਾ ਪ੍ਰਧਾਨ ਹਰਜੀਤ ਕੌਰ ਪੰਜੋਲਾ ਨੇ ਦੋਸ਼ ਲਾਇਆ ਕਿ ਪੁਲੀਸ ਨੇ ਆਂਗਨਵਾੜੀ ਵਰਕਰਾਂ ਦੀ ਖਿੱਚ-ਧੂਹ ਕੀਤੀ ਹੈ। ਉਧਰ 'ਆਪ' ਵਿਧਾਇਕ ਪਿਰਮਲ ਸਿੰਘ ਖ਼ਾਲਸਾ ਨੇ ਆਂਗਨਵਾੜੀ ਵਰਕਰਾਂ 'ਤੇ ਜਬਰ ਦੀ ਨਿਖੇਧੀ ਕੀਤੀ।

ਸੰਗਰੂਰ: ਇੱਥੇ ਡੀਸੀ ਕੰਪਲੈਕਸ ਅੱਗੇ ਰੋਸ ਪ੍ਰਦਰਸ਼ਨ ਕਰਨ ਪੁੱਜੀਆਂ ਸੈਂਕੜੇ ਆਂਗਨਵਾੜੀ ਵਰਕਰਾਂ ਤੇ ਪੁਲੀਸ ਵਿਚਕਾਰ ਧੱਕਾ-ਮੁੱਕੀ ਹੋਈ। ਆਂਗਨਵਾੜੀ ਵਰਕਰਾਂ ਨੇ ਪੁਲੀਸ ਮੁਲਾਜ਼ਮਾਂ ਕੋਲੋਂ ਡਾਂਗਾਂ ਖੋਹ ਲਈਆਂ ਤੇ ਨਾਕੇ ਤੋੜ ਕੇ ਕੰਪਲੈਕਸ ਵਿੱਚ ਦਾਖ਼ਲ ਹੋਣ ਦਾ ਯਤਨ ਕੀਤਾ। ਇਸ ਮਗਰੋਂ ਪ੍ਰਦਰਸ਼ਕਾਰੀ ਵਰਕਰਾਂ ਨੇ ਰੋਸ ਮਾਰਚ ਕਰਦਿਆਂ ਲਾਲ ਬੱਤੀ ਚੌਕ ਵਿੱਚ ਕਰੀਬ ਅੱਧਾ ਘੰਟਾ ਆਵਾਜਾਈ ਠੱਪ ਕਰ ਕੇ ਪੰਜਾਬ ਸਰਕਾਰ ਦੀ ਅਰਥੀ ਫੂਕੀ। ਇਹ ਵਰਕਰਾਂ ਪਟਿਆਲਾ ਵਿੱਚ ਪ੍ਰਦਰਸ਼ਨਕਾਰੀਆਂ 'ਤੇ ਹੋਈ ਪੁਲੀਸ ਕਾਰਵਾਈ ਦਾ ਵਿਰੋਧ ਜਤਾਉਣ ਪੁੱਜੀਆਂ ਸਨ।



ਪਟਿਆਲਾ ਵਿੱਚ ਆਂਗਨਵਾੜੀ ਵਰਕਰਾਂ 'ਤੇ ਪਾਣੀ ਦੀਆਂ ਬੁਛਾੜਾਂ ਮਾਰਦੀ ਹੋਈ ਪੁਲੀਸ।

**ਯੂਨੀਅਨ ਪ੍ਰਧਾਨ ਸਣੇ 8 ਨੂੰ ਜੇਲ੍ਹ ਭੇਜਿਆ :**

ਪਟਿਆਲਾ : ਪੁਲੀਸ ਨੇ ਆਂਗਨਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਦੀ ਕੌਮੀ ਪ੍ਰਧਾਨ ਊਸ਼ਾ ਰਾਣੀ ਤੇ 7 ਹੋਰ ਯੂਨੀਅਨ ਆਗੂਆਂ ਖ਼ਿਲਾਫ਼ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਹੈ। ਉਨ੍ਹਾਂ ਨੂੰ ਥਾਣਾ ਲਾਹੌਰੀ ਗੇਟ ਦੇ ਐਸਐਚਓ ਜਾਨਪਾਲ ਸਿੰਘ ਦੀ ਅਗਵਾਈ ਹੇਠ ਇੱਥੇ ਸਬ ਡਿਵੀਜ਼ਨਲ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਅੱਠਾਂ ਨੂੰ ਨਿਆਂਇਕ ਹਿਰਾਸਤ ਤਹਿਤ ਕੇਂਦਰੀ ਜੇਲ੍ਹ ਪਟਿਆਲਾ ਭੇਜ ਦਿੱਤਾ ਹੈ। ਊਸ਼ਾ ਰਾਣੀ ਸਮੇਤ ਵੱਡੀ ਗਿਣਤੀ ਯੂਨੀਅਨ ਆਗੂਆਂ ਤੇ ਵਰਕਰਾਂ ਖ਼ਿਲਾਫ਼ ਇੱਕ ਹੋਰ ਥਾਣੇ ਵਿੱਚ ਧਾਰਾ 188 ਤਹਿਤ ਵੀ ਕੇਸ ਦਰਜ ਕੀਤਾ ਗਿਆ ਹੈ। ਉਧਰ ਐਸਪੀ (ਸਿਟੀ) ਕੇਸਰ ਸਿੰਘ ਨੇ ਆਂਗਨਵਾੜੀ ਵਰਕਰਾਂ 'ਤੇ ਲਾਠੀਚਾਰਜ ਦੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਕਿਹਾ ਕਿ ਧਰਨਾ ਚੁਕਾਉਣ ਲਈ ਪਾਣੀ ਦੀਆਂ ਬੁਛਾੜਾਂ ਹੀ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਬੀਬੀਆਂ ਨੂੰ ਦੱਸਿਆ ਗਿਆ ਸੀ ਕਿ ਮੁੱਖ ਮੰਤਰੀ ਆਊਟ ਆਫ ਸਟੇਸ਼ਨ ਹਨ, ਇਸ ਦੇ ਬਾਵਜੂਦ ਆਂਗਣਵਾੜੀ ਵਰਕਰਾਂ ਗੱਲਬਾਤ ਲਈ ਸਮਾਂ ਤੈਅ ਕਰਾਉਣ 'ਤੇ ਅੜੀਆਂ ਰਹੀਆਂ।

# ਸੈਕਰਾਮੈਂਟੋ 'ਚ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਦਾ ਸਨਮਾਨ

### *ਐਨ.ਆਈ.ਆਈਜ਼ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਵਿਕਰਮ ਪਾਸੀ ਰਾਣਾ ਦੇ ਓ.ਐਸ.ਡੀ. ਨਿਯੁਕਤ*



**ਸੈਕਰਾਮੈਂਟੋ/ਬਿਊਰੋ ਨਿਊਜ਼ :**
ਅਮਰੀਕਾ ਦੌਰੇ 'ਤੇ ਆਏ ਪੰਜਾਬ ਦੇ ਕੈਬਨਿਟ ਮੰਤਰੀ ਸ. ਗੁਰਜੀਤ ਸਿੰਘ ਰਾਣਾ ਨੇ ਇੱਥੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ 10 ਸਾਲਾਂ ਦੇ ਰਾਜ ਵਿੱਚ ਜਿੱਥੇ ਪੰਜਾਬ ਦਾ ਬੁਰੀ ਤਰ੍ਹਾਂ ਵਿਨਾਸ਼ ਕੀਤਾ, ਉਥੇ ਪੰਜਾਬ ਦੀ ਕਿਸਾਨੀ ਨੂੰ ਵੀ ਖਤਮ ਕਰਕੇ ਰੱਖ ਦਿੱਤਾ ਅਤੇ ਕਿਸਾਨਾਂ ਨੂੰ ਕਰਜ਼ੇ ਦੀ ਦਲਦਲ ਵਿੱਚ ਧੱਕ ਦਿੱਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਤਾ ਵਿੱਚ ਆਉਂਦਿਆਂ ਹੀ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਨੂੰ ਖਤਮ ਕਰਨ ਲਈ ਕਦਮ ਚੁੱਕੇ ਜਿਸ ਸਦਕਾ ਉਨ੍ਹਾਂ 9500 ਕਰੋੜ ਰੁਪਏ ਦੀ ਖੇਤੀ ਕਰਜ਼ਾ ਮੁਆਫ਼ੀ ਸਕੀਮ ਸ਼ੁਰੂ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਨਸ਼ਿਆਂ ਦੇ ਖ਼ਾਤਮੇ ਲਈ ਵਿਸ਼ੇਸ਼ ਟਾਸਕ ਫ਼ੋਰਸ ਗਠਿਤ ਕੀਤੀ ਗਈ ਹੈ ਅਤੇ ਉਹ ਇਸ ਸਮੱਸਿਆ ਨਾਲ ਪਹਿਲਾਂ ਹੀ ਨਜਿੱਠ ਰਹੀ ਹੈ। ਇਸੇ ਤਰ੍ਹਾਂ ਬਹਿਬਲ ਕਲਾਂ ਗੋਲੀ ਕਾਂਡ ਅਤੇ ਧਾਰਮਿਕ ਗ੍ਰੰਥਾਂ ਦੀ ਬੇਹੁਰਮਤੀ ਦੇ ਮੁੱਦੇ 'ਤੇ ਸਰਕਾਰ

**ਬਾਕੀ ਸਫ਼ਾ 30 'ਤੇ**

# ਸਿੱਖ ਕੌਂਸਲ ਆਫ ਕੈਲੀਫੋਰਨੀਆ ਵਲੋਂ 12500 ਡਾਲਰ ਦੀ ਸਹਾਇਤਾ

**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਸਿੱਖ ਕੌਂਸਲ ਆਫ ਕੈਲੀਫੋਰਨੀਆ ਵਲੋਂ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਵਿਸ਼ੇਸ਼ ਸਮਾਗਮ ਕੀਤਾ ਗਿਆ। ਇਸ ਵਿੱਚ ਪੰਜਾਬੀ ਭਾਈਚਾਰੇ ਦੇ ਕੁਝ ਨੁਮਾਇੰਦਿਆ ਤੋਂ ਇਲਾਵਾ ਅਮੈਰੀਕਨ ਰੈੱਡ ਕਰਾਸ ਦੇ ਅਧਿਕਾਰੀਆਂ ਨੇ ਵੀ ਹਾਜ਼ਰੀ ਭਰੀ। ਇਸ ਦਾ ਮਕਸਦ ਬੀਤੇ ਸਮੇਂ ਦੌਰਾਨ ਅਮਰੀਕਾ ਵਿਚ ਭੁਚਾਲ, ਪਾਣੀ ਦੀ ਮਾਰ ਅਤੇ ਅੱਗ ਕਾਰਨ ਮੱਚੀ ਕੁਦਰਤੀ ਤਬਾਹੀ ਦੇ ਪੀੜਤਾ ਦੀ ਮਦਦ ਕਰਨਾ ਸੀ। ਇਸ ਸਮੇਂ 'ਸਿੱਖ ਕੌਂਸਲ ਆਫ ਕੈਲੀਫੋਰਨੀਆ' ਵੱਲੋਂ ਅਮਰੀਕਨ ਸਮਾਜ ਭਲਾਈ, ਲੋੜਵੰਦਾਂ ਦੀ ਮਦਦ ਅਤੇ ਸਿੱਖ ਪਹਿਚਾਣ ਲਈ ਸੇਵਾਵਾਂ ਨਿਭਾ ਰਹੀ ਸੰਸਥਾ 'ਯੂਨਾਈਟਿਡ ਸਿੱਖ' ਨੂੰ ਦਸ ਹਜ਼ਾਰ ਡਾਲਰ (10000) ਡਾਲਰ ਦਾ ਚੈੱਕ ਅਤੇ 'ਅਮੈਰੀਕਨ ਰੈੱਡ ਕਰਾਸ'

**ਬਾਕੀ ਸਫ਼ਾ 30 'ਤੇ**


Hassle Free Buying and Selling!

Real EstateWe can Help to Buy and Sell Your Home.

Statewide REALTY & MORTGAGE BRE# 01929644

For People Who Believe In Home!!!!
Real Estate, Loans

ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।



2161 SQ Feet home Natomas Sacramento
3 BR 2.5 bath with loft available for $389,000



Kulwinder Kaur K.D.
Cell 916-212-0123
e-mail kdkaur9@yahoo.com



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES



Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com

# ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦਾ ਜਨਮ ਦਿਹਾੜਾ ਪੂਰੇ ਜੋਸ਼ੋ ਖਰੋਸ਼ ਨਾਲ ਮਨਾਇਆ







### *ਗੁਰਦੁਆਰਾ ਸਿੰਘ ਸਭਾ ਰੈਂਟਨ ਵਾਸ਼ਿੰਗਟਨ ਵਿਖੇ ਅਖੰਡ ਪਾਠ ਸਾਹਿਬ ਤੇ ਭਾਰੀ ਦੀਵਾਨ ਸਜਾਏ*

**ਸਿਆਟਲ/ਬਿਊਰੋ ਨਿਊਜ਼,** ਬਾਬਾ ਬੁੱਢਾ ਜੀ ਐਸੋਸੀਏਸ਼ਨ ਸਿਆਟਲ ਵਲੋਂ ਹਰ ਸਾਲ ਦੀ ਤਰਾਂ ਇਸ ਵਾਰ ਵੀ ਪੂਰੇ ਚਾਓ ਤੇ ਉਮਾਓ ਨਾਲ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦਾ ਜਨਮ ਦਿਹਾੜਾ ਮਨਾਉਂਦੇ ਹੋਏ ਅਖੰਡ ਪਾਠ ਸਾਹਿਬ ਕਰਵਾਏ ਗਏ ਅਤੇ ਭਾਰੀ ਦੀਵਾਨ ਸਜਾਏ ਗਏ। ਸਜੇ ਦੀਵਾਨਾਂ ਵਿਚ ਭਾਈ ਜਰਨੈਲ ਸਿੰਘ ਜੀ ਲੁਧਿਆਣਾ ਵਾਲੇ, ਭਾਈ ਬਰਿਆਮ ਸਿੰਘ ਜੀ, ਭਾਈ ਪਰਮਜੀਤ ਸਿੰਘ ਜੀ ਦੇ ਜਥਿਆਂ ਅਤੇ ਸਕੂਲ ਦੇ ਬੱਚਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸਿੱਖ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਕਥਾਵਾਚਕ ਗਿਆਨੀ ਸ਼ੇਰ ਸਿੰਘ ਜੀ ਹੈਡ ਗ੍ਰੰਥੀ ਗੁਰਦੁਆਰਾ ਸਿੰਘ ਸਭਾ ਸਿਆਟਲ ਅਤੇ ਗਿਆਨੀ ਹਰਦੇਵ ਸਿੰਘ ਜੀ ਹੈਡ ਗ੍ਰੰਥੀ ਗੁਰਦੁਆਰਾ ਸੀਸ ਗੰਜ ਸਾਹਿਬ ਵਾਲਿਆਂ ਗੁਰਬਾਣੀ ਕਥਾ ਅਤੇ ਸਿੱਖੀ ਦੇ ਸੁਨਹਿਰੀ ਇਤਿਹਾਸ ਤੇ ਚਾਨਣਾ ਪਾਇਆ। ਇਸ ਮੌਕੇ ਹਰਨਾਮ ਸਿੰਘ ਅਤੇ ਗੁਰਦੀਪ ਸਿੰਘ ਸਿੱਧੂ ਹੁਰਾਂ ਨੇ ਬਾਬਾ ਬੁੱਢਾ ਜੀ ਐਸੋਸੀਏਸ਼ਨ ਸਿਆਟਲ ਦੀ ਤਰਫੋਂ ਜਿੱਥੇ ਬਾਬਾ ਜੀ ਦੇ ਜੀਵਨ ਅਤੇ ਸੇਵਾਵਾਂ ਦਾ ਜ਼ਿਕਰ ਬੜੇ ਤੋਲਵੇਂ ਸ਼ਬਦਾਂ ਵਿਚ ਕੀਤਾ ਉੱਥੇ ਸਾਰੀ ਸੰਗਤ ਨੂੰ ਜੀ ਆਇਆਂ ਕਿਹਾ ਅਤੇ ਧੰਨਵਾਦ ਕੀਤਾ। ਅਵਤਾਰ ਸਿੰਘ ਆਦਮਪੁਰੀ ਨੇ ਬਾਬਾ ਬੁੱਢਾ ਜੀ ਦੇ ਜੀਵਨ ਬਾਰੇ ਇੱਕ ਗੀਤ ਤਰੰਨਮ ਵਿਚ ਗਾਇਆ ਅਤੇ ਸਟੇਜ ਦਾ ਸੰਚਾਲਨ ਕੀਤਾ। ਸ਼ਨਿਚਰਵਾਰ ਸ਼ਾਮ ਦੇ ਦੀਵਾਨ ਵਿਚ ਵਿਸ਼ੇਸ਼ ਤੌਰ ਤੇ ਪਹੰਚੇ ਸਰਦਾਰ ਸੰਦੀਪ ਸਿੰਘ ਧਾਰੀਵਾ, ਜੋ ਅਮਰੀਕਾ ਦੇ ਸੂਬੇ ਟੈਕਸਾਸ ਵਿਚ ਪੁਲਿਸ ਡਿਪਾਰਟਮੈਂਟ ਵਿਚ ਡਿਪਟੀ ਸ਼ੈਰਿਫ ਹਨ ਅਤੇ ਯੂਨਾਈਟਿਡ ਸਿਖਸ ਜਥੇਬੰਦੀ ਨਾਲ ਵਲੰਟੀਅਰ ਦੇ ਤੌਰ ਤੇ ਸੇਵਾ ਵੀ ਕਰਦੇ ਹਨ, ਉਨ੍ਹਾਂ ਸਟੇਜ ਤੋਂ ਸੰਬੋਧਨ ਹੁੰਦਿਆਂ ਕਿਹਾ ਕਿ ਉਹ ਟੈਕਸਾਸ ਪੁਲਿਸ ਡਿਪਾਰਟਮੈਂਟ ਵਲੋਂ ਸਿਆਟਲ ਦੀਆਂ ਸੰਗਤਾਂ ਦਾ ਧੰਨਵਾਦ ਕਰਨ ਲਈ ਘੱਲੇ ਗਏ ਹਨ। ਜੋ ਸਹਾਇਤਾ ਸਿਆਟਲ ਦੀ ਤਰਫੋਂ ਲੋੜਵੰਦਾਂ ਦੇ ਲੰਗਰ ਅਤੇ ਹੋਰ ਲੋੜੀਦੀਆਂ ਵਸਤਾਂ ਵੰਡਣ ਦੀ ਸੇਵਾ ਕੀਤੀ ਗਈ ਉਸਦੇ ਲਈ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਥੋੜੀ ਹੈ। ਟੈਕਸਾਸ ਪੁਲਿਸ ਡਿਪਾਰਟਮੈਂਟ ਵਿਚ ਸਿੱਖਾਂ ਦੀ ਹੀ ਸ਼ਲਾਘਾ ਹੋ ਰਹੀ ਹੈ। ਸੱਭ ਤੋਂ ਵੱਧ ਵਲੰਟੀਅਰ, ਸਮਾਨ ਅਤੇ ਪੈਸਾ ਇੱਥੋਂ ਹੀ ਗਏ ਹਨ। ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਵਿਖੇ ਸਿਰੋਪਾਓ ਵੀ ਦਿੱਤਾ ਗਿਆ। ਇਸ ਮੌਕੇ ਗੁਰਦੁਆਰਾ ਸਿੰਘ ਸਭਾ ਰੈਂਟਨ ਵਾਸ਼ਿੰਗਟਨ ਵਿਖੇ ਬਾਬਾ ਬੁੱਢਾ ਜੀ ਐਸੋਸੀਏਸ਼ਨ ਸਿਆਟਲ ਵਲੋਂ ਬੀਬੀ ਸਤਿੰਦਰ ਕੌਰ ਚਾਵਲਾ ਦੇ ਸਹਿਯੋਗ ਨਾਲ 110 ਲੋਕਾਂ ਨੂੰ ਫਲੂ ਸ਼ੌਟ ਲਗਾਏ ਗਏ। ਚਾਵਲਾ ਪਰਿਵਾਰ, ਜੋ ਹਮੇਸ਼ਾਂ ਹੀ ਸੇਵਾ ਲਈ ਤਤਪਰ ਰਹਿੰਦਾ ਹੈ, ਦੀਆਂ ਸੇਵਾਵਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

## ਖਾਲਸਾ ਕੇਅਰ ਫਾਉਂਡੇਸ਼ਨ ਨੇ ਗੁਰਪੁਰਬ ਤੇ ਬੰਦੀ ਛੋੜ ਦਿਵਸ ਮਨਾਇਆ

### *ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ਪੁਰਬ ਲਈ ਵੱਡੀ ਪੱਧਰ ਉੱਤੇ ਪ੍ਰਬੰਧ*

**ਲਾਸ ਏਂਜਲਸ/ਬਿਊਰੋ ਨਿਊਜ਼** : ਖਾਲਸਾ ਕੇਅਰ ਫਾਉਂਡੇਸ਼ਨ, ਜਿਸ ਨੂੰ ਕੇ.ਸੀ.ਐਫ. ਵਜੋਂ ਵੀ ਜਾਣਿਆ ਜਾਂਦਾ ਹੈ, ਵਲੋਂ ਸ੍ਰੀ ਗੁਰੂ ਰਾਮ ਦਾਸ ਜੀ ਦਾ ਗੁਰਪੁਰਬ ਅਤੇ ਬੰਦੀ ਛੋੜ ਦਿਵਸ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਰਾਗੀ ਸਿੰਘਾਂ ਵਲੋਂ ਸੰਗਤ ਨੂੰ ਗੁਰਬਾਣੀ ਸਰਵਣ ਕਰਵਾਈ ਗਈ। ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲਿਆਂ ਨੂੰ ਸੁਣਨ ਲਈ ਸੰਗਤ ਉਚੇਚੇ ਤੌਰ 'ਤੇ ਪੁੱਜੀ। ਉਨ੍ਹਾਂ ਰਸਭਿੰਨੀ ਆਵਾਜ਼ ਵਿਚ ਸੰਗਤ ਨੂੰ ਗੁਰੂ ਦੀ ਬਾਣੀ ਨਾਲ ਨਿਹਾਲ ਕੀਤਾ। ਕੀਰਤਨ ਦੇ ਨਾਲ ਨਾਲ ਸੰਗਤ ਨੂੰ ਕਥਾ ਰਾਹੀਂ ਗੁਰਬਾਣੀ ਦੇ ਅਰਥ ਸਮਝਾਏ ਗਏ। ਇਸ ਮੌਕੇ ਸ. ਮਨਜੀਤ ਸਿੰਘ ਅਤੇ ਭਾਈ ਘਨ੍ਹੀਆ ਦਲ ਵਲੋਂ ਗੁਰੂ ਕਾ ਲੰਗਰ ਲਾਇਆ ਗਿਆ। ਜ਼ਿਕਰਯੋਗ ਹੈ ਕਿ ਇਹ ਸਮਾਗਮ 15 ਅਕਤੂਬਰ ਤੋਂ ਸ਼ੁਰੂ ਹੋਏ ਤੇ ਇਸ ਹਫ਼ਤੇ ਦੌਰਾਨ ਹਰ ਸ਼ਾਮ ਦੀਵਾਨ ਵੀ ਸਜਾਏ ਗਏ। ਸੰਗਤ ਦੇ ਸਹਿਯੋਗ ਨਾਲ ਸਾਰੇ ਪ੍ਰੋਗਰਾਮ ਵਧੀਆ ਨੇਪਰੇ ਚੜ੍ਹਿਆ। ਅਗਲੇ ਹਫ਼ਤੇ 29 ਅਕਤੂਬਰ ਤੋਂ ਵੀ ਧਾਰਮਿਕ ਸਮਾਗਮ ਉਲੀਕੇ ਗਏ ਹਨ । ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ਪੁਰਬ ਭਾਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਜਾਣ ਲਈ ਵੱਡੀ ਪੱਧਰ ਉੱਤੇ ਪ੍ਰਬੰਧ ਕੀਤੇ ਜਾ ਰਹੇ ਹਨ ਜਿਸ ਤਹਿਤ 5 ਨਵੰਬਰ ਨੂੰ ਸੰਤ ਅਨੂਪ ਸਿੰਘ ਊਨਾ ਵਾਲੇ ਕੀਰਤਨ ਕਰਨਗੇ।



## ਸਿੱਖ ਰਿਲੀਜਸ ਸੁਸਾਇਟੀ ਸ਼ਿਕਾਗੋ ਵੱਲੋਂ ਨਾਨਕਸ਼ਾਹੀ ਕੈਲੰਡਰ ਸਬੰਧੀ ਸਰਬ ਗੁਰਦੁਆਰਾ ਸੰਮੇਲਨ 11 ਤੇ 12 ਨਵੰਬਰ ਨੂੰ

**ਸ਼ਿਕਾਗੋ/ਬਿਊਰੋ ਨਿਊਜ਼:** ਸਿੱਖ ਰਿਲੀਜਸ ਸੁਸਾਇਟੀ ਸ਼ਿਕਾਗੋ ਵੱਲੋਂ ਨਾਨਕਸ਼ਾਹੀ ਕੈਲੰਡਰ ਸਬੰਧੀ ਸਰਬ ਗੁਰਦੁਆਰਾ ਦੋ ਰੋਜ਼ਾ ਸੰਮੇਲਨ ਇੱਥੇ ਸ਼ਨਿਚਰਵਾਰ 11ਨਵੰਬਰ ਤੇ ਐਤਵਾਰ 12 ਨਵੰਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਸਥਾਨਕ ਸਿੱਖ ਆਗੂਆਂ ਤੋਂ ਇਲਾਵਾ ਬਾਹਰੋਂ ਜਿਹੜੇ ਚੋਟੀ ਦੇ ਵਿਦਵਾਨ ਪੁੱਜ ਰਹੇ ਹਨ ਉਨ੍ਹਾਂ ਵਿੱਚ ਚੋਟੀ ਦੇ ਵਿਦਵਾਨਾਂ ਵਿਚੋਂ ਨਾਨਕਾਸ਼ਾਹੀ ਕੈਲੰਡਰ ਦੇ ਮਾਹਿਰ ਸ. ਪਾਲ ਸਿੰਘ ਪੁਰੇਵਾਲ (ਕੈਨੇਡਾ) ਸਰਬਜੀਤ ਸਿੰਘ (ਸੈਕਰਾਮੈਂਟੋ), ਨਰਿੰਜਨ ਸਿੰਘ ਢੇਸੀ, ਡਾ. ਸੁਖਪ੍ਰੀਤ ਸਿੰਘ ਉਦੋਕੇ, ਸੁਰਿੰਦਰ ਸਿੰਘ, ਅਤੇ ਬੀਬੀ ਜਸਬੀਰ ਕੌਰ (ਉਹਾਇਓ) ਸ਼ਾਮਲ ਹਨ। ਇਹ ਵਿਚਾਰ ਚਰਚਾ ਸਵੇਰੇ 10:00 ਵਜੇ ਤੋਂ ਸ਼ਾਮੀਂ 5:00 ਵਜੇ ਤੱਕ ਹੋਵੇਗੀ।

ਸਮੂਹ ਸਿੱਖ ਸੰਗਤਾਂ ਭਲੀ ਭਾਂਤ ਜਾਣਦੀਆਂ ਹਨ ਕਿ ਕਿਵੇਂ ਪਹਿਲਾਂ 1999 ਵਿਚ ਸਰਬ ਸੰਮਤੀ ਅਤੇ ਸਮੂਹਕ ਤੌਰ 'ਤੇ ਇਕਸਰਤਾ ਨੂੰ ਮੁੱਖ ਰਖਦਿਆਂ ਨਾਨਕਸ਼ਾਹੀ ਕੈਲੰਡਰ ਨੂੰ ਸਮੂਹ ਗੁਰਦੁਆਰਿਆਂ ਅਤੇ ਸੰਸਥਾਵਾਂ ਨੇ ਲਾਗੂ ਕੀਤਾ ਸੀ। ਇਹ ਕੈਲੰਡਰ ਪਾਲ ਸਿੰਘ ਪੁਰੇਵਾਲ ਨੇ ਕਰੜੀ ਮਿਹਨਤ ਨਾਲ ਵਿਗਿਆਨਕ ਢੰਗ ਨਾਲ ਤਿਆਰ ਕੀਤਾ ਸੀ। ਉਸ ਸਮੇਂ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ, ਬੰਦੀ ਛੋੜ ਦਿਵਸ ਅਤੇ ਹੋਲੇ ਮਹੱਲੇ ਦੇ ਦਿਵਸ ਸ਼ਾਮਲ ਨਾ ਕੀਤੇ ਜਾ ਸਕੇ। ਸਿੱਖ ਕੌਮ ਦੇ ਇਸ ਸੰਕਲਪ ਨੂੰ ਪੂਰਿਆਂ ਕਰਨ ਲਈ ਅਤੇ ਇਹ ਸੁਨੇਹਾ ਦੇਣ ਲਈ ਕਿ ਸਿੱਖ ਕੌਮ ਦੀ ਬਾਰੀ ਵਿਲੱਖਣ ਕੌਮਾਂ ਵਾਂਗ ਆਪਣੀ ਸੁਤੰਤਰ ਹੋਂਦ ਹੈ ਜਿਸ ਦਾ ਆਪਣਾ ਹੀ ਕੈਲੰਡਰ ਹੈ। ਸਿੱਖ ਰਿਲੀਜਸ ਸੁਸਾਇਟੀ, ਪੈਲਾਟਾਈਨ, ਸ਼ਿਕਾਗੋ (Sikh Religious Society, 1280 Winnetka Street, Palatine IL 60067) ਵੱਲੋਂ ਸਮੂਹ ਗੁਰਦੁਆਰਿਆਂ, ਸੰਸਥਾਵਾਂ ਅਤੇ ਸੰਗਤਾਂ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਸਬੰਧੀ ਪੂਰੀ ਜਾਣਕਾਰੀ ਅਤੇ ਲਾਗੂ ਕਰਨ ਦੀ ਲਈ ਨਿਮਰਤਾ ਸਹਿਤ 11 ਤੇ 12 ਨਵੰਬਰ (ਸ਼ਨਿਚਰਵਾਰ ਅਤੇ ਐਤਵਾਰ) ਨੂੰ ਗੁਰਦੁਆਰਾ ਸਾਹਿਬ ਸਿੱਖ ਰਿਲੀਜਸ ਸੁਸਾਇਟੀ ਸ਼ਿਕਾਗੋ ਵਿਖੇ ਪੁੱਜਣ ਦਾ ਸੱਦਾ ਦਿੰਦੀ ਹੈ।


ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!




Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh
Contact any time from anywhere

Tel 707.703.1451 • Fax 707.425.4260

Email: bsonstravel@yahoo.com
1652 West Texas St. Suite 139, Fairfield, CA 94533



ਟਰੱਕਿੰਗ ਕੰਪਨੀਆਂ ਦੀਆਂ ਮੁਸ਼ਕਲਾਂ ਦਾ ਹੱਲ, ਹੁਣ ਬਹੁਤ ਹੀ ਆਸਾਨ

ਅਸੀਂ ਤੁਹਾਨੂੰ ਦੇਵਾਂਗੇ, ਹਰ ਮੁਸ਼ਕਲ ਦਾ ਆਸਾਨ ਤਰੀਕਾ

ਹੁਣ ਤੁਹਾਨੂੰ DOT ਅਤੇ IFTA ਆਦਿ ਦੇ ਆਡਿਟ ਤੋਂ ਡਰਨ ਦੀ ਲੋੜ ਨਹੀਂ

Global Solution for Transportation
DBA E Trucking Solution




- Paperless Trucking
- Driver Hiring
- Driver Application
- Maintainance Record
- Accident Record
- Drug Test Record etc

Coming Soon
E Logbook, Dispatch, Billing, Payroll, Vehicle Tracking, GPS, Automatic IFTA Report, Digital Logbook

12 ਸਾਲ ਲਾਈਸੈਂਸ ਪਲੇਟਸ ਅਤੇ ਟਰੱਕ ਪਰਮਿਟ ਆਦਿ ਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਤੋਂ ਬਾਅਦ ਹੁਣ ਅਸੀਂ ਤੁਹਾਡੀ ਮਦਦ ਕਰਾਂਗੇ, ਚਿੰਤਾ ਮੁਕਤ ਕੰਪਨੀ ਚਲਾਉਣ ਵਿਚ।


Rajinder Singh Tanda


Lakhvir Singh

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
1-800-936-4011, 209-636-0880
Fax : 209-636-0850
Email : etrucking@etruckingsolution.com

# ਭਾਜਪਾ ਦਾ ਨਾਮ ਬੀਜੇਪੀ ਦੀ ਬਜਾਏ 'ਬੀਡੀਪੀ' ਯਾਨੀ ਕਿ 'ਭਾਰਤੀ ਦੰਗਾ ਪਾਰਟੀ' ਹੋਣਾ ਚਾਹੀਦੈ : ਕਨ੍ਹੱਈਆ ਕੁਮਾਰ

## ਅਦਾਰਾ 'ਹੁਣ' ਵਲੋਂ ਕਰਵਾਏ 'ਅਵਤਾਰ ਜੰਡਿਆਲਵੀ ਯਾਦਗਾਰੀ ਪੁਰਸਕਾਰ' ਸਮਾਰੋਹ ਦੌਰਾਨ ਕੈਲੀਫੋਰਨੀਆ ਦੇ ਸੁਖਦੇਵ ਸਾਹਿਲ ਤੇ ਕਵਿਤਰੀ ਹਰਪਿੰਦਰ ਰਾਣਾ ਦਾ ਸਨਮਾਨ

**ਚੰਡੀਗੜ੍ਹ/ਬਿਊਰੋ ਨਿਊਜ਼ :**
ਵਿਦਿਆਰਥੀ ਆਗੂ ਕਨ੍ਹੱਈਆ ਕੁਮਾਰ ਨੇ ਦੋਸ਼ ਲਾਇਆ ਕਿ ਭਾਜਪਾ ਦੰਗੇ ਕਰਵਾਉਣ ਵਿੱਚ ਮਾਹਰ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦਾ ਨਾਮ ਬੀਜੇਪੀ ਦੇ ਬਜਾਏ 'ਬੀਡੀਪੀ' ਯਾਨੀ ਕਿ 'ਭਾਰਤੀ ਦੰਗਾ ਪਾਰਟੀ' ਹੋਣਾ ਚਾਹੀਦਾ ਹੈ। ਭਾਜਪਾ, ਭਾਰਤੀ ਜਨਤਾ ਪਾਰਟੀ ਨਹੀਂ ਹੈ, ਜਨਤਾ ਨਾਲ ਪਾਰਟੀ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਉਹ ਇੱਥੇ ਪੰਜਾਬ ਕਲਾ ਭਵਨ ਵਿੱਚ ਅਦਾਰਾ 'ਹੁਣ' ਵੱਲੋਂ ਕਰਵਾਏ 'ਚੌਥੇ ਅਵਤਾਰ ਜੰਡਿਆਲਵੀ ਯਾਦਗਾਰੀ ਪੁਰਸਕਾਰ ਸਮਾਗਮ' ਮੌਕੇ ਸੰਬੋਧਨ ਕਰ ਰਹੇ ਸਨ। ਉਨ੍ਹਾਂ ਸਮਾਗਮ ਵਿਚ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ ਸੀ। ਉਨ੍ਹਾਂ ਸਿੱਖਿਆ, ਸਾਹਿਤ, ਸਭਿਆਚਾਰ ਅਤੇ ਸੱਤਾ ਵਿਸ਼ੇ 'ਤੇ ਭਾਸ਼ਣ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰਸਿੱਧ ਸਾਹਿਤ ਨੇ ਸੱਤਾ ਨਾਲ ਗਠਜੋੜ ਕਰ ਲਿਆ ਹੈ। ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਅਦ ਸਾਹਿਤਕਾਰਾਂ ਅਤੇ ਪੱਤਰਕਾਰਾਂ ਦੀ ਹੋਈ ਹੱਤਿਆ ਦੀ ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਸੱਤਾ ਦੀ ਆਲੋਚਨਾ ਕਰਨ ਵਾਲਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਵਿਦਿਆਰਥੀ ਆਗੂ ਨੇ ਕਿਹਾ ਕਿ ਸਾਹਿਤ ਤੋਂ ਸੱਤਾ ਨੂੰ ਡਰ ਲੱਗਦਾ ਹੈ। ਇਸ ਲਈ ਜਦੋਂ ਸਾਹਿਤਕਾਰਾਂ ਨੇ ਐਵਾਰਡ ਵਾਪਸ ਕਰਨੇ ਸ਼ੁਰੂ ਕੀਤੇ ਸਨ ਤਾਂ 56 ਇੰਚ ਦੀ ਛਾਤੀ ਸੁੰਗੜ ਗਈ ਸੀ। ਪ੍ਰਸਿੱਧ ਹੋਣ ਵਾਲੇ ਸਾਹਿਤ ਨੇ ਸੱਤਾ ਨਾਲ ਗਠਜੋੜ ਕੀਤਾ ਹੋਇਆ ਹੈ, ਪਰ ਅਕਾਦਮਿਕ ਖੇਤਰ ਵਿਚ ਸਾਹਿਤ ਬਚਿਆ ਹੋਇਆ ਹੈ। ਇਸ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਹੱਥੇ ਵਿਦਿਆਰਥੀਆਂ ਤੋਂ ਡਰ ਲੱਗਦਾ ਹੈ। ਉਨ੍ਹਾਂ ਕਿਹਾ ਕਿ ਸਾਹਿਤ ਸੱਤਾ ਦੇ ਪੈਰਾਂ ਵਿਚ ਵਿਛ ਗਿਆ ਹੈ ਜਦਕਿ ਸਾਹਿਤ ਦਾ ਉਦੇਸ਼ ਸੱਤਾ ਦੀ ਗੋਡਣੀ ਲਵਾਉਣਾ ਹੈ। ਸਰਕਾਰ 'ਤੇ ਅਮੀਰ ਕਾਰੋਬਾਰੀਆਂ ਦੇ ਕੰਟਰੋਲ ਬਾਰੇ ਗੱਲ ਕਰਦਿਆਂ ਕਨ੍ਹੱਈਆ ਕੁਮਾਰ ਨੇ ਕਿਹਾ ਕਿ ਨੇਤਾ ਕਾਰੋਬਾਰੀਆਂ ਦੇ ਹੱਥਾਂ ਦੀਆਂ ਕਠਪੁਤਲੀਆਂ ਹੁੰਦੇ ਹਨ। ਪੰਜਾਬ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ ਅਦਾਰਾ 'ਹੁਣ' ਵਲੋਂ ਪੰਜਾਬ ਕਲਾ ਭਵਨ ਵਿਖੇ ਚੌਥਾ ਅਵਤਾਰ ਜੰਡਿਆਲਵੀ ਯਾਦਗਾਰੀ ਪੁਰਸਕਾਰ ਸਮਾਗਮ ਕਰਵਾਇਆ ਗਿਆ। ਸੁਸ਼ੀਲ ਦੁਸਾਂਝ, ਰਵਿੰਦਰ ਸਹਿਰਾਅ, ਸੁਰਿੰਦਰ ਸੋਹਲ, ਕਿਰਤਮੀਤ ਅਤੇ ਕਮਲ ਦੁਸਾਂਝ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਰੋਹ ਵਿਚ ਵਿਸ਼ੇਸ਼ ਤੌਰ 'ਤੇ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆ ਤੋਂ ਆਏ ਗ਼ਜ਼ਲ ਤੇ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੂੰ ਜੰਡਿਆਲਵੀ ਪਰਿਵਾਰ ਵਲੋਂ ਸਵਰਨਜੀਤ ਕੌਰ ਜੌਹਲ ਤੇ ਉਨ੍ਹਾਂ ਦੀ ਬੇਟੀ ਪ੍ਰਭਾਤ ਅਤੇ ਬੇਟਾ ਸਵੇਰ ਵਲੋਂ 21 ਹਜ਼ਾਰ, ਦੁਸ਼ਾਲਾ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਅਦਾਰੇ ਵਲੋਂ ਯੁਵਾ ਪੁਰਸਕਾਰ ਲਈ ਪੰਜਾਬੀ ਦੀ ਕਵਿੱਤਰੀ ਅਤੇ ਨਾਵਲਕਾਰ ਹਰਪਿੰਦਰ ਰਾਣਾ ਨੂੰ ਸਨਮਾਨ ਦਿੱਤਾ ਗਿਆ। ਸੁਸ਼ੀਲ ਦੁਸਾਂਝ ਵਲੋਂ ਵਿਦਵਾਨਾਂ, ਲੇਖਕਾਂ ਅਤੇ ਸ਼ਾਇਰਾਂ ਲਈ ਰਸਮੀ ਧੰਨਵਾਦੀ ਸ਼ਬਦ ਕਹਿਣ ਉਪਰੰਤ ਆਲ ਇੰਡੀਆ ਇੰਟਰ 'ਵਰਸਿਟੀ 'ਚ ਕੱਥਕ ਪੇਸ਼ਕਾਰੀ ਦੌਰਾਨ ਗੋਲਡ ਮੈਡਲਿਸਟ ਰਹੀ ਫ਼ਨਕਾਰਾ ਅਰਸ਼ਦੀਪ ਨੂੰ ਮੰਚ 'ਤੇ ਦਰਸ਼ਕਾਂ ਦੇ ਰੂ ਬ ਰੂ ਕੀਤਾ। ਇਸ ਮੌਕੇ ਲੇਖਕ ਜਗਰੂਪ ਸਿੰਘ ਝੁਨੀਰ ਦਾ ਗੀਤ ਸੰਗ੍ਰਹਿ "ਗੋਪੀਆ ਸੰਭਾਲ ਘੁੱਕਰਾ" ਅਤੇ ਮਰਹੂਮ ਸ਼ਾਇਰ ਦਲਜੀਤ ਮੋਖਾ ਦੀ ਕਿਤਾਬ 'ਜਿਉਣਾ-ਕਾਵਿ ਤੇ ਸ਼ਖ਼ਸੀਅਤ" ਲੋਕ ਅਰਪਣ ਕੀਤੀਆਂ ਗਈਆਂ।




# 'ਮੋਦੀ ਦੀ ਸਰਕਾਰ ਨੇ ਭਾਰਤ ਸੰਵਿਧਾਨਕ ਅਤੇ ਬੁਨਿਆਦੀ ਕਦਰਾਂ ਕੀਮਤਾਂ ਖ਼ਤਰੇ 'ਚ ਪਾਈਆਂ'

**ਚੰਡੀਗੜ੍ਹ/ਬਿਊਰੋ ਨਿਊਜ਼:** ਭਾਰਤ ਦੀ ਵਿਸ਼ਵ ਪ੍ਰਸਿੱਧ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇਐੱਨਯੂ) ਦੀ ਵਿਦਿਆਰਥੀ ਯੂਨੀਅਨ ਦੇ ਸਾਬਕਾ ਪ੍ਰਧਾਨ ਕਨ੍ਹੱਈਆ ਕੁਮਾਰ ਨੇ ਕਿਹਾ ਹੈ ਕਿ ਅਜੋਕੇ ਸਮੇਂ ਦੇਸ਼ ਦੀਆਂ ਸੰਵਿਧਾਨਕ ਅਤੇ ਬੁਨਿਆਦੀ ਕਦਰਾਂ ਕੀਮਤਾਂ ਖ਼ਤਰੇ ਵਿੱਚ ਹਨ। ਆਪਣੇ ਸੌੜੇ ਉਦੇਸ਼ਾਂ ਵਾਸਤੇ ਸੰਵਿਧਾਨ ਨਾਲ ਛੇੜਛਾੜ ਕੀਤੀ ਜਾ ਰਹੀ ਹੈ, ਜੋ ਦੇਸ਼ ਵਾਸਤੇ ਘਾਤਕ ਹੈ।

ਇੱਥੇ ਚੰਡੀਗੜ੍ਹ ਪ੍ਰੈੱਸ ਕਲੱਬ ਵਿੱਚ ਪੱਤਰਕਾਰਾਂ ਦੇ ਰੂਬਰੂ ਪ੍ਰੋਗਰਾਮ ਦੌਰਾਨ ਕਨ੍ਹੱਈਆ ਕੁਮਾਰ ਨੇ ਸਵਾਲਾਂ ਦੇ ਜਵਾਬ ਦਿੰਦਿਆਂ ਮੋਦੀ ਸਰਕਾਰ ਦੀ ਤੁਲਨਾ ਰਾਵਣ ਨਾਲ ਕੀਤੀ। ਉਨ੍ਹਾਂ ਕਿਹਾ ਕਿ ਸਮਾਜ ਅੱਗੇ ਇਕ ਚਿਹਰੇ ਨੂੰ ਪੇਸ਼ ਕਰ ਕੇ ਪਿੱਛੋਂ ਕਈ ਹੋਰ ਚਿਹਰੇ ਲੁਕ-ਛਿਪ ਕੇ ਦੇਸ਼ ਚਲਾ ਰਹੇ ਹਨ।

ਅਗਾਂਹਵਧੂ ਵਿਚਾਰਾਂ ਦੀ ਲੜਾਈ ਦੇ ਮੋਹਰੀ ਵਿਦਿਆਰਥੀ ਆਗੂ ਆਖਿਆ ਕਿ ਸੰਵਿਧਾਨ ਅਤੇ ਜਮਹੂਰੀ ਸੰਸਥਾਵਾਂ ਨਾਲ ਛੇੜਛਾੜ ਕੀਤੀ ਗਈ ਹੈ। ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿੱਚ ਚੋਣਾਂ ਦੇ ਐਲਾਨ ਵਾਸਤੇ ਚੋਣ ਕਮਿਸ਼ਨ ਨੂੰ ਸਾਹਿਬ ਜੀ' (ਨਰਿੰਦਰ ਮੋਦੀ) ਨੇ ਆਪਣੀ ਸਹੂਲਤ ਵਾਸਤੇ ਵਰਤਿਆ। ਮੋਦੀ ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਉਨ੍ਹਾਂ ਆਖਿਆ ਕਿ ਲੋਕਤੰਤਰ ਤੋਂ ਕਿਨਾਰਾ ਕਰ ਕੇ ਪ੍ਰਚਾਰਤੰਤਰ ਅਪਣਾਇਆ ਜਾ ਰਿਹਾ ਹੈ। ਸ੍ਰੀ ਨਰਿੰਦਰ ਮੋਦੀ ਨੇ ਨਾ ਹੀ ਬੋਲਾਂਗਾ ਤੇ ਨਾ ਕਿਸੇ ਨੂੰ ਬੋਲਣ ਦੇਵਾਂਗਾ' ਦੀ ਨੀਤੀ ਅਪਣਾਈ ਹੋਈ ਹੈ। ਨੋਟਬੰਦੀ ਦੌਰਾਨ ਸੌ ਤੋਂ ਵੱਧ ਮੌਤਾਂ ਹੋਈਆਂ। ਪ੍ਰਧਾਨ ਮੰਤਰੀ ਇਸ ਮੁੱਦੇ 'ਤੇ ਖ਼ੁਦ ਤਾਂ ਚੁੱਪ ਹਨ, ਸਗੋਂ ਕਿਸੇ ਨੂੰ ਬੋਲਣ ਵੀ ਨਹੀਂ ਦੇ ਰਹੇ। ਵਰਤਮਾਨ ਸਮੇਂ ਵਿੱਚ ਵਿਚਾਰਾਂ ਨੂੰ ਆਜ਼ਾਦੀ ਨਾਲ ਪ੍ਰਗਟ ਨਹੀਂ ਕੀਤਾ ਜਾ ਸਕਦਾ। ਪ੍ਰਚਾਰਤੰਤਰ ਸਹਾਰੇ ਪ੍ਰਧਾਨ ਮੰਤਰੀ ਦੀ ਆਲੋਚਨਾ ਨੂੰ ਹਿੰਦੂ ਧਰਮ', ਦੇਸ਼' ਅਤੇ ਫੌਜ' ਦੀ ਆਲੋਚਨਾ ਵਜੋਂ ਪ੍ਰਚਾਰਿਆ ਜਾ ਰਿਹਾ ਹੈ।

ਵਿਦਿਆਰਥੀ ਆਗੂ ਨੇ ਕਿਹਾ ਕਿ ਸੱਤਾ ਖ਼ਿਲਾਫ਼ ਬੋਲਣ ਵਾਲਿਆਂ ਨੂੰ ਮੁਕੱਦਮਿਆਂ ਨਾਲ ਡਰਾਇਆ ਜਾ ਰਿਹਾ ਹੈ। ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਦੀ ਮਿਸਾਲ ਦਿੰਦਿਆਂ ਵਿਦਿਆਰਥੀ ਆਗੂ ਨੇ ਆਖਿਆ ਕਿ ਮੁਕੱਦਮਿਆਂ ਤੋਂ ਨਾ ਡਰਨ ਵਾਲਿਆਂ ਨੂੰ ਗੋਲੀ ਮਾਰ ਦਿੱਤੀ ਜਾਂਦੀ ਹੈ। ਧਰਮ, ਜਾਤ ਜਾਂ ਹੋਰ ਪਛਾਣ ਦੇ ਆਧਾਰ 'ਤੇ ਭੇਦਭਾਵ ਅਤੇ ਨਫਰਤ ਨਾਲ ਦੇਸ਼ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਜੋ ਅੱਜ ਸਾਡੇ ਵਾਸਤੇ ਵੱਡਾ ਮੁੱਦਾ ਬਣ ਕੇ ਉੱਭਰਿਆ ਹੈ। ਬੁਨਿਆਦੀ ਲੋੜਾਂ ਪੂਰੀਆਂ ਕਰਨ ਦੀ ਬਜਾਏ ਸਰਕਾਰ ਸਮਾਜ ਨੂੰ ਭਟਕਾ ਰਹੀ ਹੈ, ਜਿਸ ਨਾਲ ਦੇਸ਼ ਵਿਕਾਸ ਦੀ ਬਜਾਏ ਵਿਨਾਸ਼ ਵੱਲ ਜਾਵੇਗਾ। ਬੁਨਿਆਦੀ ਲੋੜਾਂ ਪੂਰੀਆਂ ਕਰਨ ਦੀ ਬਜਾਏ ਸਰਕਾਰ ਜਨਤਾ ਨੂੰ ਬੇਲੋੜੀ ਬਹਿਸ ਵਿੱਚ ਸੁੱਟ ਰਹੀ ਹੈ। ਮੋਦੀ ਸਰਕਾਰ 'ਤੇ ਵਰ੍ਹਦਿਆਂ ਉਨ੍ਹਾਂ ਆਖਿਆ ਕਿ ਸਰਕਾਰ ਭ੍ਰਿਸ਼ਟਾਚਾਰ, ਮਹਿੰਗਾਈ, ਕਾਲਾ ਧਨ, ਔਰਤਾਂ 'ਤੇ ਹੁੰਦੇ ਅੱਤਿਆਚਾਰਾਂ ਅਤੇ ਕਿਸਾਨ ਖ਼ੁਦਕੁਸ਼ੀ ਵਰਗੇ ਮੁੱਦਿਆਂ ਤੋਂ ਛੁਟਕਾਰਾ ਦਿਵਾਉਣ ਦੇ ਵਾਅਦੇ ਨਾਲ ਸੱਤਾ ਵਿੱਚ ਆਈ ਸੀ ਪਰ ਪਿਛਲੇ ਸਮੇਂ ਵਿੱਚ ਰਾਮ ਦੀ ਵੱਡੀ ਮੂਰਤੀ ਬਣਾਉਣ, ਘਰ ਵਾਪਸੀ, ਗੰਗਾ ਦੀ ਸਫ਼ਾਈ ਵਰਗੇ ਮੁੱਦਿਆਂ ਨੂੰ ਪ੍ਰਚਾਰਿਆ ਜਾ ਰਿਹਾ ਹੈ। ਲੋਕਾਂ ਨੇ ਭਾਜਪਾ ਅਤੇ ਆਰਐੈਸਐੈਸ ਦੀ ਵਿਚਾਰਧਾਰਾ ਵਿੱਚ ਭਰੋਸਾ ਕਰ ਕੇ ਸਰਕਾਰ ਚੁਣੀ ਸੀ ਪਰ ਸਰਕਾਰ ਨੇ ਲੋਕਾਂ ਦਾ ਵਿਸ਼ਵਾਸ ਤੋੜ ਕੇ ਉਨ੍ਹਾਂ ਨੂੰ ਗੁੰਮਰਾਹ ਕੀਤਾ ਹੈ। ਇਸ ਨਾਲ ਦੇਸ਼ ਏਕਤਾ ਵੱਲ ਜਾਣ ਦੀ ਬਜਾਏ ਖੰਡਿਤ ਹੋਣ ਵੱਲ ਜਾਵੇਗਾ। ਰਾਜਨੀਤੀ ਵਿੱਚ ਆਉਣ ਦੇ ਸਵਾਲ ਦੇ ਜਵਾਬ ਵਿੱਚ ਕਨ੍ਹੱਈਆ ਕੁਮਾਰ ਨੇ ਕਿਹਾ ਕਿ ਉਹ ਰਾਜਨੀਤੀ ਵਿੱਚ ਸਰਗਰਮ ਹਨ ਅਤੇ ਹਮੇਸ਼ਾ ਰਹਿਣਗੇ।

ਓਪਣੇ ਵਲੋਂ ਭਵਿੱਖ 'ਚ ਚੋਣਾਂ ਲੜਨ ਬਾਰੇ ਉਨ੍ਹਾਂ ਗੋਲਮੋਲ ਜਵਾਬ ਦਿੰਦਿਆਂ ਕੁਮਾਰ ਨੇ ਕਿਹਾ ਕਿ ਚੋਣਾਂ ਰਾਜਨੀਤੀ ਦਾ ਹਿੱਸਾ ਹਨ। ਫਿਲਹਾਲ ਉਹ ਚੋਣਾਂ ਵਿੱਚ ਹਿੱਸਾ ਨਹੀਂ ਲੈ ਰਹੇ ਪਰ ਉਨ੍ਹਾਂ ਭਵਿੱਖ ਵਿੱਚ ਚੋਣਾਂ ਲੜਨ ਬਾਰੇ ਸਪੱਸ਼ਟ ਜਵਾਬ ਨਹੀਂ ਦਿੱਤਾ। ਰਾਖਵਾਂਕਰਨ ਬਾਰੇ ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਬਹਿਸ ਹੋਣੀ ਚਾਹੀਦੀ ਹੈ। ਅਧੂਰੀ ਅਤੇ ਗਲਤ ਜਾਣਕਾਰੀ ਨੂੰ ਪ੍ਰਚਾਰਿਆ ਜਾ ਰਿਹਾ ਹੈ।

ਕਨ੍ਹੱਈਆ ਕੁਮਾਰ ਨੇ ਨੋਟੰਬਦੀ ਅਤੇ ਜੀਐੱਸਟੀ ਨੂੰ ਵੱਡੇ ਉਦਯੋਗਪਤੀਆਂ ਦੇ ਹੱਕ ਵਿੱਚ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਵੱਡੇ ਉਦਯੋਗਪਤੀਆਂ ਦੇ ਫਾਇਦੇ ਵਾਸਤੇ ਮੋਦੀ ਸਰਕਾਰ ਨੇ ਇਹ ਦੋ ਨੀਤੀਆਂ ਘੜੀਆਂ। ਇਨ੍ਹਾਂ ਨਾਲ ਵੱਡੇ ਉਦਯੋਗਪਤੀਆਂ ਨੇ ਛੋਟੇ-ਛੋਟੇ ਉਦਯੋਗਾਂ ਅਤੇ ਹੋਰਾਂ ਨੂੰ ਨਿਗਲ ਲਿਆ। ਮੋਦੀ ਸਰਕਾਰ ਨੇ ਇਸ ਵਿੱਚ ਉਦਯੋਗਪਤੀਆਂ ਦੀ ਮਦਦ ਕੀਤੀ।

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ
'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

ACURA
AutoNation Acura
Stevens Creek
4747 Stevens Creek Bl.
Santa Clara, CA 95051
ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।
ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।
ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।

Rashpal Singh Aulakh
Sales Manager
AutoNation Acura Stevens Creek
Santa Clara, CA 95051
ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ

Pardeep S. Grewal
Attorney At Law
Bankruptcy
☞ Chapter 7 & 13 Bankruptcy
☞ Protect Your Assets- Home, Etc..
☞ Start Fresh- Clear
Family Law • Divorce
Immigration Law
☞ Deportation Cases- BIA Appeals
☞ Ninth Circuit Appeals
☞ Adjustment of Status (Green Card)
☞ Visa Petitions, NVC
ਇਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜ਼ਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

## ਜ਼ਮੀਨੀ ਵਿਵਾਦ ਕਾਰਨ ਪਰਵਾਸੀ ਭਾਰਤੀ ਦਾ ਕਤਲ

**ਅਬੋਹਰ/ਬਿਊਰੋ ਨਿਊਜ਼ :** ਪਿੰਡ ਬੱਲੂਆਣਾ ਨੇੜੇ ਢਾਣੀ ਠਾਕੁਰ ਸਿੰਘ ਵਿੱਚ ਕੁੱਝ ਕਾਰ ਸਵਾਰਾਂ ਨੇ ਪਰਵਾਸੀ ਭਾਰਤੀ (ਕੈਨੇਡਾ) ਬਲਕਰਨ ਸਿੰਘ ਭੁੱਲਰ (57 ਸਾਲ) ਨੂੰ ਉਨ੍ਹਾਂ ਦੇ ਫਾਰਮਹਾਊਸ ਬਾਹਰ ਗੋਲੀਆਂ ਮਾਰ ਕੇ ਮਾਰ ਦਿੱਤਾ। ਮੁੱਢਲੀ ਜਾਂਚ ਵਿੱਚ



ਪਤਾ ਚੱਲਿਆ ਕਿ ਘੱਟੋ ਘੱਟ ਚਾਰ ਹਮਲਾਵਰ ਸਨ, ਜਿਨ੍ਹਾਂ ਵਿਚੋਂ ਇਕ ਨੇ ਦਸਤਾਰ ਬੰਨ੍ਹੀ ਹੋਈ ਸੀ ਅਤੇ ਉਨ੍ਹਾਂ 12 ਤੇ 315 ਬੋਰ ਦੇ ਰਾਈਫਲਾਂ ਨਾਲ ਸੱਤ ਗੋਲੀਆਂ ਚਲਾਈਆਂ। ਸੂਚਨਾ ਮਿਲਣ ਤੋਂ ਕੁੱਝ ਮਿੰਟਾਂ ਵਿੱਚ ਹੀ ਪੁਲੀਸ ਮੌਕੇ ਉਤੇ ਪੁੱਜ ਗਈ। ਬਲਕਰਨ ਦੇ ਛੋਟੇ ਭਰਾ ਬਲਜੀਤ ਸਿੰਘ ਨੇ ਦੱਸਿਆ ਕਿ ਜਦੋਂ ਹਮਲਾ ਹੋਇਆ ਤਾਂ ਉਹ ਫਾਰਮਹਾਊਸ ਵੱਲ ਆ ਰਿਹਾ ਸੀ। ਹਮਲਾਵਰ ਭੱਜਣ ਤੋਂ ਪਹਿਲਾਂ ਉਸ ਦਾ 32 ਬੋਰ ਦਾ ਲਾਇਸੈਂਸੀ ਪਿਸਤੌਲ ਵੀ ਲੈ ਗਏ। ਪੁਲੀਸ ਨੇ ਕੇਸ ਦਰਜ ਕਰ ਲਿਆ ਹੈ।

ਪਿੰਡ ਪੱਕੀ ਟੱਬੀ ਦੇ ਮੂਲ ਵਾਸੀ ਤੇ ਹੁਣ ਸੁੰਦਰ ਨਗਰੀ ਵਿੱਚ ਰਹਿੰਦੇ ਬਲਜੀਤ ਨੇ ਕਤਲ ਦਾ ਦੋਸ਼ ਸੂਰਜ ਨਗਰੀ ਦੇ ਸਮਰਬੀਰ ਸਿੰਘ ਸੈਮੀ ਤੇ ਉਸ ਦੇ ਭਰਾ ਕੁਲਬੀਰ ਸਿੰਘ, ਗੁਰਨੇਕ ਸਿੰਘ ਤੇ ਗੁਰਸ਼ੇਤਰ ਸਿੰਘ ਵਾਸੀ ਅਜ਼ੀਮਗੜ੍ਹ ਅਤੇ ਪੰਜ-ਛੇ ਅਣਪਛਾਤੇ ਵਿਅਕਤੀਆਂ ਉਤੇ ਲਾਇਆ। ਉਸ ਨੇ ਦਾਅਵਾ ਕੀਤਾ ਕਿ ਬਲਕਰਨ ਸਿੰਘ ਨਾਲ ਚਲਦਾ ਜਾਇਦਾਦ ਦਾ ਕੇਸ ਸਮਰਬੀਰ ਸਿੰਘ ਹਾਰ ਗਿਆ ਸੀ। ਇਸ ਦਾ ਬਦਲਾ ਲੈਣ ਲਈ ਉਸ ਨੇ ਕਤਲ ਦੀ ਯੋਜਨਾ ਬਣਾਈ। ਐਸਐਸਪੀ ਡਾ. ਕੇਤਨ ਬਲੀਰਾਮ ਪਾਟਿਲ, ਐਸਪੀ ਮੁਖ਼ਤਿਆਰ ਸਿੰਘ ਤੇ ਅਮਰਜੀਤ ਸਿੰਘ ਮਤਵਾਨੀ ਨੇ ਮੌਕਾ-ਏ-ਵਾਰਦਾਤ ਦਾ ਦੌਰਾ ਕੀਤਾ। ਪੁਲੀਸ ਨੇ ਮੌਕੇ ਤੋਂ ਗੋਲੀਆਂ ਦੇ ਖੋਲ੍ਹ ਵੀ ਇਕੱਤਰ ਕੀਤੇ। ਮ੍ਰਿਤਕ ਵੱਲੋਂ ਵਰਤੇ ਫੋਨ ਦੀ ਕਾਲ ਡਿਟੇਲ ਦੀ ਵੀ ਘੋਖ ਕੀਤੀ ਜਾ ਰਹੀ ਹੈ। ਲਾਸ਼ ਨੂੰ ਪੋਸਟ ਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਗਿਆ।

## ਆਸਟ੍ਰੇਲਿਆਈ ਜੋੜੇ ਦੇ ਪੈਸੇ ਖੁਰਦ ਬੁਰਦ ਕਰਨ ਦੇ ਦੋਸ਼ ਹੇਠ 6 ਪੰਜਾਬੀਆਂ ਨੂੰ ਸਜ਼ਾ

**ਸਿਡਨੀ/ਬਿਊਰੋ ਨਿਊਜ਼ :** ਇੱਥੇ ਸੁਪਰੀਮ ਕੋਰਟ ਨੇ ਇੱਕ ਫ਼ੈਸਲੇ ਰਾਹੀਂ ਅੱਧੀ ਦਰਜਨ ਪੰਜਾਬੀਆਂ ਨੂੰ ਕਰਜ਼ੇ ਦੀ ਦੇਣਦਾਰੀ ਲਈ ਜ਼ਿੰਮੇਵਾਰ ਠਹਿਰਾਇਆ ਹੈ। ਇਨ੍ਹਾਂ ਵਿੱਚ ਬਲੈਕ ਟਾਊਨ ਕੌਂਸਲ ਦੇ ਕੌਂਸਲਰ ਅਤੇ 'ਜਸਟਿਸ ਆਫ਼ ਪੀਸ' ਡਾ. ਮੋਨਿੰਦਰਜੀਤ ਸਿੰਘ ਵੀ ਸ਼ਾਮਲ ਹਨ। ਡਾ. ਮੋਨਿੰਦਰਜੀਤ ਸਿੰਘ ਸਮੇਤ ਕੁਲਵੰਤ ਸਿੰਘ, ਮਨਧੀਰ ਸਿੰਘ ਸੰਧਾ, ਹਰਜੀਤ ਸਿੰਘ ਸਿੱਧੂ, ਸੁਖਦੇਵ ਸਿੰਘ ਧਾਲੀਵਾਲ ਤੇ ਗੁਰਮੀਤ ਸਿੰਘ ਬਰਾੜ ਉੱਤੇ ਆਸਟ੍ਰੇਲਿਆਈ ਪਤੀ-ਪਤਨੀ ਦਾ ਧਨ ਖੁਰਦ-ਬੁਰਦ ਕਰਨ ਦਾ ਦੋਸ਼ ਲੱਗਾ ਹੈ।

ਨਿਊ ਸਾਊਥ ਵੇਲਜ਼ ਦੀ ਅਦਾਲਤ ਨੇ ਪੀੜਤ ਧਿਰ ਨੂੰ ਮੂਲ ਰਕਮ 2 ਲੱਖ 30 ਹਜ਼ਾਰ ਅਤੇ ਵਿਆਜ 1 ਲੱਖ 28330 ਆਸਟ੍ਰੇਲਿਆਈ ਡਾਲਰ ਪਿਛਲੇ ਸਾਲ 21 ਜੂਨ ਤੋਂ ਦੇਣ ਲਈ ਕਿਹਾ ਸੀ ਜਦਕਿ ਸੁਪਰੀਮ ਕੋਰਟ



ਕੌਂਸਲਰ ਤੇ 'ਜਸਟਿਸ ਆਫ਼ ਪੀਸ' ਡਾ. ਮੋਨਿੰਦਰਜੀਤ ਸਿੰਘ।

ਨੇ ਜ਼ਿਲ੍ਹਾ ਅਦਾਲਤ ਦਾ ਫ਼ੈਸਲਾ ਬਹਾਲ ਰੱਖਿਆ ਹੈ। ਰਕਮ ਦੀ ਦੇਰੀ ਹੋਣ 'ਤੇ ਰੋਜ਼ਾਨਾ 75 ਡਾਲਰ ਪ੍ਰਤੀ ਦਿਨ ਹੋਰ ਵਿਆਜ ਦੇਣ ਦਾ ਹੁਕਮ ਦਿੱਤਾ ਗਿਆ ਹੈ। ਪੀੜਤਾਂ ਨੇ ਨਿਊ ਰਿਜ ਪ੍ਰਾਈਵੇਟ ਲਿਮਟਿਡ ਕੰਪਨੀ ਵਿੱਚ ਸਤੰਬਰ 2006 ਨੂੰ ਨਿਵੇਸ਼ ਕੀਤਾ ਸੀ। ਕੰਪਨੀ ਨੇ 3,00,000 ਡਾਲਰ ਨੂੰ 12 ਫ਼ੀਸਦੀ ਸਾਲਾਨਾ ਦੀ ਦਰ ਨਾਲ ਵਿਆਜ ਦੇਣ ਲਈ ਸਹਿਮਤੀ ਦਿੱਤੀ ਸੀ। ਅਦਾਲਤੀ ਕਾਰਵਾਈ ਵਿੱਚ ਸਾਹਮਣੇ ਆਇਆ ਕਿ ਕੰਪਨੀ ਦੇ ਛੇ ਡਾਇਰੈਕਟਰਾਂ ਵਿੱਚੋਂ ਕੁਲਵੰਤ ਦੀਵਾਲੀਆ ਹੋ ਚੁੱਕਾ ਸੀ। ਡਾ. ਮੋਨਿੰਦਰਜੀਤ ਸਿੰਘ, ਹਰਜੀਤ ਤੇ ਮਨਧੀਰ ਨੇ ਨਿਵੇਸ਼ਕ ਨੂੰ ਲਿਖਤੀ ਗਾਰੰਟੀ ਵੀ ਦਿੱਤੀ ਸੀ। ਅਦਾਲਤ ਨੇ ਕਿਹਾ ਕਿ ਗਾਰੰਟਰਾਂ ਨੇ ਨਿਵੇਸ਼ਕ ਦੇ ਹਿੱਤ ਅਣਗੌਲੇ ਕਰ ਕੇ ਘੋਖ ਨਹੀਂ ਕੀਤੀ। ਇਹ ਸਾਰੇ ਅਦਾਲਤ ਵਿੱਚ ਆਪਣੀ ਸਫ਼ਾਈ ਪੇਸ਼ ਨਹੀਂ ਕਰ ਸਕੇ। ਅਦਾਲਤ ਸਾਹਮਣੇ ਇਹ ਗੱਲ ਵੀ ਆਈ ਕਿ ਇਨ੍ਹਾਂ ਵਿੱਚੋਂ ਹੀ ਕੁਝ ਨੇ ਐਮ ਐਸ ਸ਼ਾਹ ਪ੍ਰਾਪਰਟੀ ਗਰੁੱਪ ਅਤੇ ਯੂਨਾਈਟਿਡ ਰੀਅਲ ਅਸਟੇਟ ਕੰਪਨੀ ਬਣਾਈ ਸੀ।

## ਬਰਤਾਨਵੀ ਸੰਸਦ 'ਚ ਜਲ੍ਹਿਆਂਵਾਲਾ ਕਾਂਡ ਬਾਰੇ ਮੁਆਫ਼ੀ ਮੰਗਣ ਲਈ ਮਤਾ ਪੇਸ਼

**ਲੰਡਨ/ਬਿਊਰੋ ਨਿਊਜ਼ :** ਭਾਰਤੀ ਮੂਲ ਦੇ ਇਕ ਸਭ ਤੋਂ ਸੀਨੀਅਰ ਬਰਤਾਨਵੀ ਐਮਪੀ ਵੀਰੇਂਦਰ ਸ਼ਰਮਾ ਨੇ ਬਰਤਾਨਵੀ ਹਕੂਮਤ ਵੱਲੋਂ 1919 ਦੇ ਜਲ੍ਹਿਆਂਵਾਲਾ ਕਾਂਡ ਲਈ ਮੁਆਫ਼ੀ ਮੰਗੇ ਜਾਣ ਸਬੰਧੀ ਇਕ ਮਤਾ ਮੁਲਕ ਦੀ ਸੰਸਦ ਵਿੱਚ ਵਿੱਚ ਪੇਸ਼ ਕੀਤਾ ਹੈ। ਇਸ ਵਿੱਚ ਪ੍ਰਧਾਨ ਮੰਤਰੀ ਥੈਰੇਜ਼ਾ ਮੇਅ ਉਤੇ ਇਸ ਕਾਂਡ ਲਈ ਮੁਆਫ਼ੀ ਮੰਗਣ 'ਤੇ ਜ਼ੋਰ ਦਿੱਤਾ ਗਿਆ ਹੈ।

ਈਲਿੰਗ ਸਾਊਥਾਲ ਤੋਂ ਲੇਬਰ ਪਾਰਟੀ ਦੇ ਐਮਪੀ ਸ੍ਰੀ ਸ਼ਰਮਾ ਨੇ ਇਹ ਅਰਲੀ ਡੇਅ ਮੋਸ਼ਨ ਇਸੇ ਹਫ਼ਤੇ ਪੇਸ਼ ਕੀਤਾ, ਜਿਸ ਉਤੇ ਪੰਜ ਹੋਰ ਸੰਸਦ ਮੈਂਬਰਾਂ ਦੇ ਵੀ ਦਸਤਖ਼ਤ ਹਨ। ਇਹ ਕਤਲੇਆਮ 1919 ਦੀ ਵਿਸਾਖੀ ਮੌਕੇ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ਼ ਵਿੱਚ ਵਾਪਰਿਆ ਸੀ, ਜਦੋਂ ਉਥੇ ਆਜ਼ਾਦੀ ਪੱਖੀ ਮੁਜ਼ਾਹਰਾ ਕਰ ਰਹੇ ਸੈਂਕੜੇ ਲੋਕਾਂ ਨੂੰ ਕਰਨਲ ਡਾਇਰ ਦੀ ਅਗਵਾਈ ਹੇਠਲੀ ਫ਼ੌਜੀ ਟੁਕੜੀ ਨੇ ਗੋਲੀਆਂ ਨਾਲ ਭੁੰਨ ਸੁੱਟਿਆ ਸੀ। ਮਤੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮੁਲਕ ਦੇ ਸਾਬਕਾ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਆਪਣੀ ਭਾਰਤ ਫੇਰੀ ਦੌਰਾਨ ਇਸ ਕਤਲੇਆਮ ਨੂੰ 'ਸ਼ਰਮਨਾਕ ਕਾਰਵਾਈ' ਕਰਾਰ ਦਿੱਤਾ ਸੀ।

ਮਤੇ ਵਿੱਚ ਕਿਹਾ ਗਿਆ ਹੈ ਕਿ ਹੁਣ ਜਦੋਂ ਇਸ ਕਾਂਡ ਦੀ ਪਹਿਲੀ ਸਦੀ ਕਰੀਬ ਆ ਰਹੀ ਹੈ, ਤਾਂ ਇਸ ਨੂੰ ਚੇਤੇ ਕੀਤਾ ਜਾਣਾ ਚੰਗਾ ਰਹੇਗਾ। ਇਸ ਵਿੱਚ ਬਰਤਾਨਵੀ ਸਰਕਾਰ ਨੂੰ ਇਹ ਯਕੀਨੀ ਬਣਾਉਣ ਦਾ ਸੱਦਾ ਦਿੱਤਾ ਗਿਆ ਹੈ ਕਿ 'ਬਰਤਾਨਵੀ ਬੱਚਿਆਂ ਨੂੰ ਇਸ ਸ਼ਰਮਨਾਕ ਦੌਰ ਬਾਰੇ ਪੜ੍ਹਾਇਆ ਜਾਵੇ ਅਤੇ ਕਿ ਮੌਜੂਦਾ ਬਰਤਾਨਵੀ ਕਦਰਾਂ-ਕੀਮਤਾਂ ਪੁਰਅਮਨ ਰੋਸ ਮੁਜ਼ਾਹਰੇ ਦੇ ਹੱਕ ਦਾ ਸਵਾਗਤ' ਕਰਦੀਆਂ ਹਨ। ਇਸ ਵਿੱਚ ਜ਼ੋਰ ਦਿੱਤਾ ਗਿਆ ਹੈ ਕਿ ਸਰਕਾਰ ਇਸ ਲਈ ਸੰਸਦ ਵਿੱਚ 'ਰਸਮੀ ਤੌਰ 'ਤੇ ਮੁਆਫ਼ੀ ਮੰਗੇ' ਤੇ ਇਸ ਨੂੰ ਯਾਦ ਕਰਨ ਲਈ ਇਕ ਦਿਨ ਮਿਥਿਆ ਜਾਵੇ।

ਐਮੀ ਵੀਰੇਂਦਰ ਸ਼ਰਮਾ ਨੇ ਮਤੇ ਵਿੱਚ ਕਿਹਾ ਹੈ, "ਇਹ ਭਾਰਤ ਵਿੱਚ ਬਰਤਾਨਵੀ ਇਤਿਹਾਸ ਦੀ ਬੜੀ ਅਹਿਮ ਘਟਨਾ ਸੀ। ਅਨੇਕਾਂ ਲੋਕ ਆਖਦੇ ਹਨ ਕਿ ਇਹ ਅੰਤ ਦੀ ਸ਼ੁਰੂਆਤ ਸੀ। ਇਕ ਅਜਿਹੀ ਘਟਨਾ ਜਿਸ ਨੇ ਆਜ਼ਾਦੀ ਦੀ ਲਹਿਰ ਨੂੰ ਹੁਲਾਰਾ ਦਿੱਤਾ। ਇਸ ਨੂੰ ਲਾਜ਼ਮੀ ਯਾਦ ਕੀਤਾ ਜਾਣਾ ਚਾਹੀਦਾ ਹੈ।"

## ਕਰਮਨ ਕੌਰ ਪਰਹਾਰ ਨੇ ਪੰਜਾਬੀ ਭਾਸ਼ਾ ਵਿਚ ਲਿਆ 4.0 ਗਰੇਡ

**ਸਿਆਟਲ/ਬਿਊਰੋ ਨਿਊਜ਼ :**

ਗੁਰਦੁਆਰਾ ਸਿੰਘ ਸਭਾ ਰੈਨਟਨ, ਵਾਸ਼ਿੰਗਟਨ ਵਲੋਂ ਪੰਜਾਬੀ ਭਾਸ਼ਾ ਵਿਚ (4.0) ਗਰੇਡ ਲੈਣ 'ਤੇ ਕਰਮਨ ਕੌਰ ਪਰਹਾਰ ਨੂੰ ਸਨਮਾਨਿਤ ਕੀਤਾ ਗਿਆ। ਕਰਮਨ ਕੌਰ ਪਰਹਾਰ ਹਾਈਲਾਈਨ ਸਕੂਲ ਡਿਸਟ੍ਰਿਕ ਦੀ ਵਿਦਿਆਰਥਣ ਹੈ ਅਤੇ ਗੁਰਦੁਆਰਾ ਸਿੰਘ ਸਭਾ ਵਿਚ ਚਲ ਰਹੇ ਗੁਰਮਤਿ ਸਕੂਲ ਵਿਚ ਸਮਲਿਨਜੀਤ ਕੌਰ ਤੋਂ ਪੰਜਾਬੀ ਪੜ੍ਹਦੀ ਹੈ। ਵਾਸ਼ਿੰਗਟਨ ਸਟੇਟ ਸਕੂਲਾਂ ਵਿਚ ਪੰਜਾਬੀ ਬਦਲਵਾਂ ਵਿਸ਼ਾ ਹੈ, ਜਿਸ ਵਿਚ ਪੜ੍ਹਾਈ ਕਰਕੇ ਬੱਚਿਆਂ ਨੂੰ ਟੈਸਟ ਦੇਣ 'ਤੇ ਕਰੈਡਿਟ ਮਿਲਦੇ ਹਨ। ਫੁੱਲ ਕਰੇਡਿਟ 4.0 ਹੁੰਦਾ ਹੈ, ਜੋ ਕਿਸੇ ਵਿਰਲੇ ਵਿਦਿਆਰਥੀ ਨੂੰ ਮਿਲਦਾ ਹੈ। ਗੁਰਮਤਿ ਖ਼ਲਾਸਾ ਵਿਚ 250 ਤੋਂ ਵਧ ਬੱਚੇ 32 ਅਧਿਆਪਕ ਤੇ ਹੋਰ ਕਈ ਵਲੰਟੀਅਰ ਸੇਵਾ ਨਿਭਾਅ ਰਹੇ ਹਨ। ਪ੍ਰਿੰਸੀਪਲ ਈਸ਼ਰ ਸਿੰਘ ਗਰਚਾ ਨੇ ਦੱਸਿਆ ਕਿ ਬੱਚਿਆਂ ਨੂੰ ਗੁਰਮੁਖੀ, ਕੀਰਤਨ, ਤੇਤੀ ਸਾਜ਼, ਗੁਰਬਾਣੀ ਸੰਥਿਆ, ਨਿਤਮੇਮ ਤੇ ਗੱਤਕਾ ਕਲਾਸਾਂ 4 ਸਾਲ ਤੋਂ ਵਧ ਉਮਰ ਦੇ ਬੱਚਿਆਂ ਦੀਆਂ ਲਗਾਈਆਂ ਜਾਂਦੀਆਂ ਹਨ।



## ਇਰਾਕ ਵਿਚ ਬੰਦੀ 39 ਭਾਰਤੀ ਨੌਜਵਾਨਾਂ ਦੇ ਪਰਿਵਾਰਾਂ ਦੇ ਡੀਐਨਏ ਨਮੂਨੇ ਲਏ

**ਬਟਾਲਾ/ਬਿਊਰੋ ਨਿਊਜ਼ :** ਇਰਾਕ ਵਿੱਚ ਆਈਐਸਆਈਐਸ ਵੱਲੋਂ 2014 ਤੋਂ ਬੰਦੀ ਬਣਾਏ 39 ਭਾਰਤੀ ਨੌਜਵਾਨਾਂ ਦੇ ਪਰਿਵਾਰਾਂ ਦੇ ਡੀਐਨਏ ਨਮੂਨੇ ਲੈਣ ਲਈ ਵਿਦੇਸ਼ ਮੰਤਰਾਲੇ ਵੱਲੋਂ ਦਿੱਤੇ ਆਦੇਸ਼ਾਂ 'ਤੇ ਬਟਾਲਾ ਨੇੜਲੇ ਤਿੰਨ ਪਿੰਡਾਂ ਵਿੱਚ ਪਰਿਵਾਰਕ ਮੈਂਬਰਾਂ ਦੇ ਨਮੂਨੇ ਲਏ ਗਏ। ਇਹ ਨਮੂਨੇ ਲੈ ਕੇ 23 ਅਕਤੂਬਰ ਨੂੰ ਉੱਚ ਪੱਧਰੀ ਟੀਮ ਇਰਾਕ ਜਾ ਰਹੀ ਹੈ। ਇੱਥੋਂ ਦੇ ਤੇਲੀਆ ਮੁਹੱਲੇ ਦੇ ਨੌਜਵਾਨ ਮਲਕੀਅਤ ਸਿੰਘ ਦੇ ਪਿਤਾ ਸੁਖਦੇਵ ਸਿੰਘ ਤੇ ਮਾਤਾ ਨਿਰਮਲ ਕੌਰ, ਪਿੰਡ ਤਲਵੰਡੀ ਝਿਊਰਾ ਦੇ ਧਰਮਿੰਦਰ ਕੁਮਾਰ ਦੇ ਪਿਤਾ ਰਾਜ ਕੁਮਾਰ ਤੇ ਮਾਂ ਕੰਵਲਜੀਤ ਕੌਰ, ਪਿੰਡ ਰੂਪੋਵਾਲੀ (ਬਟਾਲਾ) ਦੇ ਕੰਵਲਜੀਤ ਸਿੰਘ ਦੇ ਪਿਤਾ ਹਰਭਜਨ ਸਿੰਘ ਤੇ ਮਾਤਾ ਮਹਿੰਦਰ ਕੌਰ ਦੇ ਨਮੂਨੇ ਲਏ ਗਏ। ਬਟਾਲਾ ਦੇ ਬਸ਼ਿੰਦੇ ਰਹੇ ਹਰੀਸ਼ ਕੁਮਾਰ, ਜੋ ਬਾਅਦ ਵਿੱਚ ਅੰਮ੍ਰਿਤਸਰ ਵਸ ਗਿਆ, ਦੇ ਪਰਿਵਾਰ ਦੇ ਨਮੂਨੇ ਵੀ ਲਏ ਗਏ। ਵਿਦੇਸ਼ ਮੰਤਰਾਲੇ ਦੇ ਆਦੇਸ਼ਾਂ 'ਤੇ ਡੀਸੀ ਗੁਰਲਵਲੀਨ ਸਿੰਘ ਸਿੱਧੂ ਨੇ ਸਿਵਲ ਸਰਜਨ ਡਾ. ਰਾਮ ਲਾਲ ਨੂੰ ਡੀਐਨਏ ਨਮੂਨੇ ਲੈਣ ਲਈ ਕਿਹਾ ਸੀ। ਇਸ ਉਤੇ ਬਟਾਲਾ ਦੇ ਐਸਐਮਓ ਡਾ. ਸੰਜੀਵ ਭੱਲਾ ਨੇ ਪੈਥਾਲੋਜਿਸਟ ਡਾ. ਵਿਜੈ ਕੁਮਾਰ, ਲੈਬਾਰਟਰੀ ਤਕਨੀਸ਼ਨ ਮਲਕੀਅਤ ਸਿੰਘ, ਡਿਊਟੀ ਮੈਜਿਸਟਰੇਟ ਤੇ ਨਾਇਬ ਤਹਿਸੀਲਦਾਰ ਵਰਿਆਮ ਸਿੰਘ 'ਤੇ ਆਧਾਰਤ ਟੀਮ ਬਣਾਈ। ਡਾ. ਭੱਲਾ ਨੇ ਦੱਸਿਆ ਕਿ ਤਿੰਨੇ ਪਰਿਵਾਰਾਂ ਦੇ ਮੈਂਬਰਾਂ ਦੇ ਨਮੂਨੇ ਲੈ ਕੇ ਦਿੱਲੀ ਭੇਜ ਦਿੱਤੇ ਹਨ। ਜ਼ਿਕਰਯੋਗ ਹੈ ਕਿ ਇਰਾਕ ਵਿੱਚ 15 ਜੂਨ 2014 ਨੂੰ ਆਈਐਸ ਅਤਿਵਾਦੀਆਂ ਨੇ 40 ਭਾਰਤੀਆਂ ਨੂੰ ਬੰਦੀ ਬਣਾ ਲਿਆ ਸੀ ਪਰ ਇਨ੍ਹਾਂ ਵਿਚੋਂ ਬਟਾਲਾ ਨੇੜਲੇ ਪਿੰਡ ਕਾਲਾ ਅਫਗਾਨਾ ਦਾ ਹਰਜੀਤ ਮਸੀਹ ਬਚ ਨਿਕਲਿਆ ਸੀ। ਇਸ ਦੌਰਾਨ ਉਸ ਦੇ ਪੈਰ ਵਿੱਚ ਗੋਲੀ ਲੱਗੀ ਸੀ। ਉਹ ਅੱਜ ਕੱਲ੍ਹ ਕਾਲਾ ਅਫਗਾਨਾ ਵਿੱਚ ਰਹਿ ਰਿਹਾ ਹੈ। ਜ਼ਿਕਰਯੋਗ ਹੈ ਕਿ ਬਾਕੀ 39 ਭਾਰਤੀਆਂ ਦਾ ਹਾਲੇ ਤੱਕ ਕੋਈ ਪਤਾ ਨਹੀਂ ਲੱਗਿਆ। ਉਧਰ ਪੀੜਤ ਪਰਿਵਾਰ ਆਪਣੇ ਜਵਾਨ ਪੁੱਤਾਂ ਦਾ ਹਾਲੇ ਤੱਕ ਕੋਈ ਪਤਾ ਨਾ ਲੱਗਣ 'ਤੇ ਚਿੰਤਤ ਹਨ। ਧਰਮਿੰਦਰ ਦੀ ਮਾਂ ਕੰਵਲਜੀਤ ਕੌਰ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਸਿਰਫ਼ ਭਰੋਸਾ ਦਿੱਤਾ ਜਾ ਰਿਹਾ ਹੈ।

## ਪੀ.ਸੀ.ਐਸ. ਸ਼ਿਕਾਗੋ ਵਲੋਂ ਕਰਵਾਏ ਭੰਗੜਾ ਮੁਕਾਬਲੇ ਵਿਚ 'ਨੱਚਦੀ ਜਵਾਨੀ ਫੋਕ ਲਵਰਜ਼' ਨੇ ਪਹਿਲਾ ਸਥਾਨ ਹਾਸਲ ਕੀਤਾ










### ਡੈਨਿਸ਼ ਮੂਲ ਦੀ ਅਨੀਤਾ ਲਿਆਚੇ ਨੇ ਪੰਜਾਬੀ ਗੀਤਾਂ ਰਾਹੀਂ ਲਾਈਆਂ ਰੌਣਕਾਂ

**ਸ਼ਿਕਾਗੋ/ਬਿਊਰੋ ਨਿਊਜ਼ :** ਪੀ.ਸੀ.ਐਸ. ਸ਼ਿਕਾਗੋ ਵਲੋਂ ਬੀਤੇ ਦਿਨੀਂ ਮੀਡੌਜ਼ ਕਲੱਬ, ਇਲੀਨੋਇ ਵਿਖੇ ਭੰਗੜੇ ਤੇ ਗਿੱਧੇ ਦੇ ਮੁਕਾਬਲੇ ਕਰਵਾਏ ਗਏ ਜਿਸ ਵਿਚ ਅਮਰੀਕਾ ਤੇ ਕੈਨੇਡਾ ਦੀਆਂ ਟੀਮਾਂ ਨੇ ਹਿੱਸਾ ਲਿਆ। ਇਸ ਵਿਚ ਟੋਰਾਂਟੋ (ਕੈਨੇਡਾ) ਤੋਂ ਭੰਗੜਾ ਟੀਮ 'ਨੱਚਦੀ ਜਵਾਨੀ ਫੋਕ ਲਵਰਜ਼' ਨੇ ਪਹਿਲਾ ਇਨਾਮ ਜਿੱਤਿਆ। 10 ਤੋਂ 17 ਸਾਲ ਦੇ ਮੁੰਡਿਆਂ ਨੇ ਧਮਾਲਾਂ ਪਾਈਆਂ ਤੇ 3100 ਡਾਲਰ ਦਾ ਨਕਦ ਇਨਾਮ ਜਿੱਤਿਆ। ਦੂਜਾ ਇਨਾਮ ਮਿਸ਼ੀਗਨ ਦੀ ਟੀਮ 'ਰਾਖੇ ਵਿਰਸੇ ਦੇ' ਦੀ ਝੋਲੀ ਪਿਆ ਤੇ ਟੀਮ ਨੂੰ 2100 ਡਾਲਰ ਦਾ ਨਕਦ ਇਨਾਮ ਦਿੱਤਾ ਗਿਆ।

ਪ੍ਰੋਗਰਾਮ ਦੇ ਗਰੈਂਡ ਸਪਾਂਸਰ ਡਾ. ਭੁਪਿੰਦਰ ਸਿੰਘ ਸੈਣੀ (ਐਡਵਾਂਸ ਪੇਨ ਮੈਨੇਜਮੈਂਟ, ਮਿਲਵਾਕੀ) ਸਨ ਜਦਕਿ ਡਾ. ਨਰਿੰਦਰ ਸਿੰਘ ਗਰੇਵਾਲ, ਮੋਹਿਨਾ ਆਲੂਵਾਲੀਆ, ਪੀ.ਸੀ. ਐਸ. ਚੇਅਰਮੈਨ ਹਰਦਿਆਲ ਸਿੰਘ ਦਿਓਲ ਤੇ ਗੁਰਦੀਪ ਸਿੰਘ ਨੰਦਰਾ ਵਲੋਂ ਵੀ ਪ੍ਰੋਗਰਾਮ ਸਪਾਂਸਰ ਕੀਤਾ ਗਿਆ। ਅਨੀਤਾ ਲਿਆਚੇ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ, ਜਿਸ ਨੇ ਪੰਜਾਬੀ ਗੀਤ ਸੁਣਾ ਕੇ ਸਾਰਿਆਂ ਨੂੰ ਨੱਚਣ ਲਾ ਦਿੱਤਾ। ਉਸ ਨੇ 'ਲੱਠੇ ਦੀ ਚਾਦਰ', 'ਹੀਰ' ਤੇ ਸਦਕੇ ਪੰਜਾਬ ਤੋਂ ਗੀਤ ਸੁਣਾਏ। ਅਨੀਤਾ ਲਿਆਚੇ ਗੈਰ-ਏਸ਼ਿਆਈ ਮਹਿਲਾ ਹੈ ਜਿਸ ਨੇ ਪੰਜਾਬੀ ਵਿਚ 'ਹੀਰ ਫਰਾਮ ਡੈਨਮਾਰਕ' ਸੀਡੀ ਰਿਲੀਜ਼ ਕੀਤੀ ਸੀ। ਪੀ.ਸੀ.ਐਸ. ਸ਼ਿਕਾਗੋ ਦੇ ਮੁਖੀ ਸੁਖਮੇਲ ਸਿੰਘ ਅਟਵਾਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਵਾ ਕੇ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨ ਦੇ ਯਤਨ ਕੀਤੇ ਜਾਂਦੇ ਹਨ। ਭੰਗੜਾ ਮੁਕਾਬਲੇ ਦੇ ਜੱਜਾਂ ਵਜੋਂ ਪਰਮਿੰਦਰ ਸਿੰਘ ਵਾਲੀਆ, ਵਿਪਨ ਕੌਰ ਕਲੇਰ, ਅਮ੍ਰਿਤਾ ਕੌਰ ਰੰਧਾਵਾ ਤੇ ਨਵਕਿਰਨ ਕੌਰ ਢਿਲੋਂ ਨੇ ਭੂਮਿਕਾ ਨਿਭਾਈ। ਰਜਿੰਦਰ ਸਿੰਘ ਮਗੋ ਨੇ ਵੀ ਇਸ ਫ਼ੈਸਲੇ ਵਿਚ ਸਹਿਯੋਗ ਦਿੱਤਾ। ਤਰਨਦੀਪ ਸਿੰਘ ਨਾਗਰਾ ਨੇ ਪ੍ਰੋਗਰਾਮ ਦਾ ਸਟੇਜ ਸੰਚਾਲਨ ਕੀਤਾ। ਪ੍ਰੋਗਰਾਮ ਸਪਾਂਸਰ ਕਰਨ ਵਾਲਿਆਂ ਵਿਚ ਲਖਵੀਰ ਸਿੰਘ ਸਹੋਤਾ, ਕੇਵਿਨ ਅਟਵਾਲ, ਬਲਵਿੰਦਰ ਨਿੱਕ ਸਿੰਘ, ਸੁਰਜੀਤ ਸਿੰਘ ਸ਼ੀਰਾ, ਹਰਕੇਵਲ ਸਿੰਘ ਲਾਲੀ, ਜੈਦੇਵ ਸਿੰਘ ਭੱਠਲ, ਜੈਸੀ ਸਹੋਤਾ, ਡਾ. ਗੁਰਦਿਆਲ ਸਿੰਘ ਬਾਸਰਾਂ ਸ਼ਾਮਲ ਸਨ। ਡਾ. ਭੁਪਿੰਦਰ ਸਿੰਘ ਸੈਣੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਿੱਖੀ ਸਿਧਾਂਤਾਂ ਅਨੁਸਾਰ ਸੰਗਤ ਕੇਵਲ ਗੁਰੂ ਦੀ ਹੁੰਦੀ ਹੈ ਨਾ ਕਿ ਕਿਸੇ ਰਾਸ਼ਟਰ ਦੀ: ਦਲ ਖਾਲਸਾ

**ਚੰਡੀਗੜ੍ਹ/ ਸਿੱਖ ਸਿਆਸਤ ਬਿਊਰੋ:** ਦਲ ਖਾਲਸਾ ਨੇ ਰਾਸ਼ਟਰੀ ਸਿੱਖ ਸੰਗਤ ਨੂੰ ਦਿੱਲੀ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ 350 ਵੇਂ ਗੁਰਪੁਰਬ ਨੂੰ ਸਮਰਪਿਤ ਸਰਬ ਧਰਮ ਸੰਮੇਲਣ ਕਰਵਾਉਣ ਲਈ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਰਾਸ਼ਟਰੀ ਸਵੈਮ-ਸੇਵਕ ਸੰਘ ਵਲੋਂ ਸਿੱਖ ਧਰਮ ਅੰਦਰ ਘੁਸਪੈਠ ਕਰਨ ਦੇ ਖਤਰਨਾਕ ਮਨਸੂਬੇ ਨਾਲ ਰਾਸ਼ਟਰੀ ਸਿੱਖ ਸੰਗਤ ਨਾਮੀ ਜਥੇਬੰਦੀ ਬਣਾਈ ਗਈ ਸੀ।



ਪਾਰਟੀ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਰਾਸ਼ਟਰੀ ਸਿੱਖ ਸੰਗਤ ਦਾ ਸਿੱਖ ਮਾਮਲਿਆਂ ਵਿੱਚ ਦਖਲ ਦੇਣ ਦਾ ਕਿਸੇ ਪੱਖ ਤੋਂ ਕੋਈ ਹੱਕ ਨਹੀਂ ਹੈ ਅਤੇ ਨਾ ਹੀ ਕੌਮ ਇਸ ਬੇਤੁੱਕੀ ਅਤੇ ਸ਼ਰਾਰਤਭਰੀ ਦਖਲਅੰਦਾਜੀ ਨੂੰ ਬਰਦਾਸ਼ਤ ਕਰੇਗੀ।ਰਾਸ਼ਟਰੀ ਸਿੱਖ ਸੰਗਤ ਦੇ ਵਜੂਦ ਉਤੇ ਸਵਾਲੀਆ ਚਿੰਨ੍ਹ ਲਾਉਦਿਆਂ ਉਹਨਾਂ ਕਿਹਾ ਕਿ ਸਿੱਖੀ ਸਿਧਾਂਤਾਂ ਅਨੁਸਾਰ ਸੰਗਤ ਕੇਵਲ ਗੁਰੂ ਦੀ ਹੁੰਦੀ ਹੈ ਨਾ ਕਿ ਕਿਸੇ ਰਾਸ਼ਟਰ ਦੀ। ਉਹਨਾਂ ਆਰ ਐਸ ਐਸ ਦੇ ਸਿੱਖ ਅਤੇ ਸਿੱਖੀ-ਵਿਰੋਧੀ ਮਨਸੂਬਿਆਂ ਤੋਂ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਅਜਿਹੇ ਨਾ-ਪਾਕ ਇਰਾਦਿਆਂ ਨੂੰ ਅਸਫਲ ਬਨਾਉਣਾ ਹਰ ਸਿੱਖ ਦਾ ਫਰਜ਼ ਹੈ।

ਉਹਨਾਂ ਸਪੱਸ਼ਟ ਕੀਤਾ ਕਿ ਅਕਾਲ ਤਖਤ ਸਾਹਿਬ ਤੋਂ ਆਰ ਐਸ ਐਸ ਖਿਲਾਫ 2004 ਦਾ ਹੁਕਮਨਾਮਾ ਬਾਦਸਤੂਰ ਕਾਇਮ ਹੈ ਅਤੇ ਜਿਹੜੇ ਸਿੱਖ ਦਿੱਲੀ ਵਿੱਚ ਆਰ ਐਸ ਐਸ ਦੇ ਸੰਮੇਲਨ ਵਿੱਚ ਹਿੱਸਾ ਲੈਣਗੇ ਉਹ ਪੰਥ ਦੇ ਗਦਾਰ ਹੋਣਗੇ। ਉਹਨਾਂ ਕਿਹਾ ਕਿ ਤਖਤ ਪਟਨਾ ਸਾਹਿਬ ਦੇ ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਉਹ ਗਿਆਨੀ ਇਕਬਾਲ ਸਿੰਘ ਨੂੰ ਪੰਥ-ਦੋਖੀਆਂ ਨਾਲ ਸਾਂਝ ਪਾਉਣ ਅਤੇ ਸਟੇਜ ਸਾਂਝੀ ਕਰਨ ਤੋਂ ਵਰਜੇ।

ਪਾਰਟੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਆਰ ਐਸ ਐਸ ਸਾਜ਼ਿਸ਼ੀ ਢੰਗ ਨਾਲ ਸਿੱਖ ਸਿਧਾਂਤਾਂ ਨੂੰ ਤਹਿਸ-ਨਹਿਸ ਕਰਨ ਦੇ ਰਾਹ 'ਤੇ ਤੁਰ ਰਹੀ ਹੈ। ਉਹਨਾਂ ਕਿਹਾ ਕਿ ਸੰਘ ਪਰਿਵਾਰ ਸਿੱਖੀ ਦੀਆਂ ਜੜ੍ਹਾਂ 'ਤੇ ਵਾਰ ਕਰ ਰਿਹਾ ਹੈ। ਉਹਨਾਂ ਅਫਸੋਸ ਜਿਤਾਉਦਿਆਂ ਕਿਹਾ ਕਿ ਸਾਲ 1999 ਤੋਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਭਾਈਵਾਲੀ ਦੀ ਆੜ ਹੇਠ ਆਰ ਐਸ ਐਸ ਨੇ ਪੰਜਾਬ ਅੰਦਰ ਆਪਣੀਆਂ ਜੜ੍ਹਾਂ ਮਜਬੂਤ ਕਰਨੀਆਂ ਸ਼ੁਰੂ ਕੀਤੀਆਂ ਸਨ।

## "ਅਸੀਂ ਆਰਐਸਐਸ ਦੇ 'ਸਿੱਖ ਸੰਮੇਲਨ' ਦੇ ਨਾਮ 'ਤੇ ਰਚੇ ਜਾ ਰਹੇ ਪਾਖੰਡ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹਾਂ"

**ਭਾਈ ਗਜਿੰਦਰ ਸਿੰਘ, ਦਲ ਖ਼ਾਲਸਾ**

ਆਰ ਐਸ ਐਸ ਨੂੰ ਚਾਹੀਦਾ ਤਾਂ ਇਹ ਹੈ ਕਿ ਉਹ ਸਿੱਖ/ ਧਰਮ ਕੌਮ ਦੀ ਵਿਲੱਖਣਤਾ ਨੂੰ ਨੁਕਸਾਨ ਪਹੁੰਚਾਣ ਲਈ ਬਣਾਈ ਰਾਸ਼ਟਰੀ ਸਿੱਖ ਸੰਗਤ' ਨੂੰ ਫੌਰੀ ਡਿਜ਼ਾਲਵ ਕਰ ਦੇਵੇ, ਅਤੇ ਸਿੱਖਾਂ ਦੇ ਮਾਮਲਿਆਂ ਵਿੱਚ ਦਖਲ ਅੰਦਾਜ਼ੀ ਦਾ ਖਿਆਲ ਛੱਡ ਦੇਵੇ। ਸਿੱਖ ਹਿੰਦੂਆਂ ਤੋਂ ਵੱਖਰਾ ਧਰਮ ਹੀ ਨਹੀਂ, 'ਰਾਸ਼ਟਰ' ਦੇ ਅਰਥ ਰੱਖਣ ਵਾਲੀ ਇੱਕ ਵਿਲੱਖਣ ਤੇ ਸੰਪੂਰਨ ਕੌਮ ਹਨ ਅਤੇ ਇੱਕ ਵੱਖਰਾ ਆਜ਼ਾਦ ਦੇਸ਼ ਉਹਨਾਂ ਦਾ ਹੱਕ ਹੈ। ਆਰ ਐਸ ਐਸ ਤੇ ਹੋਰ ਹਿੰਦੂਤੱਵੀ ਤਾਕਤਾਂ ਸਿੱਖਾਂ ਦੀ ਕੌਮੀ ਵਿਲੱਖਣਤਾ ਨੂੰ ਆਪਣੇ ਵਿੱਚ ਜਜ਼ਬ ਕਰ ਲੈਣ ਦੀਆਂ ਜਿੰਨੀਆਂ ਵੀ ਕੋਸ਼ਿਸ਼ਾਂ ਕਰ ਲੈਣ, ਉਹ ਸਿੱਖਾਂ ਵਿੱਚੋਂ ਆਜ਼ਾਦੀ ਤੇ ਆਜ਼ਾਦ ਦੇਸ਼ ਦੇ ਜਜ਼ਬੇ ਨੂੰ ਕਦੇ ਮਾਰ ਨਹੀਂ ਸਕਣਗੀਆਂ। ਬਾਦਲਕੇ ਜਾਂ ਇਹੋ ਜਿਹੇ ਕੁੱਝ ਹੋਰ ਸਿੱਖਾਂ ਦੀ ਹਮਾਇਤ ਹਾਸਿਲ ਕਰ ਕੇ ਉਹ ਸਿੱਖ ਕੌਮ ਨੂੰ ਪੱਕੇ ਤੌਰ 'ਤੇ ਆਪਣੀ ਜੇਬ੍ਹ ਵਿੱਚ ਨਾ ਸਮਝਣ। ਅਸੀਂ ਹਵਾ ਦਾ ਰੁੱਖ ਜਿਸ ਦਿਨ ਫਿਰ ਮੋੜ੍ਹ ਦਿੱਤਾ, ਜੋ ਅਸੀਂ ਯਕੀਨਨ ਮੋੜ੍ਹਨਾ ਹੈ, ਇਹ ਲੋਕ ਤਿਨਕਿਆਂ ਵਾਂਗ ਉਡਦੇ ਲੱਭਣੇ ਵੀ ਨਹੀਂ।



ਆਰ ਐਸ ਐਸ ਵਾਲਿਓ, ਇਕਬਾਲ ਸਿੰਘ' ਤੁਹਾਡੇ ਲਈ ਜੱਥੇਦਾਰ' ਹੋਣੈ, ਸਾਡੇ ਲਈ ਕਿਸੇ ਗਿਣਤੀ ਵਿੱਚ ਵੀ ਨਹੀਂ ਹੈ। ਵਿਰੋਧ ਦਾ ਪਹਿਲਾ ਫਰਜ਼ ਦਿੱਲੀ ਦੀ ਗੁਰਦੁਆਰਾ ਕਮੇਟੀ ਦਾ ਬਣਦਾ ਹੈ। ਪਰ ਲੱਗਦੈ ਉਹ ਹਾਲੇ ਕਿਸੇ ਹੋਰ ਨਸ਼ੇ ਵਿੱਚ ਨੇ, ਜਦੋਂ ਉਹਨਾਂ ਦਾ ਨਸ਼ਾ ਟੁੱਟੇਗਾ, ਉਹਨਾਂ ਨੂੰ ਵੀ ਆਪਣੀ ਗਲਤੀ ਜ਼ਰੂਰ ਮਹਿਸੂਸ ਹੋਵੇਗੀ। ਸਾਡਾ ਇਤਿਹਾਸ ਗਵਾਹ ਹੈ ਕਿ ਅਸੀਂ ਆਖਰੀ ਗੋਲੀ ਤੇ ਆਖਰੀ ਸਿੱਖ ਤੱਕ ਲੜ੍ਹਨ ਵਾਲੇ ਲੋਕ ਹਾਂ। ਅਸੀਂ ਤੁਹਾਡੇ 'ਸਿੱਖ ਸੰਮੇਲਨ' ਦੇ ਨਾਮ 'ਤੇ ਰਚੇ ਜਾ ਰਹੇ ਪਾਖੰਡ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹਾਂ।

# ਸਵੈਮ ਸੇਵਕ ਸੰਘ ਦੀ ਬਰਾਂਚ ਰਾਸ਼ਟਰੀ ਸਿੱਖ ਸੰਗਤ ਦਾ ਦਿੱਲ਼ੀ ਵਿੱਚਲਾ ਡਰਾਮਾ ਪੂਰੀ ਤਰ੍ਹਾਂ ਸਿੱਖ ਵਿਰੋਧੀ : ਅਮੈਰਿਕਨ ਸਿੱਖ ਆਰਗੇਨਾਈਜੇਸ਼ਨ

**ਨਿਊਯਾਰਕ/ਬਿਊਰੋ ਨਿਊਜ਼:**
ਰਾਸ਼ਟਰੀ ਸਵੈਮ ਸੇਵਕ ਸੰਘ ਸਿੱਖਾਂ ਦੀ ਦੁਸ਼ਮਣ ਜਮਾਤ ਹੀ ਨਹੀ ਸਗੋ ਸਿੱਖਾਂ ਅੰਦਰ ਖੜੀ ਕੀਤੀ ਆਪਣੀ ਬਰਾਂਚ ਰਾਸਟਰੀ ਸਿੱਖ ਸੰਗਤ ਰਾਹੀ ਸਿੱਖ ਕੌਮ ਦਾ ਹਿੰਦੂਕਰਨ ਅਤੇ ਭਗਵਾਂਕਰਨ ਕਰਨ ਲਈ ਯਤਨਸ਼ੀਲ ਹੈ, ਜਿਸ ਤੋ ਕੌਮ ਨੂੰ ਜਾਗਣ ਦੀ ਲੋੜ ਹੈ। ਉਪਰੋਕਤ ਬਿਆਨ ਏ ਐਸ ਓ ਦੇ ਅਗੂਆਂ ਭਾਈ ਦਵਿੰਦਰ ਸਿੰਘ, ਭਾਈ ਸਰਬਜੀਤ ਸਿੰਘ ਸਰਬ ਕੈਲੀਫੋਰਨੀਆਂ, ਭਾਈ ਇੰਦਰਜੀਤ ਸਿੰਘ, ਭਾਈ ਗੁਰਦੇਵ ਸਿੰਘ ਸੋਹਲ ਸਿਆਟਲ, ਭਾਈ ਸਤਪ੍ਰਕਾਸ਼ ਸਿੰਘ, ਭਾਈ ਹਰਵਿੰਦਰ ਸਿੰਘ ਨਿਊਯਾਰਕ, ਭਾਈ ਜਸਦੀਪ ਸਿੰਘ ਅਤੇ ਭਾਈ ਅਮਰਦੀਪ ਸਿੰਘ ਅਮਰ ਇੰਡਿਆਨਾ ਨੇ ਸਾਝੇ ਤੌਰ ਤੇ ਜਾਰੀ ਕੀਤਾ। ਉਨ੍ਹਾਂ ਕਿਹਾ ਇਹ ਅਕ੍ਰਿਤਘਣਤੇ ਲੋਕ 1992 ਵਿੱਚ ਦਿੱਲੀ ਵਿੱਚ ਨੌਵੇ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਂ ਤੇ ਬਣੀ ਕਾਲੋਨੀ ਦਾ ਨਾਂ ਬਦਲ ਕੇ ਭਾਜਪਾ ਦੇ ਉਸ ਸਮੇ ਦੇ ਆਗੂ ਦੇ ਨਾਂ ਤੇ ਰੱਖਣਾਂ ਚਾਹੁੰਦੇ ਸਨ, ਜੋ ਦਿੱਲੀ ਦੇ ਸਿੱਖਾਂ ਵਲੋਂ ਵਿਰੋਧ ਕਰਨ ਤੇ ਕਾਮਯਾਬ ਨਹੀ ਹੋ ਸਕੇ, ਉਹ ਲੋਕ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਇੰਨੇ ਸਨੇਹੀ ਕਿਵੇ ਹੋ ਸਕਦੇ ਹਨ? ਇਨ੍ਹਾਂ ਦੀਆਂ ਪੰਥ-ਘਾਤਕ ਨੀਤੀਆਂ ਵਾਰੇ ਸਮੁੱਚੇ ਪੰਥ ਅਤੇ ਇਸ ਉਚੇਚੇ ਪ੍ਰੋਗਰਾਮ ਵਾਰੇ ਦਿੱਲੀ ਦੇ ਸਿੱਖਾਂ ਨੂੰ ਵਿਸ਼ੇਸ਼ ਤੌਰ ਤੇ ਭਾਰੀ ਵਿਰੋਧ ਕਰਨਾ ਚਾਹੀਦੈ। ਉਨ੍ਹਾਂ ਕਿਹਾ ਜੋ ਕੌਮ ਅੰਦਰ ਜੋ ਅਖੌਤੀ ਜਥੇਦਾਰਾਂ ਦੇ ਰੂਪ ਵਿੱਚ ਬੁੱਕਲ ਦੇ ਸੱਪ ਬੈਠੇ ਹਨ ਉਹ ਦੁਸ਼ਮਣ ਤੋ ਵੀ ਜਿਆਦਾ ਘਾਤਕ ਅਤੇ ਖਤਰਨਾਕ ਸਾਬਤ ਹੋ ਰਹੇ ਹਨ। ਪਾਰਟੀ ਆਗੂਆਂ ਨੇ ਕਿਹਾ ਕਿ ਇਨ੍ਹਾਂ ਦੱਲੇ ਅਤੇ ਅਖੌਤੀ ਜਥੇਦਾਰਾਂ ਦੀ ਬਿੱਲੀ ਤਾਂ ਲੰਮੇ ਸਮੇ ਤੋ ਥੈਲਿਓਂ ਬਾਹਰ ਆ ਚੁੱਕੀ ਹੈ ਕਿਉਕਿ ਆਪਣੇ ਕਾਰਜਕਾਲ ਦੀ ਸ਼ੁਰੂਆਤ ਤੋ ਲੈ ਕੇ ਹੁਣ ਤੱਕ ਇਨ੍ਹਾਂ ਦੀਆਂ ਕਾਰਗੁਜਾਰੀਆਂ ਹਮੇਸ਼ਾਂ ਪੰਥ ਵਿਰੋਧੀ ਹੀ ਰਹੀਆਂ ਹਨ। ਜੇਕਰ ਕਿਤੇ ਪੰਥ ਦੇ ਦਬਾਅ ਹੇਠ ਆ ਕੇ ਕੋਈ ਚੰਗਾ ਹੁਕਮ ਜਾਰੀ ਵੀ ਕੀਤਾ ਹੁਣ ਉਸ ਦੀਆਂ ਆਪ ਹੀ ਧੱਜੀਆਂ ਉਡਾ ਰਹੇ ਹਨ। ਉਨ੍ਹਾਂ ਸਿੱਖਾਂ ਨਾਲ ਵੀ ਸ਼ਿਕਵਾ ਜ਼ਾਹਿਰ ਕੀਤਾ ਜੋ ਅਜਿਹੇ ਸੰਦਰਭ ਵਿੱਚ ਅੱਜ ਵੀ ਇਨ੍ਹਾਂ ਨੂੰ ਜਥੇਦਾਰ ਮੰਨਦੇ ਹਨ। ਰਾਸ਼ਟਰੀ ਸਿੱਖ ਸੰਗਤ ਪੰਥ ਦੀ ਦੁਸ਼ਮਣ ਜਮਾਤ ਰਾਸ਼ਟਰੀ ਸਵੈਮ ਸੇਵਕ ਸੰਘ ਲਈ ਕੰਮ ਕਰਦੀ ਹੈ ਇਨ੍ਹਾਂ ਤੋ ਬਚਣ ਦੀ ਲੋੜ ਹੈ, ਖਾਸ਼ ਕਰਕੇ ਪੰਜਾਬ ਇਸ ਨੂੰ ਬੁਰੀ ਤਰ੍ਹਾਂ ਖਦੇੜ ਦਿੱਤਾ ਜਾਵੇ।

ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਬੇਨਤੀ ਕੀਤੀ ਜਿਥੇ ਇਨ੍ਹਾਂ ਸਰਕਾਰੀ ਦੱਲੇ ਅਖੌਤੀ ਜਥੇਦਾਰਾਂ ਨੂੰ ਕੌਮ ਕਿਸੇ ਵੀ ਸਟੇਜ ਬੋਲਣ ਤੇ ਪਾਬੰਦੀ ਲਾਉਣ ਲਈ ਵਚਨਬੱਧ ਹੋਵੇ ਉਥੇ ਪੰਥ ਦੇ ਦੁਸ਼ਮਣਾਂ ਵਲੋਂ ਸਿੱਖਾਂ ਅੰਦਰ ਘੁੱਸਪੈਠ ਕਰਨ ਲਈ ਉਲੀਕੇ ਜਾ ਰਹੇ ਅਜਿਹੇ ਪ੍ਰੋਗਰਾਮਾਂ ਦਾ ਮੁਕੰਮਲ ਰੂਪ ਵਿੱਚ ਬਾਈਕਾਟ ਹੀ ਨਾ ਕਰੇ ਬਲਕਿ ਕੌਮ ਇਨ੍ਹਾਂ ਘਾਤਕ ਪ੍ਰੋਗਰਾਮਾਂ ਦਾ ਜੋਰਦਾਰ ਤਰੀਕੇ ਨਾਲ ਵਿਰੋਧ ਕਰਕੇ ਸਰਬੱਤ ਖਾਲਸਾ ਦੇ ਵੱਡੇ ਇਕੱਠ ਰਾਹੀ ਚੁਣੇ ਗਏ ਸ੍ਰੀ ਅਕਾਲ ਤਖਤ ਸਾਹਿਬ ਦੇ ਅਸਲ ਜਥੇਦਾਰ ਸਿੰਘ ਸਾਹਿਬ ਜਗਤਾਰ ਸਿੰਘ (ਹਵਾਰਾ) ਦੇ ਹੁਕਮਾਂ ਦੀ ਤਾਮੀਲ ਕਰੇ।

## ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਵਲੋਂ ਬੈਂਸ ਖ਼ਿਲਾਫ਼ ਮਾਮਲਾ ਰੱਦ ਕਰਨ ਦੀ ਸਿਫ਼ਾਰਿਸ਼

**ਚੰਡੀਗੜ੍ਹ/ਬਿਊਰੋ ਨਿਊਜ਼ :** ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਅਕਾਲੀ ਸ਼ਾਸਨ ਦੌਰਾਨ ਦਰਜ ਕੀਤੇ ਗਏ ਕੇਸ ਵਿਚ ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਤੋਂ ਵੱਡੀ ਰਾਹਤ ਮਿਲੀ ਹੈ। ਕਮਿਸ਼ਨ ਨੇ ਸਿਆਸੀ ਬਦਲਾਖੋਰੀ ਦਾ ਮਾਮਲਾ ਕਰਾਰ ਦਿੰਦਿਆਂ ਸ੍ਰੀ ਬੈਂਸ ਖ਼ਿਲਾਫ਼ ਦਰਜ ਐਫਆਈਆਰ ਨੂੰ ਰੱਦ ਕਰਨ ਦੀ ਸਿਫ਼ਾਰਿਸ਼ ਕੀਤੀ ਹੈ। ਜਸਟਿਸ ਗਿੱਲ ਅਤੇ ਬੀ ਆਰ ਮਹਿੰਦੀਰੱਤਾ ਕਮਿਸ਼ਨ ਨੂੰ ਕਰੀਬ ਛੇ ਮਹੀਨੇ ਪਹਿਲਾਂ ਅਕਾਲੀ ਸ਼ਾਸਨ ਵੇਲੇ ਦਰਜ ਕੀਤੇ ਗਏ ਝੂਠੇ ਮਾਮਲਿਆਂ ਦੀ ਜਾਂਚ ਕਰਨ ਲਈ ਬਣਾਇਆ ਗਿਆ ਹੈ। ਕਮਿਸ਼ਨ ਨੇ ਕਿਹਾ, "ਇੰਜ ਜਾਪਦਾ ਹੈ ਕਿ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਸ਼ਹਿ 'ਤੇ ਸ੍ਰੀ ਬੈਂਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਤਸੀਹੇ ਦਿੱਤੇ ਗਏ।" ਸ੍ਰੀ ਬੈਂਸ ਅਤੇ ਉਨ੍ਹਾਂ ਵੱਲੋਂ ਪੇਸ਼ ਕੀਤੇ ਗਏ ਦੋ ਗਵਾਹਾਂ ਦੇ ਬਿਆਨਾਂ ਮਗਰੋਂ ਕਮਿਸ਼ਨ ਨੇ ਇਹ ਵਿਚਾਰ ਪ੍ਰਗਟਾਏ।



ਉਨ੍ਹਾਂ ਹੈਰਾਨੀ ਪ੍ਰਗਟਾਈ ਕਿ ਵਿਧਾਇਕ ਹੋਣ ਦੇ ਨਾਲ-ਨਾਲ ਉਹ ਪਾਰਟੀ ਪ੍ਰਧਾਨ ਵੀ ਸਨ ਪਰ ਫਿਰ ਵੀ ਉਨ੍ਹਾਂ ਖ਼ਿਲਾਫ਼ ਸਿਆਸੀ ਕਿੜ ਕੱਢੀ ਗਈ। ਸ੍ਰੀ ਬੈਂਸ ਨੇ ਕਮਿਸ਼ਨ ਨੂੰ ਦੱਸਿਆ ਕਿ ਤਤਕਾਲੀ ਗ੍ਰਹਿ ਮੰਤਰੀ (ਸੁਖਬੀਰ ਬਾਦਲ) ਦੀ ਸ਼ਹਿ 'ਤੇ ਹੀ ਲੁਧਿਆਣਾ ਦੇ ਤਤਕਾਲੀ ਪੁਲੀਸ ਕਮਿਸ਼ਨਰ ਪੀ ਐਸ ਉਮਰਾਨੰਗਲ ਨੇ ਉਨ੍ਹਾਂ ਖ਼ਿਲਾਫ਼ ਧਾਰਾਵਾਂ 186, 332, 353, 188 ਅਤੇ 149 ਤਹਿਤ 21 ਅਕਤੂਬਰ 2015 ਨੂੰ ਮਾਮਲਾ ਦਰਜ ਕੀਤਾ ਸੀ। ਉਸ ਵੇਲੇ ਬੇਅਦਬੀ ਦੀਆਂ ਘਟਨਾਵਾਂ ਮਗਰੋਂ ਉਨ੍ਹਾਂ ਅਤੇ ਵਰਕਰਾਂ ਨੇ ਸੜਕਾਂ 'ਤੇ ਪ੍ਰਦਰਸ਼ਨ ਕੀਤੇ ਸਨ ਅਤੇ ਹਮਾਇਤੀਆਂ ਨੂੰ ਸਪਸ਼ਟ ਤੌਰ 'ਤੇ ਨਿਰਦੇਸ਼ ਦਿੱਤੇ ਗਏ ਸਨ ਕਿ ਕੋਈ ਵੀ ਨਾ ਤਾਂ ਆਵਾਜਾਈ ਠੱਪ ਕਰੇਗਾ ਅਤੇ ਨਾ ਹੀ ਲੋਕਾਂ ਨੂੰ ਪਰੇਸ਼ਾਨ ਕਰੇਗਾ। ਤਤਕਾਲੀ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਉ ਵੀ ਕੀਤਾ ਗਿਆ ਸੀ ਜਿਸ ਮਗਰੋਂ ਉਨ੍ਹਾਂ ਨੂੰ ਚੰਡੀਗੜ੍ਹ ਦੇ ਸੈਕਟਰ 39 ਪੁਲੀਸ ਸਟੇਸ਼ਨ ਵਿਚ ਲਿਜਾਇਆ ਗਿਆ ਅਤੇ ਅੱਧੀ ਰਾਤ ਨੂੰ ਰਿਹਾਅ ਕਰ ਦਿੱਤਾ ਗਿਆ। ਅਗਲੇ ਦਿਨ ਲੁਧਿਆਣਾ ਵਿਚ ਪੁਲੀਸ ਨੇ ਉਸ ਦੀ ਰਿਹਾਇਸ਼ ਨੂੰ ਘੇਰਾ ਪਾ ਲਿਆ ਅਤੇ ਖ਼ਤਰਨਾਕ ਅਪਰਾਧੀਆਂ ਵਾਂਗ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਦਾ ਹੁਕਮ ਤੀਜੀ ਅੰਤਰਿਮ ਰਿਪੋਰਟ ਦਾ ਹਿੱਸਾ ਹੈ ਜਿਸ ਨੂੰ ਅਗਲੇ ਹਫ਼ਤੇ ਸੌਂਪੇ ਜਾਣ ਦੀ ਸੰਭਾਵਨਾ ਹੈ। ਚਾਰ ਹਜ਼ਾਰ ਤੋਂ ਵੱਧ ਸ਼ਿਕਾਇਤਾਂ ਦੀ ਨਜ਼ਰਸਾਨੀ ਕਰ ਰਹੇ ਕਮਿਸ਼ਨ ਨੇ ਅਜੇ ਤਕ ਪੜਤਾਲ ਕੀਤੇ ਗਏ ਕੇਸਾਂ ਵਿਚ 62 ਫ਼ੀਸਦੀ ਮਾਮਲਿਆਂ ਵਿਚ ਝੂਠੇ ਕੇਸ ਦਰਜ ਕਰਨ ਅਤੇ ਸਿਆਸੀ ਬਦਲਾਖੋਰੀ ਦੇ ਮਾਮਲੇ ਪਾਏ ਹਨ।

*ਸਫ਼ਾ ਇਕ ਦੀ ਬਾਕੀ*

## ਸਿੱਖ ਕੌਮ ਦਾ ਆਰ ਐਸ ਐੱਸ ਨੂੰ ਸਪੱਸ਼ਟ ਸੁਨੇਹਾ

ਜਥੇਦਾਰ ਦੇ ਨਿੱਜੀ ਸਹਾਇਕ ਸਤਿੰਦਰਪਾਲ ਸਿੰਘ ਵੱਲੋਂ ਇਸ ਸਬੰਧੀ ਜਾਰੀ ਕੀਤੇ ਬਿਆਨ ਮੁਤਾਬਕ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਜੁਲਾਈ 2004 ਵਿੱਚ ਪੰਜ ਸਿੰਘ ਸਾਹਿਬਾਨ ਵੱਲੋਂ ਜਾਰੀ ਕੀਤਾ ਗਿਆ ਸੰਦੇਸ਼ ਅੱਜ ਵੀ ਬਰਕਰਾਰ ਹੈ। ਇਸ ਵਿਚ ਵਰਤੀ ਗਈ ਸ਼ਬਦਾਵਲੀ ਤੋਂ ਸਪੱਸ਼ਟ ਹੈ ਕਿ ਅਕਾਲ ਤਖ਼ਤ ਵੱਲੋਂ ਸ਼ੱਕੀ ਕਿਰਦਾਰ ਵਾਲੀਆਂ ਕਰਾਰ ਦਿੱਤੀਆਂ ਜਥੇਬੰਦੀਆਂ ਅਤੇ ਵਿਅਕਤੀਆਂ ਨੂੰ ਕਿਸੇ ਵੀ ਤਰ੍ਹਾਂ ਸਿੱਖ ਕੌਮਵੱਲੋਂ ਸਹਿਯੋਗ ਨਹੀਂ ਦਿੱਤਾ ਜਾ ਸਕਦਾ। ਗੁਰੂ ਸਾਹਿਬਾਨ ਨੇ ਸਾਰੀ ਲੋਕਾਈ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਹੈ। ਸਿੱਖ ਧਰਮ ਕਿਸੇ ਵੀ ਦੂਜੇ ਧਰਮ ਦੇ ਧਾਰਮਿਕ ਵਿਸ਼ਵਾਸ, ਮਰਿਆਦਾ ਤੇ ਇਤਿਹਾਸ ਵਿਚ ਦਖ਼ਲਅੰਦਾਜ਼ੀ ਨਹੀਂ ਕਰਦਾ ਅਤੇ ਨਾ ਹੀ ਕਿਸੇ ਧਰਮ ਦੀ ਸਿੱਖ ਧਰਮ ਵਿੱਚ ਦਖ਼ਲਅੰਦਾਜ਼ੀ ਨੂੰ ਬਰਦਾਸ਼ਤ ਕਰਦਾ ਹੈ। ਸਿੱਖ ਇਤਿਹਾਸ ਨੂੰ ਕਿਸੇ ਹੋਰ ਧਰਮ ਵਿੱਚ ਰਲਗੱਡ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਸਿੱਖ ਇਕ ਵੱਖਰੀ ਕੌਮ ਹੈ, ਜਿਸ ਦੀ ਵੱਖਰੀ ਪਛਾਣ ਹੈ ਤੇ ਇਸ ਦਾ ਵਿਲੱਖਣ ਇਤਿਹਾਸ ਹੈ। ਰਾਸ਼ਟਰੀ ਸਿੱਖ ਸੰਗਤ ਦੇ ਇਸ ਸੰਮੇਲਨ ਬਾਰੇ ਉਨ੍ਹਾਂ ਸਪਸ਼ਟ ਕੀਤਾ ਕਿ ਉਹ ਨਾ ਤਾਂ ਇਸ ਸੰਮੇਲਨ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਨਾ ਹੀ ਉਨ੍ਹਾਂ ਦਾ ਇਸ ਨਾਲ ਕੋਈ ਵਾਸਤਾ ਹੈ। ਦੱਸਣਯੋਗ ਹੈ ਕਿ 2004 ਵਿੱਚ ਰਾਸ਼ਟਰੀ ਸਿੱਖ ਸੰਗਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਯਾਤਰਾ ਕਰਾਈ ਗਈ ਸੀ, ਜਿਸ ਦਾ ਸਿੱਖ ਕੌਮ ਵੱਲੋਂ ਵਿਰੋਧ ਕੀਤੇ ਜਾਣ ਮਗਰੋਂ ਪੰਜ ਸਿੰਘ ਸਾਹਿਬਾਨ ਵੱਲੋਂ ਰਾਸ਼ਟਰੀ ਸਿੱਖ ਸੰਗਤ ਨੂੰ ਸਹਿਯੋਗ ਨਾ ਦੇਣ ਦਾ ਆਦੇਸ਼ ਦਿੱਤਾ ਸੀ। ਇਹ ਆਦੇਸ਼ ਜਾਰੀ ਕਰਨ ਵਾਲੇ ਪੰਜ ਸਿੰਘ ਸਾਹਿਬਾਨ ਵਿੱਚ ਉਸ ਵੇਲੇ ਗਿਆਨੀ ਗੁਰਬਚਨ ਸਿੰਘ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵਜੋਂ ਸ਼ਾਮਲ ਸਨ। ਉਸ ਵੇਲੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਸਨ। ਇਸ ਸੰਦੇਸ਼ 'ਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਵੀ ਦਸਤਖ਼ਤ ਕੀਤੇ ਗਏ ਸਨ।

ਰਾਸ਼ਟਰੀ ਸਿੱਖ ਸੰਗਤ ਵੱਲੋਂ ਪ੍ਰਕਾਸ਼ਤ ਸੱਦਾ ਪੱਤਰ ਲਚ ਦਰਜ ਹੈ ਕਿ 25 ਅਕਤੂਬਰ ਨੂੰ ਸ਼ਾਮ ਪੰਜ ਵਜੇ ਹੋਣ ਵਾਲੇ ਇਸ ਸਮਾਗਮ ਦੀ ਪ੍ਰਧਾਨਗੀ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਕਰਨਗੇ। ਸਮਾਗਮ ਦੇ ਮੁੱਖ ਵਕਤਾ ਆਰਐਸਐਸ ਦੇ ਮੁਖੀ ਡਾ. ਮੋਹਨ ਰਾਓ ਭਾਗਵਤ ਹੋਣਗੇ। ਮੁੱਖ ਮਹਿਮਾਨ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਅਤੇ ਨਿਰਮਲ ਅਖਾੜਾ ਹਰਿਦੁਆਰ ਦੇ ਮਹੰਤ ਸੰਤ ਗਿਆਨ ਦੇਵ ਹੋਣਗੇ। ਇਸ ਤੋਂ ਇਲਾਵਾ ਕਈ ਉੱਘੀਆਂ ਸਿੱਖ ਸ਼ਖ਼ਸੀਅਤਾਂ ਦੇ ਨਾਂ ਵੀ ਸ਼ਾਮਲ ਹਨ, ਜਿਨ੍ਹਾਂ ਵਿਚ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ, ਭਾਜਪਾ ਦੇ ਕੌਮੀ ਸਕੱਤਰ ਆਰਪੀ ਸਿੰਘ ਆਦਿ ਸ਼ਾਮਲ ਹਨ। ਇਸ ਸਮਾਗਮ ਵਿੱਚ ਸਿੱਖਾਂ ਦੀ ਸ਼ਮੂਲੀਅਤ 'ਤੇ ਰੋਕ ਲਾਏ ਜਾਣ ਕਾਰਨ ਹੁਣ ਇਸ ਵਿਚ ਹਿੱਸਾ ਲੈਣ ਵਾਲੇ ਸਿੱਖਾਂ ਖ਼ਿਲਾਫ਼ ਕਾਰਵਾਈ ਦਾ ਰਾਹ ਵੀ ਪੱਧਰਾ ਹੋ ਗਿਆ ਹੈ। ਇਸ ਰੋਕ ਕਾਰਨ ਸਿੱਖ ਸ਼ਖ਼ਸੀਅਤਾਂ ਦੀ ਸ਼ਮੂਲੀਅਤ 'ਤੇ ਪ੍ਰਸ਼ਨ ਚਿੰਨ ਲੱਗ ਗਿਆ ਹੈ।

### ਸੰਘ ਨੇ ਕਿਹਾ-ਸਿੱਖੀ ਵੱਖਰਾ ਧਰਮ :

ਜਲੰਧਰ : ਪੰਥਕ ਧਿਰਾਂ ਵੱਲੋਂ ਰਾਸ਼ਟਰੀ ਸਿੱਖ ਸੰਗਤ ਦੇ ਸਮਾਗਮ ਦੇ ਬਾਈਕਾਟ ਦਾ ਸੱਦਾ ਦਿੱਤੇ ਜਾਣ ਦੌਰਾਨ ਆਰਐਸਐਸ ਨੇ ਸਪਸ਼ਟ ਕੀਤਾ ਹੈ ਕਿ ਉਹ ਹਮੇਸ਼ਾ ਸਿੱਖਾਂ ਦੀ ਵੱਖਰੀ ਪਛਾਣ ਤੇ ਸਿੱਖੀ ਨੂੰ ਵੱਖਰੇ ਧਰਮ ਵਜੋਂ ਮੰਨਦੀ ਆ ਰਹੀ ਹੈ। ਸੰਘ ਦੇ ਪ੍ਰਚਾਰ ਪ੍ਰਮੁੱਖ ਰਾਮ ਗੋਪਾਲ ਵੱਲੋਂ ਜਾਰੀ ਪੰਜਾਬ ਪ੍ਰਧਾਨ ਬ੍ਰਿਜਭੂਸ਼ਣ ਸਿੰਘ ਬੇਦੀ ਦੇ ਬਿਆਨ ਮੁਤਾਬਕ ਸੰਘ ਦਾ ਦ੍ਰਿਸ਼ਟੀਕੋਣ ਸਿੱਖਾਂ ਬਾਰੇ ਬੜਾ ਸਪੱਸ਼ਟ ਹੈ। ਸੰਨ 2001 ਵਿਚ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਤਤਕਾਲੀ ਉਪ ਚੇਅਰਮੈਨ ਤਰਲੋਚਨ ਸਿੰਘ ਅਤੇ ਸੰਘ ਦੇ ਤਤਕਾਲੀ ਬੁਲਾਰੇ ਮਾਧਵ ਗੋਬਿੰਦ ਵੈਦਯਾ ਦਰਮਿਆਨ ਮੀਟਿੰਗ ਹੋਈ ਸੀ, ਜਿਸ ਬਾਅਦ ਸੰਘ ਨੇ ਤਰਲੋਚਨ ਸਿੰਘ ਨੂੰ ਲਿਖਤੀ ਰੂਪ ਵਿੱਚ ਦਿੱਤਾ ਸੀ ਕਿ ਸਿੱਖ ਵੀ ਜੈਨ ਤੇ ਬੁੱਧ ਧਰਮ ਵਾਂਗ ਮਾਨਤਾਪ੍ਰਾਪਤ ਧਰਮ ਹੈ।

ਸ੍ਰੀ ਬੇਦੀ ਨੇ ਕਿਹਾ ਕਿ ਸੰਘ ਮੁੜ ਸਪਸ਼ਟ ਕਰ ਰਿਹਾ ਹੈ ਕਿ ਭਾਰਤ ਦੇ ਦੂਜੇ ਧਰਮਾਂ ਵਾਂਗ ਸਿੱਖ ਮਾਨਤਾਪ੍ਰਾਪਤ ਧਰਮ ਹੈ ਅਤੇ ਸੰਘ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰਬਾਣੀ ਪ੍ਰਤੀ ਪੂਰੀ ਸ਼ਰਧਾ ਤੇ ਵਿਸ਼ਵਾਸ ਹੈ। ਸੰਘ ਗੁਰਬਾਣੀ ਦੇ ਦੁਨੀਆਂ ਭਰ ਵਿੱਚ ਪ੍ਰਚਾਰ ਤੇ ਪਾਸਾਰ ਵਿੱਚ ਹਮੇਸ਼ਾ ਸਹਿਯੋਗੀ ਰਿਹਾ ਹੈ। ਇਸ ਲਈ ਸੰਘ ਸਿੱਖ ਗੁਰੂਆਂ ਦੇ ਪ੍ਰਕਾਸ਼ ਉਤਸਵ ਅਤੇ ਸਿੱਖ ਧਰਮ ਨਾਲ ਸਬੰਧਤ ਹੋਰ ਸਾਰੇ ਪੁਰਬ ਤੇ ਤਿਉਹਾਰ ਮਨਾਉਂਦਾ ਆ ਰਿਹਾ ਹੈ। ਗੁਰੂਆਂ ਦੀ ਕੁਰਬਾਨੀ ਅਤੇ ਸਿੱਖਾਂ ਨੇ ਦੇਸ਼, ਧਰਮ ਤੇ ਮਨੁੱਖਤਾ ਲਈ ਜੋ ਕੀਤਾ ਹੈ ਉਸ ਲਈ ਸੰਘ ਉਨ੍ਹਾਂ ਅੱਗੇ ਨਤਮਸਤਕ ਹੈ ਅਤੇ ਰਹੇਗਾ।

ਦੇਸ਼ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 25 ਅਕਤੂਬਰ ਨੂੰ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿੱਚ ਰਾਸ਼ਟਰੀ ਸਿੱਖ ਸੰਗਤ ਵੱਲੋਂ ਮਨਾਏ ਜਾ ਰਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਲਈ ਸੰਦੇਸ਼ ਭੇਜੇ ਹਨ। ਦੇਸ਼ ਦੇ ਦੋਹਾਂ ਵੱਡੇ ਆਗੂਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਦੇਸ਼ ਕੌਮ ਲਈ ਦਿੱਤੀਆਂ ਕੁਰਬਾਨੀਆਂ ਨੂੰ ਲਾਸਾਨੀ ਦਸਿਆ ਹੈ।

### ਦਲ ਖ਼ਾਲਸਾ ਤੇ ਮੁਤਵਾਜ਼ੀ ਜਥੇਦਾਰਾਂ ਵੱਲੋਂ ਸਮਾਗਮ ਦਾ ਵਿਰੋਧ

ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਉਹ ਗਿਆਨੀ ਇਕਬਾਲ ਸਿੰਘ ਨੂੰ 'ਪੰਥ-ਦੋਖੀਆਂ' ਨਾਲ ਸਾਂਝ ਪਾਉਣ ਅਤੇ ਸਟੇਜ ਸਾਂਝੀ ਕਰਨ ਤੋਂ ਰੋਕਣ। ਪਾਰਟੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੋਸ਼ ਲਾਇਆ ਕਿ ਆਰਐਸਐਸ ਸਿੱਖ ਸਿਧਾਂਤਾਂ ਨੂੰ 'ਤਹਿਸ-ਨਹਿਸ' ਕਰਨ ਦਾ ਯਤਨ ਕਰ ਰਹੀ ਹੈ ਤੇ ਅਕਾਲੀ-ਭਾਜਪਾ ਗੱਠਜੋੜ ਆਸਰੇ ਆਰਐਸਐਸ ਨੇ ਪੰਜਾਬ ਵਿਚ ਆਪਣੀਆਂ ਜੜ੍ਹਾਂ ਮਜ਼ਬੂਤ ਕੀਤੀਆਂ ਹਨ।

ਉੱਧਰ ਮੁਤਵਾਜ਼ੀ ਜਥੇਦਾਰਾਂ ਨੇ ਇੱਕ ਸਾਂਝਾ ਬਿਆਨ ਜਾਰੀ ਕਰ ਕੇ ਕਿਹਾ ਕਿ ਕੋਈ ਵੀ ਸਿੱਖ ਉਕਤ ਸਮਾਗਮ ਵਿੱਚ ਸ਼ਮੂਲੀਅਤ ਨਾ ਕਰੇ। ਆਰਐਸਐਸ ਲੰਮੇ ਸਮੇਂ ਤੋਂ ਸਿੱਖੀ ਨੂੰ ਬਿਪਰਵਾਦ ਵਿੱਚ ਮਿਲਾਉਣ ਲਈ ਯਤਨਸ਼ੀਲ ਹੈ ਤੇ ਹੁਣ ਨਰਿੰਦਰ ਮੋਦੀ ਦੇ ਰਾਜ ਵਿੱਚ ਖੁੱਲ੍ਹੇ ਰੂਪ ਵਿੱਚ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇ ਆਰਐਸਐਸ ਨੂੰ ਸਿੱਖਾਂ ਨਾਲ ਕੋਈ ਹੇਜ ਹੁੰਦਾ ਤਾਂ ਮੋਦੀ ਦੇ ਰਾਜ ਵਿੱਚ ਗੁਰਦੁਆਰਾ ਗਿਆਨ ਗੋਦੜੀ ਸਾਹਿਬ (ਮੂਲ ਸਥਾਨ ਹਰਿ ਕੀ ਪਉੜੀ) ਹਰਿਦੁਆਰ ਸਿੱਖ ਪੰਥ ਦੇ ਹਵਾਲੇ ਕਰਦੀ ਤਾਂ ਜੋ ਉੱਥੇ ਗੁਰਦੁਆਰੇ ਦੀ ਉਸਾਰੀ ਹੋ ਸਕਦੀ। ਉਥੇ ਗੁਰੂ ਨਾਨਕ ਪਾਤਸ਼ਾਹ ਨੇ ਹਿੰਦੂ ਧਰਮ ਦੀਆਂ ਰੀਤਾਂ ਦੇ ਉਲਟ ਚੜ੍ਹਦੇ ਦੀ ਥਾਂ ਲਹਿੰਦੇ ਵੱਲ ਪਾਣੀ ਦੇ ਕੇ ਦੁਨੀਆ ਨੂੰ ਨਵੀਂ ਸੇਧ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇਸ ਤੋਂ ਵੱਡੀ ਨਿਖੇਧੀਯੋਗ ਗੱਲ ਕਿਹੜੀ ਹੋ ਸਕਦੀ ਹੈ ਕਿ ਤਖ਼ਤ ਪਟਨਾ ਸਾਹਿਬ ਦਾ ਜਥੇਦਾਰ ਇਕਬਾਲ ਸਿੰਘ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋ ਰਿਹਾ ਹੈ।

# ਮੋਦੀ ਰਾਜ ਦੀ ਮੇਹਰ : ਭਾਜਪਾ ਬਣੀ ਸਭ ਤੋਂ ਅਮੀਰ ਪਾਰਟੀ

***ਭਾਰਤ ਦੀਆਂ ਸਿਆਸੀ ਪਾਰਟੀਆਂ ਲਗਾਤਾਰ ਅਮੀਰ ਹੁੰਦੀਆਂ ਜਾ ਰਹੀਆਂ ਹਨ। 11 ਸਾਲ 'ਚ 700 ਫ਼ੀਸਦੀ ਦੇ ਵਾਧੇ ਨਾਲ ਭਾਜਪਾ ਦੇਸ਼ ਦੀ ਸਭ ਤੋਂ ਅਮੀਰ ਪਾਰਟੀ ਬਣ ਗਈ ਹੈ।***




ਚੰਡੀਗੜ੍ਹ/ਬਿਊਰੋ ਨਿਊਜ਼ : ਏ.ਡੀ.ਆਰ. ਯਾਨੀ ਐਸੋਸੀਏਸ਼ਨ ਆਫ਼ ਡੈਮੋਕ੍ਰੇਟਿਕ ਰਿਫਾਰਮਜ਼ ਨੇ ਇਕ ਰਿਪੋਰਟ ਜਾਰੀ ਕੀਤੀ ਹੈ, ਜਿਸ 'ਚ ਦੱਸਿਆ ਗਿਆ ਹੈ ਕਿ ਸਿਆਸੀ ਪਾਰਟੀਆਂ ਦੇ ਰਿਜ਼ਰਵ ਫੰਡ 'ਚ ਪਿਛਲੇ 11 ਸਾਲਾਂ 'ਚ ਬਹੁਤ ਵਾਧਾ ਹੋਇਆ ਹੈ। ਰਿਜ਼ਰਵ ਫੰਡ ਉਸ ਰਕਮ ਨੂੰ ਕਹਿੰਦੇ ਹਨ, ਜੋ ਕੁਲ ਜਾਇਦਾਦ 'ਚ ਦੇਣਦਾਰੀ ਘਟਾਉਣ ਤੋਂ ਬਾਅਦ ਪਾਰਟੀ ਕੋਲ ਬਚਦੀ ਹੈ।

ਰਿਪੋਰਟ ਮੁਤਾਬਕ ਭਾਜਪਾ ਨੂੰ ਇਹ ਵਾਧਾ 2014-15 ਮਤਲਬ ਪਾਰਟੀ ਦੇ ਸੱਤਾ 'ਚ ਆਉਣ ਤੋਂ ਬਾਅਦ ਹੀ ਮਿਲਣਾ ਸ਼ੁਰੂ ਹੋਇਆ। ਉਸ ਤੋਂ ਪਹਿਲਾਂ ਕਾਂਗਰਸ ਪਹਿਲੇ ਨੰਬਰ 'ਤੇ ਕਾਬਜ਼ ਰਹੀ। ਸਾਰੀਆਂ ਪਾਰਟੀਆਂ ਵੱਲੋਂ ਦੱਸੇ ਕੁੱਲ ਜਾਇਦਾਦ ਦਾ 59 ਫ਼ੀਸਦੀ ਹੋਰ ਜਾਇਦਾਦਾਂ 'ਚ ਵਿਖਾਇਆ ਗਿਆ ਹੈ। ਹੋਰ ਜਾਇਦਾਦ ਮਤਲਬ ਹੋਰ ਸੰਪਤੀ ਉਹ ਹੁੰਦਾ ਹੈ, ਜਿਨ੍ਹਾਂ ਬਾਰੇ ਜਾਣਕਾਰੀ ਦੇਣ ਲਈ ਪਾਰਟੀ ਬੱਝੀਆਂ ਨਹੀਂ ਹੁੰਦੀਆਂ।

ਏ.ਡੀ.ਆਰ. ਦੇ ਨੈਸ਼ਨਲ ਕੋਆਰਡੀਨੇਟਰ ਅਨਿਲ ਵਰਮਾ ਨੇ ਬੀ.ਬੀ.ਸੀ. ਨੂੰ ਗੱਲਬਾਤ 'ਚ ਦਸਿਆ, "ਜੇ ਤੁਸੀਂ ਵੇਖੋ ਤਾਂ ਬਾਕੀ ਸਾਰੇ ਹੈਡਸ 'ਚ ਅਜਿਹਾ ਕੋਈ ਵੱਡਾ ਵਾਧਾ ਨਹੀਂ ਹੋਇਆ ਹੈ, ਪਰ ਅਦਰ ਇਸਟੇਟ 108 ਕਰੋੜ ਤੋਂ 1605 ਕਰੋੜ ਹੋ ਗਿਆ ਹੈ। ਅਦਰ ਇਸਟੇਟ ਦੀ ਜਿਹੜੀ ਡਿਟੇਲ ਹੋਣੀ ਚਾਹੀਦੀ ਹੈ ਕਿ ਅਦਰ ਇਸਟੇਟ 'ਚ ਕੀ ਹੈ, ਉਹ ਜਾਣਕਾਰੀ ਇਨ੍ਹਾਂ ਰਿਪੋਰਟਾਂ 'ਚ ਕਿਸੇ ਨੂੰ ਨਹੀਂ ਮਿਲਦੀ।"

ਇਹ ਸਿਰਫ ਐਲਾਨੀ ਜਾਇਦਾਦ ਦੇ ਅੰਕੜੇ ਹਨ। ਇਸ ਨਾਲ ਕਿਸੇ ਪਾਰਟੀ ਦੀ ਕੁਲ ਜਾਇਦਾਦ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਅਣਪਛਾਤੇ ਸਰੋਤਾਂ ਤੋਂ ਆਉਣ ਵਾਲੇ ਚੰਦੇ ਨਾਲ ਸਬੰਧਤ ਕੋਈ ਜਾਣਕਾਰੀ ਇਸ 'ਚ ਸ਼ਾਮਲ ਨਹੀਂ ਹੈ। ਇਹ ਉਹ ਦਾਨ ਹੈ ਜੋ ਇਕ ਤੈਅ ਰਕਮ ਤੋਂ ਘੱਟ ਹੁੰਦਾ ਹੈ ਅਤੇ ਪਾਰਟੀਆਂ ਲਈ ਇਸ ਨੂੰ ਜ਼ਾਹਰ ਕਰਨ ਦੀ ਮਜਬੂਰੀ ਨਹੀਂ ਹੁੰਦੀ। ਏ.ਡੀ.ਆਰ. ਦੀ ਹੀ ਇਕ ਹੋਰ ਰਿਪੋਰਟ 'ਚ ਦੱਸਿਆ ਗਿਆ ਸੀ ਕਿ ਕਾਂਗਰਸ ਅਤੇ ਭਾਜਪਾ ਦੀ ਕੁਲ ਕਮਾਈ ਦਾ ਲਗਭਗ 77 ਫ਼ੀਸਦੀ ਅਣਪਛਾਤੇ ਸਰੋਤਾਂ ਤੋਂ ਹੀ ਆਉਂਦਾ ਹੈ। ਪਿਛਲੇ ਸਾਲ ਤਕ ਪਾਰਟੀਆਂ ਕੋਲ 20 ਹਜ਼ਾਰ ਰੁਪਏ ਤੋਂ ਘੱਟ ਦੇ ਕਿਸੇ ਵੀ ਦਾਨ ਬਾਰੇ ਜਾਣਕਾਰੀ ਦੇਣ ਦੀ ਲੋੜ ਨਹੀਂ ਸੀ, ਪਰ ਇਸ ਸਾਲ ਬਜਟ 'ਚ ਸਰਕਾਰ ਨੇ ਇਸ ਰਕਮ ਨੂੰ ਘਟਾ ਕੇ ਦੋ ਹਜ਼ਾਰ ਰੁਪਏ ਕਰ ਦਿੱਤਾ ਸੀ। ਸਰਕਾਰ ਮੁਤਾਬਕ ਉਨ੍ਹਾਂ ਨੇ ਇਹ ਕਦਮ ਰਾਜਨੀਤਕ ਚੰਦੇ 'ਚ ਪਾਰਦਰਸ਼ਿਤਾ ਲਿਆਉਣ ਲਈ ਚੁੱਕਿਆ।

ਅਰਥਸ਼ਾਸਤਰ ਪ੍ਰੋਫ਼ੈਸਰ ਅਰੁਣ ਕੁਮਾਰ ਨੂੰ ਨਹੀਂ ਲੱਗਦਾ ਕਿ ਅਜਿਹਾ ਕਰਨ ਨਾਲ ਚੰਦੇ 'ਚ ਪਾਰਦਰਸ਼ਿਤਾ ਵਧੇਗੀ। ਬੀ.ਬੀ.ਸੀ. ਨਾਲ ਗੱਲ ਕਰਦਿਆਂ ਪ੍ਰੋ. ਅਰੁਣ ਕੁਮਾਰ ਨੇ ਕਿਹਾ, "ਪਾਰਦਰਸ਼ਤਾ ਤਾਂ ਕੁੱਲ ਸੰਪਤੀ 'ਤੇ ਲਾਗੂ ਹੋਣੀ ਚਾਹੀਦੀ ਹੈ। ਕੁੱਲ 'ਚ ਤਾਂ ਉਹ ਸਿਰਫ ਇਕ ਹਿੱਸਾ ਐਲਾਨ ਕਰਦੇ ਹਨ ਤਾਂ ਪਾਰਦਰਸ਼ਤਾ ਤਾਂ ਦੂਰ ਦੀ ਗੱਲ ਹੈ। ਮੇਰਾ ਮੰਨਣਾ ਹੈ ਕਿ ਸਿਰਫ ਲਿਮਟ ਬਦਲਣ ਨਾਲ ਨਹੀਂ ਹੋਵੇਗਾ। ਇਹ ਤਾਂ ਜਦੋਂ ਤਕ ਕਿ ਰਾਜਨੀਤਕ ਪਾਰਟੀਆਂ ਸਵੀਕਾਰ ਨਹੀਂ ਕਰਦੀਆਂ, ਸਹਿਮਤੀ ਨਹੀਂ ਬਣਾਉਂਦੀਆਂ ਕਿ ਉਹ ਗਲਤ ਫੈਸਲਾ ਨਹੀਂ ਲੈਣਗੀਆਂ, ਉਦੋਂ ਤਕ ਇਹ ਮਸਲਾ ਹੱਲ ਹੋਣ ਵਾਲਾ ਨਹੀਂ ਹੈ।"

ਭਾਜਪਾ ਕਾਲਾ ਧੰਨ ਖਤਮ ਕਰਨ ਅਤੇ ਪਾਰਟੀਆਂ ਨੂੰ ਮਿਲਣ ਵਾਲੇ ਚੰਦੇ 'ਚ ਪਾਰਦਰਸ਼ਤਾ ਲਿਆਉਣ 'ਤੇ ਜ਼ੋਰ ਦਿੰਦੀ ਰਹੀ ਹੈ। ਇਸ ਰਿਪੋਰਟ ਤੋਂ ਬਾਅਦ ਬੀ.ਬੀ.ਸੀ. ਨੇ ਭਾਜਪਾ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਪਰ ਗੱਲਬਾਤ ਲਈ ਕੋਈ ਉਪਲੱਬਧ ਨਹੀਂ ਹੋ ਸਕਿਆ।

ਬੀ.ਬੀ.ਸੀ. ਤੋਂ ਧੰਨਵਾਦ ਸਹਿਤ

- ਭਾਜਪਾ 2015-16 'ਚ ਦੇਸ਼ ਦੀ ਸਭ ਤੋਂ ਅਮੀਰ ਪਾਰਟੀ ਬਣ ਗਈ।
- 2004-05 ਵਿਚਕਾਰ ਭਾਜਪਾ ਦੀ ਜਾਇਦਾਦ 'ਚ 627 ਫ਼ੀਸਦੀ ਦਾ ਵਾਧਾ ਹੋਇਆ।
- ਭਾਜਪਾ ਨੇ 2004-05 'ਚ ਲਗਭਗ 123 ਕਰੋੜ ਦੀ ਜਾਇਦਾਦ ਦਾ ਪ੍ਰਗਟਾਵਾ ਕੀਤੀ ਸੀ, ਜੋ 2015-16 ਤੱਕ 894 ਕਰੋੜ ਹੋ ਗਈ।
- ਭਾਜਪਾ ਦੀ ਕੁਲ ਦੇਣਦਾਰੀ 24 ਕਰੋੜ ਦੱਸੀ ਗਈ ਹੈ, ਮਤਲਬ ਪਾਰਟੀ ਦੇ ਰਿਜ਼ਰਵ ਫੰਡ 'ਚ ਸਾਲ 2015-16 ਤੱਕ 868 ਕਰੋੜ ਰੁਪਏ ਸਨ।
- ਇਨ੍ਹਾਂ ਸਾਲਾਂ 'ਚ ਕਾਂਗਰਸ ਦੀ ਜਾਇਦਾਦ 167 ਕਰੋੜ ਤੋਂ ਵੱਧ ਕੇ 758 ਕਰੋੜ ਹੋ ਗਈ।
- ਪਰ 329 ਕਰੋੜ ਦੀ ਸਭ ਤੋਂ ਵੱਡੀ ਦੇਣਦਾਰੀ ਕਾਰਨ ਰਿਜ਼ਵਰ ਫੰਡ ਦੇ ਮਾਮਲੇ 'ਚ ਕਾਂਗਰਸ ਪੱਛੜ ਗਈ।
- ਭਾਜਪਾ ਤੋਂ ਬਾਅਦ ਸਭ ਤੋਂ ਵੱਡਾ ਰਿਜ਼ਰਵ ਫ਼ੰਡ ਬਹੁਜਨ ਸਮਾਜ ਪਾਰਟੀ ਕੋਲ ਹੈ, ਜੋ ਇਨ੍ਹਾਂ 11 ਸਾਲਾਂ ਦੌਰਾਨ 43 ਕਰੋੜ ਤੋਂ ਵੱਧ ਕੇ 557 ਕਰੋੜ 'ਤੇ ਪਹੁੰਚ ਗਿਆ।
- ਮਾਰਕਸਵਾਦੀ ਕਮਿਊਨਿਸ਼ਟ ਪਾਰਟੀ ਤੀਜੇ ਨੰਬਰ 'ਤੇ ਹਨ, ਉਸ ਦਾ ਰਿਜ਼ਰਵ ਫੰਡ 432 ਕਰੋੜ ਦੱਸਿਆ ਗਿਆ ਹੈ।

## ਆਰਥਿਕ ਸਥਿਰਤਾ ਲਈ ਜੇਤਲੀ ਵਲੋਂ ਸਰਕਾਰੀ ਬੈਂਕਾਂ ਨੂੰ 2.11 ਲੱਖ ਕਰੋੜ ਰੁਪਏ ਦੀ ਇਮਦਾਦ ਦਾ ਐਲਾਨ

**ਨਵੀਂ ਦਿੱਲੀ/ਬਿਊਰੋ ਨਿਊਜ਼**, ਭਾਰਤ ਕੇਂਦਰ ਸਰਕਾਰ ਨੇ ਨੋਟਬੰਦੀ ਤੇ ਜੀਐੱਸਟੀ ਕਾਰਨ ਡਗਮਗਾ ਰਹੀ ਆਰਥਿਕਤਾ ਦੀ ਮਾਰ ਹੇਠ ਆਏ ਢਾਂਚੇ ਨੂੰ ਪੈਰਾਂਸਿਰ ਕਰਨ ਦੇ ਢਤਨ ਵਜੋਂ ਕਰਜ਼ੇ ਵੱਟੇ ਖ਼ਾਤੇ ਪੈਣ ਦੀ ਸਮੱਸਿਆ ਦਾ ਸ਼ਿਕਾਰ ਜਨਤਕ ਖੇਤਰ ਦੇ ਬੈਂਕਾਂ ਨੂੰ ਅਗਲੇ ਦੋ ਸਾਲਾਂ ਦੌਰਾਨ 2.11 ਲੱਖ ਕਰੋੜ ਰੁਪਏ ਦੀ ਪੂੰਜੀ ਮੁਹੱਈਆ ਕਰਾਉਣ ਦੀ ਯੋਜਨਾ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿੱਚੋਂ 1.35 ਲੱਖ ਕਰੋੜ ਰੁਪਏ ਮੁੜ-ਪੂੰਜੀਕਰਨ ਬਾਂਡਾਂ ਰਾਹੀਂ ਤੇ ਬਾਕੀ 76 ਹਜ਼ਾਰ ਕਰੋੜ ਰੁਪਏ ਬਜਟ ਸਹਾਇਤਾ ਰਾਹੀਂ ਦਿੱਤੇ ਜਾਣਗੇ। ਇਹ ਜਾਣਕਾਰੀ ਮੰਗਲਵਾਰ ਨੂੰ ਇਥੇ ਵਿੱਤੀ ਸੇਵਾਵਾਂ ਵਿਭਾਗ ਦੇ ਸਕੱਤਰ ਰਾਜੀਵ ਕੁਮਾਰ ਨੇ ਦਿੱਤੀ।



ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਅਰੁਣ ਜੇਤਲੀ ਨੇ ਆਖਿਆ ਕਿ ਇਸ ਪੂੰਜੀ ਸਹਾਇਤਾ ਦੇ ਨਾਲ ਵੱਖ-ਵੱਖ ਬੈਂਕਿੰਗ ਸੁਧਾਰ ਵੀ ਲਾਗੂ ਕੀਤੇ ਜਾਣਗੇ, ਜਿਨ੍ਹਾਂ ਦਾ ਐਲਾਨ ਅਗਲੇ ਮਹੀਨਿਆਂ ਦੌਰਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਾਂਡਾਂ ਦੀ ਕਿਸਮ ਤੇ ਇਨ੍ਹਾਂ ਦੇ ਹੋਰ ਵੇਰਵੇ ਵੀ ਛੇਤੀ ਹੀ ਜ਼ਾਹਰ ਕੀਤੇ ਜਾਣਗੇ। ਉਨ੍ਹਾਂ ਆਖਿਆ ਕਿ ਬੈਂਕਾਂ ਨੂੰ 18 ਹਜ਼ਾਰ ਕਰੋੜ ਰੁਪਏ ਇੰਦਰਧਨੁਸ਼ ਯੋਜਨਾ ਰਾਹੀਂ ਦਿੱਤੇ ਜਾਣਗੇ। ਅਰਥਚਾਰੇ ਬਾਰੇ ਗੱਲ ਕਰਦਿਆਂ ਸ੍ਰੀ ਜੇਤਲੀ ਨੇ ਆਖਿਆ ਕਿ ਮਜ਼ਬੂਤ ਬੁਨਿਆਦ ਸਦਕਾ ਭਾਰਤੀ ਅਰਥਚਾਰਾ ਬਹੁਤ ਵਧੀਆ ਸਥਿਤੀ ਵਿੱਚ ਹੈ। ਉਨ੍ਹਾਂ ਕਿਹਾ ਕਿ ਬੀਤੇ ਤਿੰਨ ਸਾਲਾਂ ਦੌਰਾਨ ਭਾਰਤ ਦੁਨੀਆਂ ਦਾ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਅਰਥਚਾਰਾ ਬਣਿਆ ਹੋਇਆ ਹੈ ਅਤੇ ਆਗਾਮੀ ਸਾਲਾਂ ਦੌਰਾਨ ਵੀ ਇਹ ਰਫ਼ਤਾਰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦਾ ਚਾਲੂ ਖ਼ਾਤਾ ਘਾਟਾ ਇਸ ਵਰ੍ਹੇ ਦੋ ਫ਼ੀਸਦੀ ਤੋਂ ਘੱਟ ਰਹੇਗਾ ਅਤੇ ਵਿਦੇਸ਼ੀ ਮੁਦਰਾ ਭੰਡਾਰ 400 ਅਰਬ ਡਾਲਰ ਤੋਂ ਟੱਪ ਗਏ ਹਨ। ਸਰਕਾਰ ਰਾਜਕੋਸ਼ੀ ਘਾਟਾ ਵੀ ਜੀਡੀਪੀ ਦੇ 3.2 ਫ਼ੀਸਦੀ ਤੱਕ ਰੱਖਣ ਲਈ ਵਚਨਬੱਧ ਹੈ ਪਰ ਇਸ ਦੀ ਦਸੰਬਰ ਵਿੱਚ ਸਮੀਖਿਆ ਕੀਤੀ ਜਾਵੇਗੀ।

## ਪੰਜਾਬ 'ਚ ਬਿਜਲੀ ਦਰਾਂ ਦੇ 'ਕਰੰਟ' ਤੋਂ ਲੋਕਾਂ 'ਚ ਭਾਰੀ ਗੁੱਸਾ

### *ਕੈਪਟਨ ਸਰਕਾਰ ਵਲੋਂ ਰਾਹਤ ਦੇਣ ਲਈ ਕਰ ਘਟਾਉਣ 'ਤੇ ਵਿਚਾਰਾਂ*

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਸੂਬੇ ਦੇ ਬਿਜਲੀ ਖ਼ਪਤਕਾਰਾਂ ਨੂੰ ਦਰਾਂ ਵਿੱਚ ਵਾਧੇ ਦੇ ਦਿੱਤੇ 'ਝਟਕੇ' ਤੋਂ ਇਕ ਦਿਨ ਬਾਅਦ ਕਰੀਬ ਸਾਰੇ ਵਰਗਾਂ ਦੇ ਖ਼ਪਤਕਾਰ ਇਸ ਵਾਧੇ ਦਾ ਵਿਰੋਧ ਕਰਦੇ ਨਜ਼ਰ ਆਏ। ਇਨ੍ਹਾਂ ਵਿੱਚ ਘਰੇਲੂ ਤੇ ਵਪਾਰਕ ਖ਼ਪਤਕਾਰਾਂ ਤੋਂ ਇਲਾਵਾ 'ਨਵੇਂ ਰਿਆਇਤੀ' ਸਨਅਤੀ ਖ਼ਪਤਕਾਰ ਵੀ ਸ਼ਾਮਲ ਹਨ। ਗੌਰਤਲਬ ਹੈ ਕਿ ਤਾਜ਼ਾ ਵਾਧੇ ਨਾਲ ਉੱਤਰੀ ਭਾਰਤ ਵਿੱਚ ਦਿੱਲੀ ਤੋਂ ਬਾਅਦ ਪੰਜਾਬ ਦੂਜਾ ਸਭ ਤੋਂ ਮਹਿੰਗੀ ਬਿਜਲੀ ਵਾਲਾ ਸੂਬਾ ਬਣ ਗਿਆ ਹੈ। ਇਸ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬਿਜਲੀ ਵਿਭਾਗ ਨੂੰ ਬਿਜਲੀ 'ਤੇ ਲੱਗਦੇ 13 ਫ਼ੀਸਦੀ ਕਰ ਅਤੇ ਪੰਜ ਫ਼ੀਸਦੀ ਬੁਨਿਆਦੀਢਾਂਚਾ ਸੈੱਸ ਦੀ ਰੈਸ਼ਨੇਲਾਈਜ਼ੇਸ਼ਨ ਲਈ ਆਖਣਾ ਪਿਆ ਹੈ। ਇਨ੍ਹਾਂ ਕਰਾਂ ਵਿੱਚ ਕੁਝ ਕਟੌਤੀ ਕਰ ਕੇ ਖ਼ਪਤਕਾਰਾਂ ਨੂੰ ਪ੍ਰਤੀ ਯੂਨਿਟ 7 ਤੋਂ 13 ਪੈਸੇ ਤੱਕ ਦੀ ਰਾਹਤ ਦਿੱਤੀ ਜਾ ਸਕਦੀ ਹੈ।

ਸੂਤਰਾਂ ਮੁਤਾਬਕ ਇਸ ਮਕਸਦ ਲਈ ਬਿਜਲੀ ਤੇ ਵਿੱਤ ਵਿਭਾਗਾਂ ਦੀ ਇਕ ਹੰਗਾਮੀ ਮੀਟਿੰਗ ਬੁੱਧਵਾਰ ਨੂੰ ਸੱਦੀ ਗਈ ਹੈ, ਤਾਂ ਕਿ ਇਨ੍ਹਾਂ ਕਰਾਂ ਦੀ ਖ਼ਾਸਕਰ ਘਰੇਲੂ ਵਰਗ ਲਈ ਰੈਸ਼ਨੇਲਾਈਜ਼ੇਸ਼ਨ ਦੇ ਤਰੀਕੇ ਤਲਾਸ਼ੇ ਜਾ ਸਕਣ। ਗੌਰਤਲਬ ਹੈ ਕਿ ਤਾਜ਼ਾ ਵਾਧੇ ਨਾਲ ਪੰਜਾਬ ਵਿੱਚ ਬਿਜਲੀ ਦੀਆਂ ਘਰੇਲੂ ਦਰਾਂ ਔਸਤਨ 7.12 ਰੁਪਏ ਫ਼ੀ ਯੂਨਿਟ ਹੋ ਗਈਆਂ ਹਨ। ਹਰਿਆਣਾ ਵਿੱਚ ਇਹ ਦਰ 6.52 ਰੁਪਏ ਤੇ ਹਿਮਾਚਲ ਪ੍ਰਦੇਸ਼ ਵਿੱਚ 4.84 ਰੁਪਏ ਔਸਤ ਹੈ। ਇਹ ਵਾਧਾ ਔਸਤ 10 ਫ਼ੀਸਦੀ ਬਣਦਾ ਹੈ, ਜੋ ਬੀਤੀ ਪਹਿਲੀ ਅਪਰੈਲ ਤੋਂ ਲਾਗੂ ਹੋਵੇਗਾ। ਇਸ ਕਾਰਨ ਘਰੇਲੂ ਖ਼ਪਤਾਕਾਰ ਸਨਅਤੀ ਤੇ ਖੇਤੀ ਬਿਜਲੀ ਸਬਸਿਡੀ ਉਤੇ ਸਵਾਲ ਉਠਾ ਰਹੇ ਹਨ। ਸਨਅਤੀ ਖ਼ਪਤਕਾਰ ਵੀ ਪ੍ਰੇਸ਼ਾਨ ਹਨ, ਜਿਨ੍ਹਾਂ ਨੂੰ ਵਾਧਾ ਪਹਿਲੀ ਅਪਰੈਲ ਤੋਂ ਲਾਗੂ ਹੋਣ ਕਾਰਨ ਲੱਖਾਂ ਰੁਪਏ ਬਕਾਏ ਵਜੋਂ ਅਦਾ ਕਰਨੇ ਪੈਣਗੇ। ਗੌਰਤਲਬ ਹੈ ਕਿ ਪੰਜਾਬ ਵਿੱਚ ਬਿਜਲੀ ਦਰਾਂ 'ਚ ਤਿੰਨ ਸਾਲਾਂ ਬਾਅਦ ਇਹ 9.33 ਫ਼ੀਸਦੀ ਵਾਧਾ ਕੀਤਾ ਗਿਆ ਹੈ।

**'ਸਸਤੀ ਬਿਜਲੀ' ਦਾ ਬਿਆਨ ਲੈਣਾ ਪਿਆ ਵਾਪਸ**

ਵਾਧੇ ਖ਼ਿਲਾਫ਼ ਖ਼ਾਸਕਰ ਸੋਸ਼ਲ ਮੀਡੀਆ 'ਤੇ ਹੋ ਰਹੇ ਸ਼ੋਰ-ਸ਼ਰਾਬੇ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਦਫ਼ਤਰ ਨੇ ਅੱਜ ਇਕ ਬਿਆਨ ਰਾਹੀਂ ਦਾਅਵਾ ਕੀਤਾ ਕਿ ਪੰਜਾਬ ਵਿੱਚ ਬਿਜਲੀ ਹਿਮਾਚਲ ਨੂੰ ਛੱਡ ਕੇ ਹੋਰ ਉੱਤਰੀ ਸੂਬਿਆਂ ਨਾਲੋਂ ਸਸਤੀ ਹੈ। ਬਾਅਦ ਵਿੱਚ ਜਦੋਂ ਸੀਐਮਓ ਨੂੰ ਗ਼ਲਤੀ ਦਾ ਅਹਿਸਾਸ ਹੋਇਆ ਤਾਂ ਇਹ ਬਿਆਨ ਵਾਪਸ ਲੈ ਲਿਆ ਗਿਆ ਤੇ ਨਵਾਂ ਬਿਆਨ ਜਾਰੀ ਕਰ ਕੇ ਕਿਹਾ ਗਿਆ ਕਿ ਪੰਜਾਬ ਵਿੱਚ ਘਰੇਲੂ ਖ਼ਪਤਕਾਰਾਂ ਲਈ ਬਿਜਲੀ ਦੀਆਂ ਆਧਾਰ ਦਰਾਂ ਹਰਿਆਣਾ ਤੇ ਦਿੱਲੀ ਨਾਲੋਂ ਘੱਟ ਹਨ।

## ਸਰਕਾਰ ਨੇ ਕਣਕ ਦਾ ਭਾਅ 110 ਰੁਪਏ ਵਧਾਇਆ

**ਨਵੀਂ ਦਿੱਲੀ/ਬਿਊਰੋ ਨਿਊਜ਼**, ਸਰਕਾਰ ਨੇ ਕਣਕ ਦੇ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਵਿੱਚ 110 ਰੁਪਏ ਫ਼ੀ ਕੁਇੰਟਲ ਵਾਧੇ ਦਾ ਐਲਾਨ ਕੀਤਾ ਹੈ। ਇਸ ਨਾਲ ਹਾੜ੍ਹੀ ਦੀ ਇਸ ਮੁੱਖ ਜਿਣਸ ਦੀ ਕੀਮਤ ਵਧ ਕੇ 1735 ਰੁਪਏ ਕੁਇੰਟਲ ਹੋ ਗਈ ਹੈ। ਇਸੇ ਤਰ੍ਹਾਂ ਦਾਲਾਂ ਦੀਆਂ ਕੀਮਤਾਂ ਵਿੱਚ ਵੀ 400 ਰੁਪਏ ਕੁਇੰਟਲ ਤੱਕ ਦਾ ਇਜ਼ਾਫ਼ਾ ਕੀਤਾ ਗਿਆ ਹੈ। ਕੇਂਦਰੀ ਖੇਤੀਬਾੜੀ ਮੰਤਰੀ ਰਾਧਾ ਮੋਹਨ ਸਿੰਘ ਨੇ ਆਪਣੀਆਂ ਟਵੀਟਾਂ ਰਾਹੀਂ ਇਹ ਜਾਣਕਾਰੀ ਦਿੱਤੀ। ਸਰਕਾਰੀ ਸੂਤਰਾਂ ਨੇ ਕਿਹਾ ਕਿ ਇਹ ਵਾਧਾ ਇਨ੍ਹਾਂ ਫ਼ਸਲਾਂ ਦੀ ਕਾਸ਼ਤ ਨੂੰ ਹੁਲਾਰਾ ਦੇਣ ਅਤੇ ਕੀਮਤਾਂ ਨੂੰ ਕਾਬੂ ਵਿੱਚ ਰੱਖਣ ਲਈ ਕੀਤਾ ਗਿਆ ਹੈ।

ਇਹ ਫ਼ੈਸਲਾ ਮੰਗਲਵਾਰ ਨੂੰ ਇਥੇ ਹੋਈ ਕੇਂਦਰੀ ਵਜ਼ਾਰਤ ਦੀ ਆਰਥਿਕ ਮਾਮਲਿਆਂ ਬਾਰੇ ਕਮੇਟੀ (ਸੀਸੀਈਏ) ਦੀ ਮੀਟਿੰਗ ਵਿੱਚ ਲਿਆ ਗਿਆ। ਮੀਟਿੰਗ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤੀ। ਮੀਟਿੰਗ ਦੌਰਾਨ ਸਾਲ 2017-18 ਲਈ ਹਾੜ੍ਹੀ ਦੀਆਂ ਸਾਰੀਆਂ ਫ਼ਸਲਾਂ ਦੀਆਂ ਕੀਮਤਾਂ 'ਚ ਵਾਧੇ ਨੂੰ ਮਨਜ਼ੂਰੀ ਦਿੱਤੀ ਗਈ। ਗ਼ੌਰਤਲਬ ਹੈ ਕਿ ਐਮਐਸਪੀ ਉਹ ਘੱਟੋ-ਘੱਟ ਕੀਮਤ ਹੁੰਦੀ ਹੈ, ਜਿਸ ਤਹਿਤ ਕੇਂਦਰੀ ਤੇ ਸੂਬਾਈ ਖ਼ਰੀਦ ਏਜੰਸੀਆਂ ਵੱਲੋਂ ਕਿਸਾਨਾਂ ਤੋਂ ਇਨ੍ਹਾਂ ਜਿਣਸਾਂ ਦੀ ਖ਼ਰੀਦ ਕੀਤੀ ਜਾਂਦੀ ਹੈ।

ਜਾਣਕਾਰੀ ਮੁਤਾਬਕ ਸੀਸੀਈਏ ਨੇ ਕਣਕ ਦੇ ਸਮਰਥਨ ਮੁੱਲ ਵਿੱਚ 110 ਰੁਪਏ ਫ਼ੀ ਕੁਇੰਟਲ ਵਾਧੇ ਦੀ ਮਨਜ਼ੂਰੀ ਦਿੱਤੀ ਹੈ, ਜਿਸ ਨਾਲ 2017-18 ਦੇ ਹਾੜ੍ਹੀ ਸੀਜ਼ਨ ਲਈ ਕਣਕ ਦੀ ਕੀਮਤ ਵਧ ਕੇ 1735 ਰੁਪਏ ਹੋ ਗਈ ਹੈ। ਬੀਤੇ ਸਾਲ ਇਹ ਮੁੱਲ 1625 ਰੁਪਏ ਮਿਥਿਆ ਗਿਆ ਸੀ। ਛੋਲਿਆਂ ਤੇ ਮਸਰਾਂ ਦੀ ਦਾਲ ਦੀ ਕਾਸ਼ਤ ਨੂੰ ਹੁਲਾਰਾ ਦੇਣ ਲਈ ਇਨ੍ਹਾਂ ਦਾ ਘੱਟੋ-ਘੱਟ ਸਮਰਥਨ ਮੁੱਲ ਕ੍ਰਮਵਾਰ 400 ਤੇ 300 ਰੁਪਏ ਫ਼ੀ ਕੁਇੰਟਲ ਤੱਕ ਵਧਾਇਆ ਗਿਆ ਹੈ। ਇਸ ਨਾਲ ਛੋਲਿਆਂ ਦੀ ਕੀਮਤ ਵਧ ਕੇ 4400 ਰੁਪਏ ਤੇ ਮਸਰਾਂ ਦੀ 4250 ਰੁਪਏ ਕੁਇੰਟਲ ਹੋ ਗਈ ਹੈ।

ਇਸੇ ਤਰ੍ਹਾਂ ਤੇਲ ਬੀਜਾਂ ਜਿਵੇਂ ਸਰ੍ਹੋਂ ਤੇ ਸੂਰਜਮੁਖੀ ਦਾ ਮੁੱਲ ਵੀ 400 ਰੁਪਏ ਕੁਇੰਟਲ ਅਤੇ ਜੌਂ ਦਾ 85 ਰੁਪਏ ਕੁਇੰਟਲ ਵਧਾਇਆ ਗਿਆ ਹੈ। ਇਸ ਨਾਲ ਸਰ੍ਹੋਂ ਦਾ ਮੁੱਲ ਵਧ ਕੇ 4000 ਰੁਪਏ, ਸੂਰਜਮੁਖੀ ਦਾ 4100 ਤੇ ਜੌਆਂ ਦਾ 1410 ਰੁਪਏ ਕੁਇੰਟਲ ਹੋ ਗਿਆ ਹੈ। ਕਣਕ ਦੇ ਸਮਰਥਨ ਮੁੱਲ ਵਿੱਚ ਇਹ ਵਾਧਾ 6.8 ਫ਼ੀਸਦੀ, ਛੋਲਿਆਂ ਦਾ 10 ਫ਼ੀਸਦੀ, ਮਸਰਾਂ ਦਾ 7.6 ਫ਼ੀਸਦੀ, ਸਰ੍ਹੋਂ ਦਾ 8.1 ਫ਼ੀਸਦੀ, ਜੌਆਂ ਦਾ 6.4 ਫ਼ੀਸਦੀ ਅਤੇ ਸੂਰਜਮੁਖੀ ਦਾ 10.8 ਫ਼ੀਸਦੀ ਹੋਇਆ ਹੈ।

### ਸਰਕਾਰੀ ਖਰੀਦ ਭਾਅ 'ਚ ਵਾਧਾ ਬੜਾ ਮਾਮੂਲੀ: ਕੈਪਟਨ

**ਚੰਡੀਗੜ੍ਹ/ਬਿਊਰੋ ਨਿਊਜ਼:**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਕਣਕ ਅਤੇ ਦਾਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਕੀਤੇ ਵਾਧੇ ਨੂੰ ਨਾਕਾਫ਼ੀ ਦੱਸਦਿਆਂ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਦੀ ਤਰਜ਼ 'ਤੇ ਮੁੜ ਫ਼ੈਸਲਾ ਮੁੜ ਵਿਚਾਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਕਣਕ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚਅ 110 ਰੁਪਏ ਕੁਇੰਟਲ ਅਤੇ ਦਾਲਾਂ ਦੇ ਭਾਅ ਦਾ ਵਾਧਾ ਇਨ੍ਹਾਂ ਫਸਲਾਂ ਦੇ ਉਤਪਾਦਨ ਨੂੰ ਵਧਾਉਣ ਅਤੇ ਕੀਮਤਾਂ ਨੂੰ ਠੱਲ੍ਹ ਪਾਉਣ ਦੇ ਉਦੇਸ਼ ਦੀ ਪ੍ਰਾਪਤੀ ਵਿੱਚ ਕੋਈ ਮਦਦ ਨਹੀਂ ਕਰੇਗਾ ਤੇ ਨਾ ਹੀ ਦੇਸ਼ ਦੇ ਕਰਜ਼ੇ ਹੇਠ ਦੱਬੇ ਹੋਏ ਕਿਸਾਨਾਂ ਨੂੰ ਬਣਦੀ ਰਾਹਤ ਮੁਹੱਈਆ ਕਰਵਾ ਸਕੇਗਾ।

# ਜਗਮੀਤ ਸਿੰਘ ਦੀ ਸਵੈ-ਨਿਰਣੈ ਦੇ ਹੱਕ 'ਚ ਟਿੱਪਣੀ ਤੋਂ ਪੰਜਾਬ ਦੇ ਭਾਰਤੀ ਸੂਬੇਦਾਰਾਂ ਨੂੰ ਲੱਗੀ ਅੱਗ



**ਔਟਵਾ (ਕਨੇਡਾ)/ਬਿਊਰੋ ਨਿਊਜ਼:**
ਕੈਨੇਡਾ ਦੀ ਨਿਊਂ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਵਲੋਂ ਖੁਦਮੁਖਤਿਆਰੀ ਦੇ ਹੱਕ 'ਚ ਦਿੱਤੀ ਗਈ ਟਿੱਪਣੀ ਨਾਲ ਭਾਰਤ ਦੇ ਕਬਜ਼ੇ ਵਾਲੇ ਪੰਜਾਬ ਦੇ ਭਾਰਤ ਪੱਖੀ ਸਿਆਸਤਦਾਨਾਂ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਜਗਮੀਤ ਸਿੰਘ ਨੇ ਐਨ.ਡੀ.ਪੀ. ਦੇ ਆਗੂ ਚੁਣੇ ਜਾਣ ਤੋਂ ਬਾਅਦ ਪੂਰੇ ਕੈਨੇਡਾ ਦੇ ਦੌਰੇ ਦੌਰਾਨ ਖੁਦਮੁਖਤਿਆਰੀ ਨੂੰ "ਮੂਲ ਅਧਿਕਾਰ" ਦੱਸਿਆ ਸੀ।

ਹਫਿੰਗਟਨ ਪੋਸਟ ਅਖ਼ਬਾਰ ਨੇ ਜਗਮੀਤ ਸਿੰਘ ਨੂੰ ਪ੍ਰੈਸ ਕਾਨਫਰੰਸ ਦੌਰਾਨ ਪੁੱਛੇ ਗਏ ਸਵਾਲ ਦਾ ਜਵਾਬ ਲਿਖਿਆ ਸੀ, "ਚਾਹੇ ਪੰਜਾਬ ਦੇ ਲੋਕਾਂ ਲਈ, ਚਾਹੇ ਕੈਤਾਲੋਨੀਆ ਦੇ ਲੋਕਾਂ ਲਈ ਉਨ੍ਹਾਂ ਦੇ ਇਲਾਕੇ ਬਾਰੇ, ਚਾਹੇ ਬਾਸਕ, ਚਾਹੇ ਕਿਊਬੈਕ, ਇਹ ਉਨ੍ਹਾਂ ਦਾ ਮੂਲ ਅਧਿਕਾਰ ਹੈ, ਹਰੇਕ ਨੂੰ ਆਪਣੇ ਬਾਰੇ ਫੈਸਲਾ ਕਰਨ ਦਾ ਹੱਕ ਹੈ"।

ਆਮ ਆਦਮੀ ਪਾਰਟੀ ਦਾ ਪੰਜਾਬ ਪ੍ਰਧਾਨ ਭਗਵੰਤ ਮਾਨ, ਪੰਜਾਬ ਦਾ ਕਾਂਗਰਸੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਬਾਦਲ ਦਲ ਦਾ ਬੁਲਾਰਾ ਦਲਜੀਤ ਸਿੰਘ ਚੀਮਾ ਅਤੇ ਸੱਜੇ ਪਾਸੇ ਕੈਨੇਡਾ ਦੀ ਮੁੱਖ ਵਿਰੋਧੀ ਧਿਰ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ (ਤਸਵੀਰ ਪ੍ਰਤੀਕ ਵਜੋਂ ਹੀ ਵਰਤੀ ਗਈ ਹੈ)

ਆਮ ਆਦਮੀ ਪਾਰਟੀ ਦਾ ਪੰਜਾਬ ਪ੍ਰਧਾਨ ਭਗਵੰਤ ਮਾਨ, ਪੰਜਾਬ ਦਾ ਕਾਂਗਰਸੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਬਾਦਲ ਦਲ ਦਾ ਬੁਲਾਰਾ ਦਲਜੀਤ ਸਿੰਘ ਚੀਮਾ ਅਤੇ ਸੱਜੇ ਪਾਸੇ ਕੈਨੇਡਾ ਦੀ ਮੁੱਖ ਵਿਰੋਧੀ ਧਿਰ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ (ਤਸਵੀਰ ਪ੍ਰਤੀਕ ਵਜੋਂ ਹੀ ਵਰਤੀ ਗਈ ਹੈ)

ਪੰਜਾਬ ਦੇ ਸਿਆਸਤਦਾਨਾਂ ਨੇ ਜਗਮੀਤ ਸਿੰਘ ਵਲੋਂ ਦਿੱਤੀ ਟਿੱਪਣੀ 'ਤੇ ਫੌਰੀ ਪ੍ਰਤੀਕ੍ਰਿਆ ਕੀਤੀ। ਇਨ੍ਹਾਂ ਵਿਚ ਪੰਜਾਬ ਵਿਚ ਸੱਤਾਧਾਰੀ ਕਾਂਗਰਸ, ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਬਿਆਨ ਜਾਰੀ ਕਰਕੇ ਭਾਰਤੀ ਸਟੇਟ ਪ੍ਰਤੀ ਆਪਣੀ ਵਫਾਦਾਰੀ ਦਾ ਇਜ਼ਹਾਰ ਕੀਤਾ।

ਇਨ੍ਹਾਂ ਸਿਆਸਤਦਾਨਾਂ ਵਿਚ ਪੰਜਾਬ ਦੇ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਆਪ ਸੰਸਦ ਮੈਂਬਰ ਭਗਵੰਤ ਮਾਨ ਅਤੇ ਬਾਦਲ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਜਗਮੀਤ ਸਿੰਘ ਵਲੋਂ ਪੰਜਾਬ ਦੀ ਖੁਦਮੁਖਤਿਆਰੀ ਨੂੰ ਮੂਲ ਅਧਿਕਾਰ ਦੱਸਣ ਦੀ ਨਿੰਦਾ ਕੀਤੀ।

ਭਾਰਤੀ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਵੀ ਆਪਣੀ ਹਾਜ਼ਰੀ ਲਵਾਉਂਦਿਆਂ ਭਾਰਤ ਦੀ "ਏਕਤਾ ਅਤੇ ਅਖੰਡਤਾ" ਦੀ ਚਿੰਤਾ ਜ਼ਾਹਰ ਕੀਤੀ। ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਬਾਦਲ ਦਲ ਕਦੇ ਵੀ ਖੁਦਮੁਖਤਿਆਰੀ ਜਾਂ ਖ਼ਾਲਿਸਤਾਨ ਦੀ ਹਮਾਇਤ ਨਹੀਂ ਕਰੇਗਾ। ਇਥੇ ਦਲਜੀਤ ਸਿੰਘ ਚੀਮਾ ਸ਼ਾਇਦ ਇਹ ਭੁੱਲ ਗਏ ਕਿ ਉਨ੍ਹਾਂ ਦੇ ਦਲ ਦੇ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਵੇਲੇ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨਾਲ ਮਿਲ ਕੇ 22 ਅਪ੍ਰੈਲ 1992 'ਚ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਬੁਤਰਸ ਘਾਲੀ ਨੂੰ ਪੰਜਾਬ ਦੀ ਅਜ਼ਾਦੀ ਲਈ ਸੰਯੁਕਤ ਰਾਸ਼ਟਰ ਦੇ ਦਖਲ ਦੀ ਮੰਗ ਕਰਦਾ ਪੱਤਰ ਉਸ ਵੇਲੇ ਦਿੱਤਾ ਸੀ ਜਦੋਂ ਬੁਤਰਸ ਘਾਲੀ ਨਵੀਂ ਦਿੱਲੀ ਆਏ ਹੋਏ ਸੀ।

ਪੰਜਾਬ ਦੀ ਆਮ ਆਦਮੀ ਪਾਰਟੀ ਦੇ ਪ੍ਰਧਾਨ ਭਗਵੰਤ ਮਾਨ ਨੇ ਜਗਮੀਤ ਸਿੰਘ ਨੂੰ ਉਨ੍ਹਾਂ ਦੀ ਪ੍ਰਾਪਤੀਆਂ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਜਗਮੀਤ ਸਿੰਘ ਦਾ ਇਹ ਬਿਆਨ ਉਨ੍ਹਾਂ ਦੀ ਘਰੇਲੂ ਰਾਜਨੀਤੀ ਦਾ ਹਿੱਸਾ ਹੈ। ਇਸਦਾ ਮਤਲਬ ਇਹ ਨਹੀਂ ਕਿ ਉਹ ਜੋ ਮਰਜ਼ੀ ਬੋਲ ਦੇਵੇ, ਜੋ ਉਸਨੂੰ ਪਸੰਦ ਹੈ। ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਜਗਮੀਤ ਸਿੰਘ ਦੀ ਇਸ ਟਿੱਪਣੀ ਨੂੰ "ਭਾਰਤ ਵਿਰੋਧੀ ਸਾਜ਼ਿਸ਼" ਦੱਸਿਆ। ਇਥੇ ਜ਼ਿਕਰਯੋਗ ਹੈ ਕਿ ਅਮਰਿੰਦਰ ਸਿੰਘ ਨੇ ਅਜ਼ਾਦ ਸਿੱਖ ਦੇਸ਼ ਦੀ ਮੰਗ ਕਰਦੇ ਅੰਮ੍ਰਿਤਸਰ ਐਲਾਨਨਾਮੇ 'ਤੇ 1994 'ਚ ਹਸਤਾਖਰ ਕੀਤੇ ਸਨ ਅਤੇ ਹਮਾਇਤ ਕੀਤੀ ਸੀ।

# ਲੰਗਾਹ ਖ਼ਿਲਾ.ਫ ਦਰਜ ਹੋ ਸਕਦਾ ਹੈ ਇਕ ਹੋਰ ਮਾਮਲਾ

**ਚੰਡੀਗੜ/ਬਿਊਰੋ ਨਿਊਜ਼** : ਪੰਜਾਬ ਦੇ ਸਾਬਕਾ ਮੰਤਰੀ ਸੁੱਚਾ ਸਿੰਘ ਲਗਾਹ ਵਿਰੁੱਧ ਪੁਲੀਸ ਵੱਲੋਂ ਐਨ.ਡੀ.ਪੀ.ਐਸ. ਐਕਟ (ਅ.ਫੀਮ ਰੱਖਣ) ਦੇ ਦੋਸ਼ਾਂ ਤਹਿਤ .ਫੌਜਦਾਰੀ ਕੇਸ ਦਰਜ ਕੀਤੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਗੁਰਦਾਸਪੁਰ ਜ਼ਿਲੇ ਨਾਲ ਸਬੰਧਤ ਇੱਕ ਪੁਲੀਸ ਅ.ਫਸਰ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਲੰਗਾਹ ਵਿਰੁੱਧ 18, 61, 59 ਅਤੇ 68 ਐਨ.ਡੀ.ਪੀ.ਐਸ. ਐਕਟ ਦੇ ਦੋਸ਼ਾਂ ਦੀ ਪੜਤਾਲ ਚੱਲ ਰਹੀ ਹੈ। ਇਸ ਮਾਮਲੇ ਸਬੰਧੀ ਪੀੜਤ ਧਿਰ ਕਲਾਨੌਰ ਵਾਸੀ ਸੰਦੀਪ ਕੁਮਾਰ, ਜਿਸ ਖ਼ਿਲਾ.ਫ ਲੰਗਾਹ ਨੇ ਅਕਾਲੀ-ਭਾਜਪਾ ਹਕੂਮਤ ਵੇਲੇ ਕਥਿਤ ਤੌਰ 'ਤੇ ਅੱਧਾ ਕਿੱਲੋ ਅ.ਫੀਮ ਰੱਖਣ ਦਾ ਕੇਸ ਦਰਜ ਕਰਾਇਆ ਸੀ, ਨੇ ਪੁਲੀਸ ਤੱਕ ਪਹੁੰਚ ਕੀਤੀ ਹੈ। ਜਸਟਿਸ (ਸੇਵਾ ਮੁਕਤ) ਮਹਿਤਾਬ ਸਿੰਘ ਗਿੱਲ 'ਤੇ ਆਧਾਰਤ ਕਮਿਸ਼ਨ ਨੇ ਸੰਦੀਪ ਕੁਮਾਰ ਖ਼ਿਲਾ.ਫ ਦਰਜ ਕੇਸ ਝੂਠਾ ਤੇ ਸਿਆਸਤ ਤੋਂ ਪ੍ਰੇਰਿਤ ਹੋਣ ਦੇ ਤੱਥ ਸਾਹਮਣੇ ਲਿਆਂਦੇ ਹਨ। ਇਹ ਕੇਸ 29 ਅਕਤੂਬਰ 2015 ਨੂੰ ਦਰਜ ਕੀਤਾ ਗਿਆ ਸੀ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇ ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੇਸ ਝੂਠਾ ਸਾਬਤ ਹੁੰਦਾ ਹੈ ਤਾਂ ਤ.ਫਤੀਸ਼ ਅ.ਫਸਰ ਅਤੇ ਸਾਜ਼ਿਸ ਘੜਨ ਵਾਲੇ ਖ਼ਿਲਾ.ਫ ਇਨਾਂ ਧਾਰਾਵਾਂ ਤਹਿਤ ਹੀ ਕੇਸ ਦਰਜ ਕੀਤੇ ਜਾਣ ਦਾ ਕਾਨੂੰਨੀ ਪ੍ਰਬੰਧ ਹੈ ਤੇ ਬਰਾਮਦ ਨਸ਼ੀਲਾ ਪਦਾਰਥ ਵੀ ਸਾਜ਼ਿਸ਼ ਘੜਨ ਵਾਲੇ 'ਤੇ ਹੀ ਪਾਇਆ ਜਾ ਸਕਦਾ ਹੈ।



ਇਸ ਮਾਮਲੇ ਦਾ ਇੱਕ ਪੱਖ ਇਹ ਵੀ ਹੈ ਕਿ ਸੰਦੀਪ ਕੁਮਾਰ ਖ਼ਿਲਾ.ਫ ਦਰਜ ਕੇਸ ਦਾ ਤ.ਫਤੀਸ਼ੀ ਅਧਿਕਾਰੀ ਸੱਤਪਾਲ ਕਾਂਗਰਸ ਸਰਕਾਰ ਆਉਣ ਤੋਂ ਬਾਅਦ ਅਗਾਊਂ ਸੇਵਾਮੁਕਤੀ ਲੈ ਗਿਆ ਸੀ। ਸੱਤਪਾਲ ਨਾਮੀਂ ਪੁਲੀਸ ਇੰਸਪੈਕਟਰ ਨੂੰ ਸੁੱਚਾ ਸਿੰਘ ਲੰਗਾਹ ਦਾ ਕਰੀਬੀ ਮੰਨਿਆ ਜਾ ਰਿਹਾ ਹੈ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਅੱਧਾ ਕਿੱਲੋ ਅ.ਫੀਮ ਦਾ ਮਾਮਲਾ ਲੰਗਾਹ ਅਤੇ ਸੱਤਪਾਲ ਖ਼ਿਲਾ.ਫ ਦਰਜ ਕੀਤੇ ਜਾਣ ਸਬੰਧੀ ਹਾਲ ਦੀ ਘੜੀ ਜਾਂਚ ਕੀਤੀ ਜਾ ਰਹੀ ਹੈ। ਉਧਰ ਸੂਤਰਾਂ ਮੁਤਾਬਕ ਜਬਰ-ਜਨਾਹ ਦੇ ਦੋਸ਼ਾਂ ਤਹਿਤ ਜੇਲ 'ਚ ਬੰਦ ਇਸ ਅਕਾਲੀ ਆਗੂ ਵਿਰੁੱਧ ਪੁਲੀਸ ਵੱਲੋਂ ਹੋਰ ਕੇਸ ਦਰਜ ਕਰਨ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਪੁਲੀਸ ਦੀ ਇੱਕ ਮਹਿਲਾ ਕਰਮਚਾਰੀ ਵੱਲੋਂ ਸੁੱਚਾ ਸਿੰਘ ਲੰਗਾਹ 'ਤੇ ਬਲਾਤਕਾਰ ਦੇ ਦੋਸ਼ ਲਾਉਣ ਤੋਂ ਬਾਅਦ ਪੁਲੀਸ ਨੇ ਕੇਸ ਦਰਜ ਕੀਤਾ ਸੀ । ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਪੂਰੀ ਪੜਤਾਲ ਤੋਂ ਬਾਅਦ ਹੀ ਕੇਸ ਦਰਜ ਕੀਤਾ ਜਾਵੇਗਾ। ਉਨਾਂ ਦਾ ਇਹ ਵੀ ਕਹਿਣਾ ਹੈ ਕਿ ਕੁਝ ਮਾਮਲਿਆਂ ਵਿੱਚ ਇਸ ਆਗੂ ਵਿਰੁੱਧ ਤੱਥ ਤਾਂ ਸਾਹਮਣੇ ਆਏ ਹਨ ਪਰ ਹਾਲ ਦੀ ਘੜੀ ਕੋਈ ਸ਼ਿਕਾਇਤਕਰਤਾ ਨਾ ਹੋਣ ਕਾਰਨ ਪੁਲੀਸ ਕਾਰਵਾਈ ਨਹੀਂ ਕੀਤੀ ਜਾ ਰਹੀ। ਪੁਲੀਸ ਵੱਲੋਂ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਦੀ ਵੀ ਪੜਤਾਲ ਕੀਤੀ ਜਾ ਰਹੀ ਹੈ।

# ਜੱਗ ਦੀਆਂ ਮਿੱਥਾਂ ਤੋੜਦਾ ਜਗ ਮੀਤ

## ਕਨੇਡਾ ਦੇ ਸਿੱਖ ਨੌਜਵਾਨ ਆਗੂ ਦੀ ਰਾਜਸੀ ਖੇਤਰ 'ਚ ਸਿਖ਼ਰਾਂ ਛੋਹਣ ਵਲ ਪੁਲਾਂਘ

**ਹਰਕਮਲ ਸਿੰਘ ਬਾਠ, ਮੈਲਬਰਨ**

ਜਗਮੀਤ ਸਿੰਘ , ਸ਼ਾਇਦ ਹੀ ਕੋਈ ਅਜਿਹਾ ਸਿੱਖ ਜਾਂ ਪੰਜਾਬੀ ਹੋਵੇ ਜੋ ਇਸ ਨਾਮ ਨਾਲ ਜਾਣੂ ਨਾ ਹੋਵੇ। ਪਿਛਲੇ ਦਿਨੀ ਕੁਲ ਦੁਨੀਆਂ ਵਿੱਚ ਵਸਦੇ ਸਿੱਖਾਂ ਵਿੱਚ ਜੋ ਨਾਮ ਜੋ ਸੱਭ ਤੋਂ ਵਧ ਖੁਸ਼ੀ ਨਾਲ ਲਿਆ ਜਾ ਰਿਹਾ ਸੀ ਉਹ ਸ਼ਾਇਦ ਜਗਮੀਤ ਸਿੰਘ ਦਾ ਹੀ ਸੀ , ਖੁਸ਼ੀ ਸੁਭਾਵਿਕ ਸੀ ਕਿਉਕਿ ਲੰਮੇ ਸਮੇਂ ਤੋਂ ਸਿਆਸੀ ਤਾਕਤ ਤੋਂ ਮਹਿਰੂਮ ਕਿਸੇ ਕੌਮ ਦਾ ਜੇਕਰ ਕੋਈ ਨੌਜਵਾਨ ਕਿਸੇ ਸਿਆਸੀ ਪਾਰਟੀ ਉਹ ਵੀ ਕੈਨੇਡਾ ਵਰਗੇ ਵਿਕਸਿਤ ਮੁਲਕ ਦੀ ਸਿਆਸੀ ਪਾਰਟੀ ਦਾ ਲੀਡਰ ਬਣਦਾ ਹੈ ਤਾਂ ਖੁਸ਼ੀ ਦੀ ਤਰੰਗ ਆਪ ਮੁਹਾਰੇ ਦੌੜਦੀ ਹੈ। ਸਿਆਸੀ ਤਾਕਤ ਤੋਂ ਹੀਣੀ ਸਿੱਖ ਕੌਮ ਦੇ ਤਕਰੀਬਨ ਹਰ ਸਿਆਸੀ ਵਿਅਕਤੀ ਵਿਸ਼ੇਸ਼ ਚਾਹੇ ਉਹ ਹਿੰਦੋਸਤਾਨੀ ਖਿੱਤੇ ਜਾਂ ਫੇਰ ਪਛਮੀ ਮੁਲਕ ਦੀ ਸਿਆਸਤ ਵਿੱਚ ਵਿਚਰ ਰਿਹਾ ਹੋਵੇ ਵਲੋਂ ਉਸਦੀ ਇਸ ਪ੍ਰਾਪਤੀ ਦੀ ਦਿਲੋਂ ਸ਼ਲਾਘਾ ਕੀਤੀ ਗਈ। ਕਈਆਂ ਨੇ ਮੀਡੀਆ ਦੇ ਸਾਹਮਣੇ ਆ ਕੇ ਕੀਤੀ, ਕਈਆਂ ਨੇ ਆਪਣੇ ਘਰ ਦੀ ਕਮਰਿਆਂ ਵਿੱਚ ਹੀ ਕੀਤੀ, ਪਰ ਕੀਤੀ ਸਭ ਨੇ। ਇਸ ਵੱਡਾ ਕਾਰਨ ਇਹ ਸੀ ਕਿ ਸਿੱਖ ਭਾਵੇਂ ਦੁਨਿਆਵੀ ਤੌਰ ਤੇ ਕਿਤੇ ਵੀ ਵਿਚਰ ਰਿਹਾ ਹੈ ਕਿਸੇ ਵੀ ਸਿਆਸੀ ਪਾਰਟੀ ਜਾਂ ਸੰਸਥਾ ਵਿੱਚ ਵਿਚਰ ਰਿਹਾ ਹੈ ਉਹ ਕਿਤੇ ਨਾ ਕਿਤੇ ਇਹ ਜਰੂਰ ਮਹਿਸੂਸ ਕਰਦਾ ਹੈ ਕਿ ਉਸਦੀ ਕੌਮ ਸਿਆਸੀ ਤਾਕਤ ਤੋਂ ਮਹਿਰੂਮ ਹੈ। ਕਈ ਵਾਰੀ ਓਪਰੇ ਤੌਰ ਤੇ ਦੇਖਣ ਨੂੰ ਸਾਨੂੰ ਲਗਦਾ ਹੈ ਕਿ ਸਿੱਖਾਂ ਦੀ ਸਿਆਸੀ ਪ੍ਰਭੂਸੱਤਾ ਦੇ ਹਮਾਇਤੀ ਉਹੀ ਲੋਕ ਹਨ ਜੋ ਹਰ ਰੋਜ ਨੰਗੇ ਧੜ ਉੱਚੀ ਬੋਲ ਕੇ ਲੜ ਰਹੇ ਹਨ ਪਰ ਹਕੀਕੀ ਤੌਰ ਤੇ ਅਜਿਹਾ ਨਹੀਂ ਹੈ। ਹਰ ਗੈਰਤਮੰਦ ਸਿੱਖ ਸਿਆਸੀ ਪ੍ਰਭੂਸੱਤਾ ਲੋਚਦਾ ਹੈ ਫਰਕ ਸਿਰਫ ਏਨਾ ਹੈ ਕਿ ਲੜਨ ਮਰਨ ਦੀ ਇੱਛਾ ਸ਼ਕਤੀ ਮਜਬੂਤ ਨਾ ਹੋਣ ਕਾਰਨ ਉਹਨਾਂ ਵਕਤੀ ਤੌਰ ਤੇ ਸਮਝੌਤੇ ਕੀਤੇ ਹੋਏ ਹਨ।



ਜਗਮੀਤ ਸਿੰਘ ਦੀ ਇਸ ਸਿਆਸੀ ਜਿੱਤ ਦੇ ਵਖ ਵਖ ਪਰਪੇਖਾਂ ਤੇ ਗੱਲ ਕਰਨ ਤੋਂ ਪਹਿਲਾਂ ਇਕ ਨਜਰ ਉਸ ਸਿਆਸੀ ਪਾਰਟੀ ਵੱਲ ਮਾਰ ਲਈਏ ਜਿਸ ਪਾਰਟੀ ਨੇ ਉਹਨਾਂ ਨੂੰ ਆਪਣਾ ਆਗੂ ਚੁਣਿਆ ਹੈ । ਨਿਊ ਡੈਮੋਕਰੇਟਿਕ ਪਾਰਟੀ ਕੈਨੇਡਾ ਦੀਆਂ ਪ੍ਰਮੁੱਖ ਤਿੰਨ ਪਾਰਟੀਆਂ ਵਿੱਚੋਂ ਗਿਣੀ ਜਾਂਦੀ ਹੈ, ਇਸਦੀ ਸਥਾਪਨਾ ਸੰਨ 1961 ਵਿੱਚ ਹੋਈ ਸੀ। ਮੌਜੂਦਾ ਸਮੇਂ ਇਸ ਪਾਰਟੀ ਦੀਆਂ ਕੈਨੇਡਾ ਦੇ ਦੋ ਰਾਜਾਂ ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਵਿੱਚ ਸਰਕਾਰਾਂ ਹਨ । ਇਸ ਤੋਂ ਪਹਿਲਾਂ ਵੀ ਸਮੇਂ ਸਮੇਂ ਇਸ ਪਾਰਟੀ ਨੇ ਕੈਨੇਡਾ ਦੇ ਵਖ ਵਖ ਸੂਬਿਆਂ ਵਿੱਚ ਸਰਕਾਰਾਂ ਬਣਾਈਆਂ ਹਨ । ਸਾਲ 2011 ਦੀਆਂ ਫੈਡਰਲ ਚੋਣਾਂ ਵਿੱਚ ਇਹ ਪਾਰਟੀ ਮੁੱਖ ਵਿਰੋਧੀ ਧਿਰ ਦੀ ਭੂਮਿਕਾ ਵਿੱਚ ਵੀ ਸੀ ਪਰ ਸਾਲ 2015 ਦੀਆਂ ਚੋਣਾਂ ਵਿੱਚ ਪਾਰਟੀ ਨੂੰ ਵੱਡੀ ਹਾਰ ਦਾ ਮੂੰਹ ਵੇਖਣਾ ਪਿਆ ਸੀ ਅਤੇ ਇਸ ਪਾਰਟੀ ਦੇ ਹਿੱਸੇ 338 ਮੈਂਬਰੀ ਹਾਊਸ ਵਿੱਚ 44 ਸੀਟਾਂ ਆਈਆਂ ਸਨ। ਸੋ ਸਾਲ 2019 ਦੀਆਂ ਚੋਣਾਂ ਵਿੱਚ ਲੀਡੀਰਸ਼ਿਪ ਵਿੱਚ ਹੋਈ ਇਹ ਤਬਦੀਲੀ ਵੋਟਾਂ ਵਿੱਚ ਕੋਈ ਤਬਦੀਲੀ ਕਰ ਸਕਦੀ ਹੈ ਇਸ ਸਵਾਲ ਦਾ ਜਵਾਬ ਤਾਂ ਭਵਿੱਖ ਦੀ ਗੋਦ ਵਿੱਚ ਪਿਆ ਹੈ ਪਰ ਜਗਮੀਤ ਸਿੰਘ ਦੀ ਲੀਡਰ ਵੱਜੋਂ ਹੋਈ ਚੋਣ ਨਾਲ ਐਨ ਡੀ ਪੀ ਇਹ ਸ਼ੰਦੇਸ਼ ਦੇਣ ਵਿੱਚ ਜਰੂਰ ਕਾਮਯਾਬ ਹੋਈ ਹੈ ਕਿ ਇਸ ਪਾਰਟੀ ਵਿੱਚ ਹਰ ਇਕ ਧਰਮ ਨਸਲ ਜਾਂ ਰੰਗ ਦੇ ਇਨਸਾਨਾਂ ਲਈ ਬਰਾਬਰ ਦੇ ਮੌਕੇ ਹਨ ਅਤੇ ਸ਼ਾਇਦ ਇਹੀ ਅੱਜ ਦੇ ਅਸਲੀ ਲੋਕਤੰਤਰ ਦਾ ਅਧਾਰ ਹੋਣਾ ਚਾਹੀਦਾ ਹੈ ।

ਜਗਮੀਤ ਸਿੰਘ ਦੀ ਇਸ ਲੀਡਰਸ਼ਿਪ ਦੇ ਸਿੱਖ ਭਾਈਚਾਰੇ ਵਿੱਚ ਪੈਣ ਵਾਲੇ ਪ੍ਰਭਾਵਾਂ ਦੀ ਗੱਲ ਕਰੀਏ ਤਾਂ ਕੈਨੇਡਾ ਪੱਧਰ ਤੇਂ ਤਾਂ ਇਸਨੂੰ ਵੋਟ ਰਾਜਨੀਤੀ ਨਾਲ ਜੋੜ ਕੇ ਦੇਖਿਆ ਜਾ ਸਕਦਾ ਪਰ ਜੇਕਰ ਦੁਨੀਆਂ ਭਰ ਵਿੱਚ ਵਸਦੇ ਸਿੱਖ ਭਾਈਚਾਰੇ ਦੀ ਗੱਲ ਕਰੀਏ ਤਾਂ ਉਹਨਾਂ ਉਪਰ ਇਸਦੇ ਪ੍ਰਭਾਵ ਵੋਟ ਰਾਜਫ਼ਿਨੀਤੀ ਤੋਂ ਕਿਤੇ ਅੱਗੇ ਪਏ ਹਨ ਅਤੇ ਭਵਿੱਖ ਵਿਚ ਪੈਣਗੇ ਵੀ ਨਾ ਸਿਰਫ ਰਾਜਨਿਤਕ ਖੇਤਰ ਬਲਕਿ ਸਮਾਜਿਕ ਖੇਤਰ ਵਿੱਚ ਵੀ । ਜਗਮੀਤ ਨੇ ਆਪਣੀ ਇਸ ਮੁਹਿੰਮ ਨਾਲ ਕਈ ਸਥਾਪਤ ਭਰਮਾਂ ਨੂੰ ਤੋੜਿਆ ਹੈ । ਸਭ ਤੋਂ ਵੱਡਾ ਭਰਮ ਜੋ ਜਗਮੀਤ ਦੇ ਲੀਡਰ ਬਣਨ ਨਾਲ ਟੁੱਟਿਆ ਹੈ ਉਹ ਪੂਰਨ ਗੁਰਸਿੱਖ ਰੂਪ ਵਿੱਚ ਵਿਚਰ ਕੇ ਪੱਛਮੀ ਸਮਾਜ ਵਿੱਚ ਕਿਸੇ ਵੱਡੇ ਅਹੁਦੇ ਤੇ ਨਾ ਪਹੁੰਚ ਸਕਣ ਦਾ ਹੈ । ਖਾਸ ਤੌਰ ਤੇ ਸਿਆਸਤ ਵਿੱਚ । ਦੂਸਰਾ ਵੱਡਾ ਭਰਮ ਇਹ ਟੁੱਟਿਆ ਹੈ ਕਿ ਸਿੱਖ ਹੱਕਾਂ ਖਾਸ ਤੌਰ ਤੇ ਨੰਬਰ 84 ਦੇ ਕਤਲੇਆਮ ਦੀ ਗੱਲ ਕਰਕੇ ਸਿਆਸਤ ਵਿੱਚ ਅੱਗੇ ਨਹੀਂ ਵੱਧਿਆ ਜਾ ਸਕਦਾ ਇਸਨੂੰ ਨਾ ਸਿਰਫ ਜਗਮੀਤ ਨੇ ਤੋੜਿਆ ਸਗੋਂ ਇਹ ਸਿੱਧ ਕੀਤਾ ਕਿ ਜੇਕਰ ਤੁਸੀਂ ਆਪਣੇ ਹੱਕਾਂ ਦੀ ਗੱਲ ਕਰੋਗੇ ਤਾਂ ਨਾ ਸਿਰਫ ਤੁਹਾਡਾ ਭਾਈਚਾਰਾ ਬਲਕਿ ਦੂਸਰੇ ਇਨਸਾਫ ਪੰਸਦ ਲੋਕ ਵੀ ਤੁਹਾਡੀ ਹਮਾਇਤ ਅਤੇ ਸਤਿਕਾਰ ਕਰਨਗੇ। ਸਮਾਜਿਕ ਤੌਰ ਤੇ ਜੇਕਰ ਗੱਲ ਕਰੀਏ ਤਾਂ ਅਕਸਰ ਸਿੱਖੀ ਨੂੰ ਬੇਲੋੜੀ ਸਾਦਗੀ ਜਾਂ ਸਾਧਾਰਨ ਕੱਪੜੇ ਪਾਉਣ ਜਾਂ ਦਿੱਖ ਰੱਖਣ ਨਾਲ ਜੋੜਿਆ ਜਾਂਦਾ ਹੈ । ਪਰ ਜਗਮੀਤ ਨੇ ਅੰਮ੍ਰਿਤਧਾਰੀ ਹੁੰਦੇ ਹੋਏ ਬਹੁਤ ਹੀ ਖੂਬਸੂਰਤ ਡਿਜਾਇਨ ਕੀਤੇ ਕਪੜਿਆਂ ਰਾਹੀਂ ਸਮਾਜ ਦੇ ਅੱਗੇ ਸਿੱਖਾਂ ਦੀ ਨਵੀਂ ਦਿੱਖ ਨੂੰ ਪੇਸ਼ ਕੀਤਾ ਹੈ ਜਿਸ ਨਾਲ ਬਿਨਾਂ ਸ਼ੱਕ ਸਿੱਖ ਨੌਜਵਾਨੀ ਦੇ ਆਤਮ ਵਿਸ਼ਵਾਸ਼ ਵਿੱਚ ਵਾਧਾ ਹੋਇਆ ਹੈ । ਇਹ ਹੋਰ ਭਰਮ ਜੋ ਜਗਮੀਤ ਦੀ ਜਿੱਤ ਨਾਲ ਟੁੱਟਿਆ ਹੈ ਉਹ ਇਹ ਹੈ ਕਿ ਸਿੱਖ ਅਕਸਰ ਇੱਕ ਦੂਸਰੇ ਦੀਆਂ ਲੱਤਾਂ ਖਿਚਦੇ ਹਨ ਅਤੇ ਸੰਗਠਤ ਹੋ ਕਿ ਕੋਈ ਸਿਆਸੀ ਜਾਂ ਸਮਾਜਿਕ ਪ੍ਰਾਪਤੀ ਨਹੀਂ ਕਰ ਸਕਦੇ। ਸੰਨ 1947 ਤੋਂ ਬਾਅਦ ਦੇ ਸਿੱਖਾਂ ਨਾਲ ਹੋਏ ਸਿਆਸੀ ਧੋਖਿਆਂ ਨੂੰ ਵੀ ਬਜਾਏ ਇਸਦੇ ਕਿ ਦੂਸਰੀਆਂ ਧਿਰਾਂ ਦੀ ਚਲਾਕੀ ਕਿਹਾ ਜਾਂਦਾ ਉਹਨਾਂ ਦਾ ਕਾਰਨ ਵੀ ਸਿੱਖਾਂ ਨੇ ਆਪਣੇ ਆਪ ਨੂੰ ਮੰਨਿਆ ਅਤੇ ਆਪਣੇ ਆਗੂਆਂ ਵੀ ਹੀ ਦੋਸ਼ ਕੱਢਦੇ ਰਹੇ ਹਨ। ਉਹਨਾਂ ਵਿੱਚ ਇਹ ਭਰਮ ਵੀ ਪੈਦਾ ਹੋ ਗਿਆ ਕਿ ਉਹ ਆਪਣੇ ਸਿਆਸੀ ਵਿਰੋਧੀ ਨੂੰ ਮਾਤ ਦੇ ਹੀ ਨਹੀਂ ਸਕਦੇ । ਬਿਨਾਂ ਸੱਕ ਗਲਤੀਆਂ ਆਾਵਦੀਆਂ ਵੀ ਹੁੰਦੀਆਂ ਪਰ ਕਈ ਵਾਰ ਵਿਰੋਧੀ ਵੀ ਜਿਆਦਾ ਚਲਾਕ ਤੇ ਤੇਜ ਤਰਾਰ ਹੁੰਦਾ ਹੈ ਜਿਵੇਂ ਇਸ ਵਾਰੀ ਵੀਂ ਅਸੀਂ ਵੇਖਿਆ ਕਿ ਜਗਮੀਤ ਸਿੰਘ ਦੀ ਸਿਆਸੀ ਚੜ੍ਹਤ ਨੂੰ ਠੱਲਣ ਲਈ ਕਈ ਹੀਲੇ ਵਸੀਲੇ ਵਰਤੇ ਗਏ ਪਰ ਅਕਾਲ ਪੁਰਖ ਦੀ ਮੇਹਰ ਅਤੇ ਸਿੱਖਾਂ ਦੀ ਸੰਗਠਤ ਸ਼ਕਤੀ ਅਤੇ ਆਗੂ ਦੀ ਸੂਝ ਬੂਝ ਅੱਗੇ ਉਹ ਨਿਫਲ ਸਾਬਤ ਹੋਏ। ਇਸ ਤਰਾਂ ਸਿੱਖਾਂ ਦੇ ਆਤਮ ਵਿਸ਼ਵਾਸ਼ ਵਿੱਚ ਵਾਧਾ ਹੋਇਆ ਤੇ ਇਹ ਭਰਮ ਵੀ ਟੁੱਟਿਆ ਕਿ ਉਹ ਆਪਣੇ ਸਿਆਸੀ ਦੁਸ਼ਮਣ ਅੱਗੇ ਬੇਬਸ ਹਨ

ਸੰਨ 1849 ਦੇ ਸਿੱਖ ਰਾਜ ਦੇ ਖਾਤਮੇ ਤੋਂ ਬਾਅਦ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਸਿੱਖਾਂ ਵਿੱਚ ਇਹ ਗੱਲ ਪ੍ਰਚਾਰੀ ਗਈ ਕਿ ਸਿਆਸਤ ਇਹ ਬਹੁਤ ਹੀ ਮਾੜੀ ਚੀਜ ਹੈ ਅਤੇ ਇਸਤੋਂ ਸਿੱਖਾਂ ਨੂੰ ਦੂਰ ਰਹਿ ਕੇਵਲ ਤੇ ਕੇਵਲ ਅਧਿਆਤਮਕ ਪੱਖ ਤੇ ਜੋਰ ਦੇਣਾ ਚਾਹੀਦਾ ਹੈ ।1947 ਤੋਂ ਬਾਅਦ ਪੰਜਾਬ ਵਿੱਚ ਪਣਪੀ ਸੰਤ ਬਾਬਿਆਂ ਦੀ ਪਨੀਰੀ ਨੇ ਇਸ ਸੋਚ ਨੂੰ ਆਮ ਸਿੱਖ ਲੋਕਾਈ ਵਿੱਚ ਹੋਰ ਪ੍ਰਪੱਕ ਕੀਤਾ ਤੇ ਸਿਆਸਤ ਦੇ ਨਾਮ ਤੇ ਸਿੱਖਾਂ ਨੂੰ ਸਿਰਫ ਗੁਰੁਦੁਆਰਾਂ ਸਾਹਿਬਾਨਾਂ ਦੇ ਪ੍ਰਬੰਧ ਤੱਕ ਹੀ ਮਹਿਰੂਮ ਕਰ ਦਿੱਤਾ ਗਿਆ। ਖਾਸ ਤੌਰ ਤੇ ਅੰਮ੍ਰਿਤਧਾਰੀ ਗੁਰਸਿੱਖਾਂ ਦੀ ਆਮ ਲੋਕਾਈ ਵਿੱਚ ਇਸ ਛਵੀ ਬਣਾਈ ਗਈ ਕਿ ਉਹ ਸਿਰਫ ਗੁਰੂਦੁਆਰਿਆਂ ਦੇ ਪ੍ਰਬੰਧ ਲਈ ਹੀ ਠੀਕ ਹਨ ਅਤੇ ਸਮਾਜਿਕ ਤੌਰ ਤੇ ਵੀ ਉਹ ਗੈਰ ਅੰਮ੍ਰਿਤਧਾਰੀਆਂ ਜਾਂ ਗੈਰ ਸਿੱਖਾਂ ਨਾਲ ਕੋਈ ਬਹੁਤਾ ਮੇਲਜੋਲ ਨਹੀਂ ਰਖਦੇ। ਇਸ ਤੋਂ ਵੀ ਅੱਗੇ ਜਾਂਦੇ ਹੋਏ ਬ੍ਰਾਹਮਣਵਾਦੀ ਵਿਚਾਰਧਾਰ ਅਨੁਸਾਰ ਉਹਨਾਂ ਉਤੇ ਸਮਾਜਿਕ ਪਾਰਟੀਆਂ ਵਿੱਚ ਜਾਣ ਜਾਂ ਖਾਣ-ਪੀਣ ਸੁਚਮ-ਜੂਠ ਬਾਰੇ ਬੇਲੋੜੇ ਜੂੜੇ ਉਹਨਾਂ ਦੇ ਪੈਰਾਂ ਵਿੱਚ ਪਾ ਦਿੱਤੇ ਗਏ। ਜਗਮੀਤ ਦੀ ਜਿੱਤ ਨੇ ਇਹ ਭਰਮ ਵਿੱਚ ਤੋੜਿਆ ਹੈ ਤੇ ਸਿੱਧ ਕੀਤਾ ਕਿ ਆਪਣੇ ਧਾਰਮਿਕ ਅਕੀਦੇ ਦੇ ਦ੍ਰਿੜਤਾ ਨਾਲ ਪਹਿਰਾ ਦਿੰਦਿਆਂ ਸਿੱਖ ਬਿਨਾ ਕਿਸੇ ਰੋਕ ਟੋਕ ਤੋ ਕਿਤੇ ਵੀ ਕਿਸੇ ਨਾਲ ਵੀ ਵਿਚਰ ਸਕਦਾ ਹੈ ।

ਇਸ ਸਮੁੱਚੇ ਵਰਤਾਰੇ ਨਾਲ ਉਹ ਸਿੱਖ ਨੌਜਵਾਨੀ ਜਰੂਰ ਸੁਰਖ਼ਰੂ ਮਹਿਸੂਸ ਕਰ ਰਹੀ ਹੈ ਜੋ ਧਰਮ ਦੇ ਮਾਰਗ ਦੇ ਚਲਣਾ ਚਾਹੁੰਦੀ ਹੈ ਪਰ ਗੋਰਖਨਾਥ ਦੇ ਜੋਗੀਆਂ ਵਾਗਰ ਨਹੀਂ ਗੁਰੁ ਨਾਨਕ ਦੇ ਸਿੱਖਾਂ ਵਾਗ । ਇਹਨਾਂ ਸਾਰੇ ਭਰਮਾਂ ਦੇ ਟੁਟਣ ਦਾ ਅਸਰ ਭਾਵੇਂ ਇਕਦਮ ਨਜ਼ਰ ਨਾ ਆਵੇ ਪਰ ਬਿਨਾਂ ਸ਼ੱਕ ਆਉਣ ਵਾਲੇ ਸਾਲਾਂ ਵਿੱਚ ਸਿੱਖ ਕੌਮ ਲਈ ਇਹ ਜਰੂਰ ਕਾਰਗਾਰ ਸਿੱਧ ਹੋਣਗੇ ਤੇਂ ਮੀਰੀ ਪੀਰੀ ਦੇ ਤਰਜਮਾਨ ਆਪਣੇ ਸੱਰਬਤ ਦੇ ਭਲੇ ਦੇ ਸੰਕਲਪ ਰਾਹੀ ਦਿਨੋ ਦਿਨ ਨਫਰਤ ਦੇ ਕਸ਼ੀਦਗੀ ਨਾਲ ਭਰਦੀ ਜਾ ਰਹੀ ਇਸ ਦੁਨੀਆਂ ਲਈ ਰਾਹ ਦਸੇਰੇ ਬਣਨਗੇ ਜਰੂਰ ਬਣਨਗੇ ਪਰ ਹਾਂ ਚੋਬਦਾਰ ਬਣ ਕੇ ਨਹੀਂ ਜਥੇਦਾਰ ਬਣ ਕੇ।

# ਖ਼ੁਦਕੁਸ਼ੀਆਂ ਦੀ ਫ਼ਸਲ ਤੇ ਸਰਕਾਰ ਦੀ ਟਾਲ-ਮਟੋਲ

**ਕਿਸਾਨ ਮੇਲੇ ਦੌਰਾਨ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਸਾਨਾਂ ਨੂੰ ਇੱਕ ਡੰਗ ਰੋਟੀ ਖਾ ਕੇ ਵੀ ਬੱਚੇ ਪੜ੍ਹਾਉਣ ਦੀ ਨਸੀਹਤ ਦਿੱਤੀ, ਪਰ ਉਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਕਿ ਇੱਕ ਡੰਗ ਦੀ ਰੋਟੀ ਛੱਡ ਕੇ ਵੀ ਇੰਨੀ ਮਹਿੰਗੀ ਵਿੱਦਿਆ ਨਹੀਂ ਦਿੱਤੀ ਜਾ ਸਕਦੀ। ਉਂਜ ਵੀ ਕਿਸਾਨ ਔਖੇ ਹੋ ਕੇ ਆਪਣੇ ਬੱਚਿਆਂ ਨੂੰ ਪੜ੍ਹਾਈ ਕਿਉਂ ਕਰਵਾਉਣ ਜਦੋਂਕਿ ਲੱਖਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰਾਂ ਰੁਜ਼ਗਾਰ ਨਹੀਂ ਦੇ ਰਹੀਆਂ। ਵਿਧਾਨ ਸਭਾ ਦੇ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ਨੇ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ-ਮਜ਼ਦੂਰਾਂ ਨੂੰ ਬੁਜ਼ਦਿਲ ਕਹਿ ਕੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਹੈ।**





**ਮੋਹਨ ਸਿੰਘ (ਡਾ.)**
ਮੋਬਾਈਲ : 78883-27695

ਛੇ ਮਹੀਨਿਆਂ ਤੋਂ ਪੰਜਾਬ ਸਰਕਾਰ ਕਿਸਾਨ-ਮਜ਼ਦੂਰ ਕਰਜ਼ਿਆਂ ਅਤੇ ਖ਼ੁਦਕੁਸ਼ੀਆਂ ਦੇ ਮੁੱਦੇ ਨੂੰ ਲਗਾਤਾਰ ਟਾਲਦੀ ਆ ਰਹੀ ਹੈ। ਗੁਰਦਾਸਪੁਰ ਜ਼ਿਮਨੀ ਚੋਣਾਂ ਦੇ ਮੱਦੇਨਜ਼ਰ ਸਰਕਾਰ ਨੇ ਕਰਜ਼ਾ ਮੁਆਫ਼ੀ ਦਾ ਨੋਟੀਫਿਕੇਸ਼ਨ ਤਾਂ ਜਾਰੀ ਕਰ ਦਿੱਤਾ, ਪਰ ਅਜੇ ਤਕ ਬੈਂਕਾਂ ਤੋਂ ਸਰਕਾਰ ਨੂੰ ਹਰੀ ਝੰਡੀ ਦੀ ਉਡੀਕ ਹੈ। ਜ਼ਿਮਨੀ ਚੋਣਾਂ ਦੌਰਾਨ ਮੰਡੀ ਬੋਰਡ ਦੇ ਚੇਅਰਮੈਨ ਨੇ ਕਿਹਾ ਸੀ ਕਿ ਕਰਜ਼ਾ ਮੁਆਫ਼ੀ ਦਾ ਅਮਲ ਗੁਰਦਾਸਪੁਰ ਦੀਆਂ ਚੋਣ ਤੋਂ ਬਾਅਦ ਫੌਰੀ ਸ਼ੁਰੂ ਕਰ ਦਿੱਤਾ ਜਾਵੇਗਾ, ਪਰ ਹੁਣ ਚੋਣ ਮਗਰੋਂ ਵੀ ਕਈ ਦਿਨ ਹਿੱਲਜੁੱਲ ਦਿਖਾਈ ਨਹੀਂ ਦਿੱਤੀ। ਇਸ ਤਰ੍ਹਾਂ ਅਮਲੀ ਰੂਪ ਵਿੱਚ ਕੁਝ ਠੋਸ ਅਜੇ ਸਾਹਮਣੇ ਆਉਣਾ ਬਾਕੀ ਹੈ। ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਲੋਕਾਂ ਨਾਲ ਤਰ੍ਹਾਂ ਤਰ੍ਹਾਂ ਦੇ ਵਾਅਦੇ ਕੀਤੇ ਸਨ, ਪਰ ਕਿਸਾਨਾਂ-ਮਜ਼ਦੂਰਾਂ ਲਈ ਕਰਜ਼ਾ ਮੁਆਫ਼ੀ ਅਤੇ ਝੋਨੇ ਦੀ ਪਰਾਲੀ ਨੂੰ ਸਾੜਨ ਦੇ ਮੁੱਦੇ ਉਨ੍ਹਾਂ ਲਈ ਗਲੇ ਦੀ ਹੱਡੀ ਬਣੇ ਹੋਏ ਹਨ। ਇਨ੍ਹਾਂ ਮੁੱਦਿਆਂ ਨੇ ਕਿਸਾਨਾਂ-ਮਜ਼ਦੂਰਾਂ ਤੇ ਸਰਕਾਰ ਦਰਮਿਆਨ ਤਿੱਖਾ ਟਕਰਾਅ ਪੈਦਾ ਕਰ ਦਿੱਤਾ ਹੈ। ਕਿਸਾਨਾਂ-ਮਜ਼ਦੂਰਾਂ ਨੂੰ ਆਪਣੀਆਂ ਮੰਗਾਂ ਮਨਵਾਉਣ ਲਈ ਵੱਡੇ ਅੰਦੋਲਨ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਕਾਂਗਰਸ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਆਪਣੇ ਚੋਣ ਮੈਨੀਫੈਸਟੋ ਵਿੱਚ ਪੰਜਾਬ ਦੇ ਕਿਸਾਨਾਂ ਅਤੇ ਪੇਂਡੂ ਮਜ਼ਦੂਰਾਂ ਦੇ ਹਰ ਕਿਸਮ ਦੇ ਕਰਜ਼ੇ ਨੂੰ ਮੁਆਫ਼ ਕਰਨ, ਮੁਫ਼ਤ ਬਿਜਲੀ ਜਾਰੀ ਰੱਖਣ, ਫ਼ਸਲੀ ਵਿਭਿੰਨਤਾ ਲਿਆਉਣ, ਫ਼ਸਲਾਂ ਅਤੇ ਸਿਹਤ ਦਾ ਮੁਫ਼ਤ ਬੀਮਾ ਕਰਨ, ਡੇਅਰੀ ਕਿੱਤੇ ਨੂੰ ਵਿਕਸਤ ਕਰਨ, ਘਰ ਦੇ ਇੱਕ ਮੈਂਬਰ ਨੂੰ ਰੁਜ਼ਗਾਰ ਦੇਣ ਅਤੇ ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਦੇਣ ਦੇ ਵਾਅਦੇ ਕੀਤੇ ਸਨ। ਜਿਉਂ ਜਿਉਂ ਸਮਾਂ ਬੀਤਦਾ ਗਿਆ, ਸਰਕਾਰ ਆਪਣੇ ਵਾਅਦਿਆਂ ਤੋਂ ਪਿੱਛੇ ਖਿਸਕਦੀ ਗਈ ਹੈ। ਸਾਰਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਸੁੰਗੜ ਕੇ ਸਿਰਫ਼ ਸੀਮਾਂਤਕ (ਢਾਈ ਏਕੜ ਤਕ) ਅਤੇ ਛੋਟੇ (ਢਾਈ ਤੋਂ ਪੰਜ ਏਕੜ ਤਕ ਵਾਲੇ) ਕਿਸਾਨ ਪਰਿਵਾਰਾਂ ਦੇ 31 ਮਾਰਚ 2017 ਤਕ ਦੇ ਬੈਂਕਾਂ ਤੋਂ ਲਏ ਮਹਿਜ਼ 2 ਲੱਖ ਰੁਪਏ ਦੇ ਫ਼ਸਲੀ ਕਰਜ਼ੇ ਅਤੇ ਪਹਿਲੀ ਅਪ੍ਰੈਲ 2017 ਤੋਂ ਬੈਂਕ ਵਿਆਜ ਮੁਆਫ਼ ਕਰਨ ਤਕ ਰਹਿ ਗਿਆ ਹੈ ਜਦੋਂਕਿ ਪੇਂਡੂ ਮਜ਼ਦੂਰਾਂ ਦੀ ਕਰਜ਼ਾ ਮੁਆਫ਼ੀ ਬਾਰੇ ਕਮੇਟੀ ਬਣਾ ਕੇ ਚੁੱਪ ਵੱਟ ਲਈ ਗਈ ਹੈ।

ਕੈਪਟਨ ਸਰਕਾਰ ਹੁਣ ਕਰਜ਼ਾ ਕਿਵੇਂ ਮੁਆਫ਼ ਕਰਦੀ ਹੈ, ਇਹ ਵੱਖਰੀ ਗੱਲ ਹੈ। ਪਰ ਕਿਸੇ ਸਮੇਂ ਖੇਤੀਬਾੜੀ ਦੇ ਖੋਜ ਵਿਕਾਸ ਲਈ ਜਾਣੀ ਜਾਂਦੀ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਸਰਕਾਰ ਦੀਆਂ ਕਿਸਾਨ-ਮਜ਼ਦੂਰ ਵਿਰੋਧੀ ਆਰਥਿਕ ਨੀਤੀਆਂ ਦੀ ਬਜਾਏ ਹੁਣ 'ਸਾਦੇ ਵਿਆਹ-ਸਾਦੇ ਭੋਗ, ਨਾ ਕਰਜ਼ਾ-ਨਾ ਚਿੰਤਾ ਰੋਗ' ਦੇ ਨਾਅਰੇ ਤਹਿਤ ਵਿਆਹਾਂ-ਭੋਗਾਂ ਉੱਤੇ ਹੁੰਦੇ ਖ਼ਰਚ 'ਤੇ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਪੀਏਯੂ ਦੇ ਉਪ ਕੁਲਪਤੀ ਮੁਤਾਬਕ ਅਧਿਐਨ ਰਿਪੋਰਟਾਂ ਵਿੱਚ ਕਿਸਾਨ ਕਰਜ਼ੇ ਅਤੇ ਖ਼ੁਦਕੁਸ਼ੀਆਂ ਦੇ ਆਰਥਿਕ ਕਾਰਨਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਮੁਤਾਬਕ ਭਾਈਚਾਰਕ ਸਾਂਝ ਦਾ ਟੁੱਟਣਾ ਖ਼ੁਦਕੁਸ਼ੀਆਂ ਦਾ ਵੱਡਾ ਕਾਰਨ ਹੈ ਤੇ ਅਜਿਹੇ ਮੌਕਿਆਂ 'ਤੇ ਕਿਸਾਨਾਂ ਨੂੰ ਹੱਲਾਸ਼ੇਰੀ ਦੇਣ ਦੀ ਲੋੜ ਹੈ। ਪੰਜਾਬ ਦੇ ਕਿਸਾਨਾਂ ਦੀ ਪ੍ਰਤੀ ਏਕੜ ਆਮਦਨ ਸਾਰੇ ਭਾਰਤ ਨਾਲੋਂ ਵੱਧ ਹੈ। ਪਰ ਵੀਸੀ ਸ਼ਾਇਦ ਇਹ ਭੁੱਲ ਗਏ ਕਿ ਪੰਜਾਬ ਦੀਆਂ ਖੇਤੀ ਲਾਗਤਾਂ ਅਤੇ ਹੋਰ ਘਰੇਲੂ ਖ਼ਰਚੇ ਵੀ ਸਾਰੇ ਭਾਰਤ ਨਾਲੋਂ ਵੱਧ ਹਨ।

ਬਰਤਾਨਵੀ ਰਾਜ ਸਮੇਂ ਵੀ ਪੰਜਾਬ ਦਾ ਕਿਸਾਨ ਕਰਜ਼ੇ ਥੱਲੇ ਰਹਿੰਦਾ ਸੀ, ਪਰ ਖ਼ੁਦਕੁਸ਼ੀ ਨਹੀਂ ਕਰਦਾ ਸੀ ਕਿਉਂਕਿ ਉਸ ਸਮੇਂ ਸਾਂਝਾ ਭਾਈਚਾਰਾ ਹੁੰਦਾ ਸੀ ਜਿਹੜਾ ਬਰਤਾਨਵੀ ਹਕੂਮਤ ਦੇ ਕੂੜ ਪ੍ਰਚਾਰ ਕਰਕੇ ਕਰਜ਼ੇ ਨੂੰ ਕਿਸਾਨਾਂ ਵੱਲੋਂ ਖ਼ੁਦ ਦੀਆਂ ਸਹੇੜੀਆਂ ਹੋਈਆਂ 'ਭੈੜੀਆਂ ਵਾਦੀਆਂ' ਜਾਂ ਫਿਰ ਕਾਲ ਅਤੇ ਬੰਦਿਆਂ ਤੇ ਪਸ਼ੂਆਂ ਨੂੰ ਪੈਂਦੀਆਂ ਮਹਾਂਮਾਰੀਆਂ ਨੂੰ ਕੁਦਰਤੀ ਹੋਣੀ ਸਮਝਦਾ ਸੀ। ਪਰ 1947 ਤੋਂ ਬਾਅਦ ਅਮਰੀਕੀ ਸਾਮਰਾਜ ਵੱਲੋਂ ਥੋਪੇ ਗਏ 'ਹਰੇ ਇਨਕਲਾਬ' ਅਤੇ 1990ਵਿਆਂ ਤੋਂ ਬਾਅਦ ਨਵ-ਉਦਾਰਵਾਦੀ ਨੀਤੀਆਂ ਕਾਰਨ ਕਿਸਾਨਾਂ-ਮਜ਼ਦੂਰਾਂ ਨੂੰ ਸਾਫ਼ ਦਿਖਾਈ ਦਿੰਦਾ ਹੈ ਕਿ ਉਨ੍ਹਾਂ ਸਿਰ ਕਰਜ਼ੇ ਦਾ ਕਾਰਨ ਖੇਤੀਬਾੜੀ ਦਾ ਲਾਗਤਾਂ ਪੱਖੋਂ ਦੇਸੀ-ਵਿਦੇਸ਼ੀ ਕੰਪਨੀਆਂ ਦੇ ਮਹਿੰਗੇ ਮਾਲ 'ਤੇ ਨਿਰਭਰ ਹੋਣਾ ਹੈ। ਖੇਤੀਬਾੜੀ ਵਿੱਚ ਪੂੰਜੀਵਾਦ ਨੇ ਪੁਰਾਣੇ ਸਾਂਝੇ ਭਾਈਚਾਰੇ ਤਰਖਾਣ, ਲੁਹਾਰ ਦੀ ਕਿਰਤ ਵੰਡ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ ਅਤੇ ਰਿਸ਼ਤਿਆਂ ਵਿੱਚ ਅਪਣੱਤ ਦੀ ਥਾਂ ਪੂੰਜੀ ਨੇ ਲੈ ਲਈ ਹੈ। ਸਮਾਜ ਵਿੱਚ ਮਾਨਵਤਾ ਦੀ ਥਾਂ ਬੇਗਾਨਗੀ ਨੇ ਲੈ ਲਈ ਹੈ। ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਪੇਂਡੂ ਮਜ਼ਦੂਰ ਅਤੇ ਸੀਮਾਂਤ ਤੇ ਛੋਟੇ ਕਿਸਾਨ ਇੰਨੇ ਕਰਜ਼ਈ ਹੋ ਚੁੱਕੇ ਹਨ ਕਿ ਉਹ ਕਰਜ਼ਾ ਲਾਹੁਣ ਦੀ ਹਾਲਤ ਵਿੱਚ ਨਹੀਂ ਹਨ। ਉਹ ਜਾਣਦੇ ਹਨ ਕਿ ਉਨ੍ਹਾਂ ਸਿਰ ਕਰਜ਼ਾ ਫਜ਼ੂਲ-ਖ਼ਰਚੀ ਕਾਰਨ ਨਹੀਂ ਚੜ੍ਹਿਆ। ਜਿੱਥੋਂ ਤਕ ਕਿਸਾਨਾਂ ਦੇ ਖ਼ਰਚੇ ਅਤੇ ਕਰਜ਼ੇ ਦਾ ਸਬੰਧ ਹੈ, ਪੀਏਯੂ ਦੇ ਅਧਿਐਨਾਂ ਮੁਤਾਬਕ ਕਿਸਾਨ ਕਰਜ਼ੇ ਦਾ ਤਿੰਨ-ਚੌਥਾਈ ਹਿੱਸਾ ਖੇਤੀਬਾੜੀ ਪੈਦਾਵਾਰ ਲਾਗਤਾਂ (ਉਪਜਾਊ ਖ਼ਰਚ) ਅਤੇ ਇਸ ਦਾ ਸਿਰਫ਼ 7.7 ਫ਼ੀਸਦੀ ਵਿਆਹਾਂ, ਭੋਗਾਂ (ਅਣਉਪਜਾਊ ਕੰਮਾਂ) 'ਤੇ ਲੱਗਦਾ ਹੈ। ਇਸ ਦੇ ਬਾਵਜੂਦ ਪੀਏਯੂ ਦੇ ਕਿਸਾਨ ਮੇਲੇ ਵਿੱਚ ਜਾਰੀ ਕੀਤੇ ਕਿਤਾਬਚੇ ਵਿੱਚ 'ਸਾਦੇ ਵਿਆਹ-ਸਾਦੇ ਭੋਗ' ਰਾਹੀਂ ਕਿਸਾਨ ਖ਼ੁਦਕੁਸ਼ੀਆਂ ਦੇ ਅਸਲੀ ਕਾਰਨਾਂ 'ਤੇ ਪਰਦਾ ਪਾਉਣ ਦੀ ਕੋਸ਼ਿਸ ਕੀਤੀ ਗਈ ਹੈ।

ਕਿਸਾਨ ਮੇਲੇ ਦੌਰਾਨ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਸਾਨਾਂ ਨੂੰ ਇੱਕ ਡੰਗ ਰੋਟੀ ਖਾ ਕੇ ਵੀ ਬੱਚੇ ਪੜ੍ਹਾਉਣ ਦੀ ਨਸੀਹਤ ਦਿੱਤੀ, ਪਰ ਉਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਕਿ ਇੱਕ ਡੰਗ ਦੀ ਰੋਟੀ ਛੱਡ ਕੇ ਵੀ ਇੰਨੀ ਮਹਿੰਗੀ ਵਿੱਦਿਆ ਨਹੀਂ ਦਿੱਤੀ ਜਾ ਸਕਦੀ। ਉਂਜ ਵੀ ਕਿਸਾਨ ਔਖੇ ਹੋ ਕੇ ਆਪਣੇ ਬੱਚਿਆਂ ਨੂੰ ਪੜ੍ਹਾਈ ਕਿਉਂ ਕਰਵਾਉਣ ਜਦੋਂਕਿ ਲੱਖਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰਾਂ ਰੁਜ਼ਗਾਰ ਨਹੀਂ ਦੇ ਰਹੀਆਂ। ਵਿਧਾਨ ਸਭਾ ਦੇ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ਨੇ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ-ਮਜ਼ਦੂਰਾਂ ਨੂੰ ਬੁਜ਼ਦਿਲ ਕਹਿ ਕੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਹੈ। ਕੀ ਮੀਂਹ, ਹਨੇਰੀਆਂ, ਝੱਖੜਾਂ ਅਤੇ ਸੱਪਾਂ ਦੀਆਂ ਸਿਰੀਆਂ ਮਿਧਦੇ ਪੰਜਾਬ ਦੇ 15 ਹਜ਼ਾਰ ਤੋਂ ਵੱਧ ਅਤੇ ਭਾਰਤ ਦੇ 3.5 ਲੱਖ ਤੋਂ ਵੱਧ ਖੇਤੀ ਕਾਮਿਆਂ ਨੇ ਪਿਛਲੇ ਦੋ ਦਹਾਕਿਆਂ ਤੋਂ ਬੁਜ਼ਦਿਲੀ ਕਾਰਨ ਖ਼ੁਦਕੁਸ਼ੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ? ਖ਼ੁਦਕੁਸ਼ੀ ਕਰਨਾ ਮਨੁੱਖ ਦੀ ਸਭ ਤੋਂ ਵੱਡੀ ਤ੍ਰਾਸਦੀ ਹੁੰਦਾ ਹੈ। ਕੋਈ ਵੀ ਮਿਹਨਤੀ ਵਿਅਕਤੀ ਉਦੋਂ ਖ਼ੁਦਕੁਸ਼ੀ ਕਰਦਾ ਹੈ, ਜਦੋਂ ਉਸ ਨੂੰ ਕੋਈ ਹੋਰ ਰਸਤਾ ਦਿਖਾਈ ਨਹੀਂ ਦਿੰਦਾ। ਪੇਂਡੂ ਮਜ਼ਦੂਰਾਂ ਅਤੇ ਕਿਸਾਨਾਂ ਦੀ ਉਪਜੀਵਕਾ ਦਾ ਸਾਧਨ ਜ਼ਮੀਨ ਹੁੰਦੀ ਹੈ, ਪਰ ਹੱਥੋਂ ਜ਼ਮੀਨ ਖਿਸਕਣ ਕਾਰਨ ਪੰਜਾਬ ਦੇ ਦੋ ਲੱਖ ਛੋਟੇ ਕਿਸਾਨ ਖੇਤੀਬਾੜੀ ਛੱਡ ਚੁੱਕੇ ਹਨ। ਉਹ ਆਪਣੀ ਜ਼ਮੀਨ ਜਾਇਦਾਦ ਵੇਚ ਕੇ ਵੀ ਬੱਚਿਆਂ ਦੀ ਪੜ੍ਹਾਈ, ਬਿਮਾਰੀ ਅਤੇ ਰੋਜ਼ਮੱਰਾ ਦੇ ਮਹਿੰਗੇ ਖ਼ਰਚਿਆਂ ਕਾਰਨ ਆਪਣਾ ਜੀਵਨ ਪੱਧਰ ਬਰਕਰਾਰ ਨਹੀਂ ਰੱਖ ਸਕਦੇ। ਬੈਂਕਾਂ, ਸ਼ਾਹੂਕਾਰਾਂ ਅਤੇ ਰਿਸ਼ਤੇਦਾਰਾਂ ਕੋਲੋਂ ਉਨ੍ਹਾਂ ਦੇ ਉਧਾਰ ਸੋਮੇ ਵੀ ਖ਼ਤਮ ਹੋ ਚੁੱਕੇ ਹਨ। ਬੇਗਾਨਗੀ ਅਤੇ ਚਿੰਤਾ ਦੇ ਆਲਮ ਵਿੱਚ ਉਨ੍ਹਾਂ ਕੋਲ ਖ਼ੁਦਕੁਸ਼ੀਆਂ ਤੋਂ ਬਿਨਾਂ ਕੋਈ ਚਾਰਾ ਨਹੀਂ ਬਚਦਾ। ਮਸ਼ੀਨੀਕਰਨ ਅਤੇ ਰਸਾਇਣਾਂ ਦੀ ਵੱਡੇ ਪੱਧਰ 'ਤੇ ਵਰਤੋਂ ਨੇ ਪੇਂਡੂ ਮਜ਼ਦੂਰਾਂ ਦਾ ਰੁਜ਼ਗਾਰ ਖਾ ਲਿਆ ਹੈ। ਉਹ ਪਿਛਲੇ ਛੇ ਮਹੀਨਿਆਂ ਤੋਂ ਸਰਕਾਰ ਦੀ ਬੇਰੁਖ਼ੀ ਕਾਰਨ ਘੋਰ ਨਿਰਾਸ਼ਾ ਵਿੱਚ ਹਨ। ਜਦੋਂ ਯੂਨੀਅਨਾਂ ਦੀ ਅਗਵਾਈ ਹੇਠ ਕਿਸਾਨ ਸੰਘਰਸ਼ ਕਰਨ ਲਈ ਮਜਬੂਰ ਹੁੰਦੇ ਹਨ ਤਾਂ ਮੁੱਖ ਮੰਤਰੀ ਸਾਹਿਬ ਕਹਿੰਦੇ ਹਨ ਕਿ ਯੂਨੀਅਨਾਂ ਦੇ ਆਗੂ, ਕਿਸਾਨਾਂ ਨੂੰ ਗੁੰਮਰਾਹ ਕਰ ਰਹੇ ਹਨ।

ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਕਿਸਾਨਾਂ ਦੀ ਹਾਲਤ ਬਰਤਾਨਵੀ ਹਕੂਮਤ ਨਾਲੋਂ ਵੀ ਬਦਤਰ ਹੋਈ ਹੈ। ਬਰਤਾਨਵੀ ਰਾਜ ਸਮੇਂ ਬੰਗਾਲ ਵਿੱਚ 30 ਲੱਖ ਲੋਕ ਅਤੇ ਪੰਜਾਬ ਵਿੱਚ 1850 ਤੋਂ 1900 ਵਿਚਕਾਰ 25 ਵਾਰੀ ਸੋਕਾ ਪੈਣ ਨਾਲ ਕਰਜ਼ੇ ਥੱਲੇ ਦੱਬੇ ਲੱਖਾਂ ਗ਼ਰੀਬ ਲੋਕ ਭੁੱਖੇ ਮਰ ਗਏ ਸਨ। ਉਨ੍ਹਾਂ ਨੇ ਖ਼ੁਦਕੁਸ਼ੀਆਂ ਇਸ ਕਰਕੇ ਨਹੀਂ ਕੀਤੀਆਂ ਕਿਉਂਕਿ ਉਹ ਇਸ ਨੂੰ 'ਰੱਬ ਦਾ ਭਾਣਾ' ਮੰਨਦੇ ਸਨ। ਇਸ ਰੱਬ ਦੇ ਭਾਣੇ ਵਿੱਚ ਨਾ ਅੰਗਰੇਜ਼, ਨਾ ਜਾਗੀਰਦਾਰ ਅਤੇ ਨਾ ਹੀ ਸ਼ਾਹੂਕਾਰ ਮਰਿਆ। ਹੁਣ ਆਜ਼ਾਦ ਭਾਰਤ ਵਿੱਚ ਖ਼ੁਦਕੁਸ਼ੀਆਂ ਕਰਨ ਵਾਲੇ ਵੀ ਗ਼ਰੀਬ ਕਿਸਾਨ-ਮਜ਼ਦੂਰ ਹੀ ਹਨ, ਪਰ ਹੁਣ ਉਹ ਜਾਣਦੇ ਹਨ ਕਿ ਇਹ ਰੱਬ ਦਾ ਭਾਣਾ ਨਹੀਂ ਸਗੋਂ ਸਰਕਾਰਾਂ ਅਤੇ ਸਾਮਰਾਜੀ ਦੇਸ਼ਾਂ ਦੀ ਕਰੋਪੀ ਹੈ। ਭਾਰਤੀ ਸਰਕਾਰ ਵਾਂਗ ਬ੍ਰਿਟਿਸ਼ ਹਕੂਮਤ ਵੀ ਪੰਜਾਬ ਦੇ ਕਿਸਾਨਾਂ ਨੂੰ ਸ਼ਰਾਬੀ, ਮੁਕੱਦਮੇਬਾਜ਼ ਅਤੇ 'ਜੱਟ-ਬੂਟ' ਸਮਝਦੀ ਸੀ। ਬਰਤਾਨਵੀ ਹਕੂਮਤ ਬਸਤੀਵਾਦੀਆਂ, ਸ਼ਾਹੂਕਾਰਾਂ ਅਤੇ ਜਾਗੀਰਦਾਰਾਂ ਵੱਲੋਂ ਕੀਤੀ ਜਾਂਦੀ ਅੰਨ੍ਹੀ ਲੁੱਟ 'ਤੇ ਪਰਦਾਪੋਸ਼ੀ ਕਰਦੀ ਸੀ। ਹੁਣ ਦੇਸ਼ ਦੇ ਹਾਕਮਾਂ ਵੱਲੋਂ ਕਾਰਪਰੇਟਾਂ ਦੇ ਹਿੱਤ ਪਾਲਣ ਲਈ ਖੇਤੀਬਾੜੀ ਨੂੰ ਘਾਟੇ ਵਾਲਾ ਧੰਦਾ ਬਣਾ ਕੇ ਕਰਜ਼ੇ ਅਤੇ ਖ਼ੁਦਕੁਸ਼ੀਆਂ ਦਾ ਭਾਂਡਾ ਵੀ ਕਿਸਾਨਾਂ-ਮਜ਼ਦੂਰਾਂ ਸਿਰ ਹੀ ਭੰਨਿਆ ਜਾ ਰਿਹਾ ਹੈ।

ਕਿਸਾਨੀ ਕਰਜ਼ੇ ਅਤੇ ਖ਼ੁਦਕੁਸ਼ੀਆਂ ਦੇ ਅਸਲੀ ਕਾਰਨ ਜ਼ਮੀਨ ਦੀ ਅਸਾਵੀਂ ਵੰਡ; ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਜ਼ਮੀਨ ਮਹਿੰਗੇ ਠੇਕੇ 'ਤੇ ਮਿਲਣਾ; ਵਪਾਰਕ ਸ਼ਰਤਾਂ ਜਾਂ ਘੱਟੋ ਘੱਟ ਸਮਰਥਨ ਮੁੱਲ ਦਾ ਖੇਤੀਬਾੜੀ ਦੇ ਉਲਟ ਹੋਣਾ; ਖੇਤੀਬਾੜੀ ਲਾਗਤਾਂ ਦਾ ਵਧੇਰੇ ਹੋਣਾ; ਬੈਂਕਾਂ ਅਤੇ ਸ਼ਾਹੂਕਾਰਾਂ ਕੋਲੋਂ ਕਰਜ਼ਾ ਵੱਧ ਵਿਆਜ 'ਤੇ ਮਿਲਣਾ; ਕੁੱਲੀ, ਜੁੱਲੀ, ਗੁੱਲੀ, ਵਿੱਦਿਆ, ਸਿਹਤ, ਬਿਜਲੀ, ਪਾਣੀ ਅਤੇ ਜੀਵਨ ਦੀਆਂ ਹੋਰ ਜ਼ਰੂਰਤਾਂ ਦਾ ਦਿਨੋ ਦਿਨ ਮਹਿੰਗੀਆਂ ਹੋਣਾ; ਕਿਸਾਨਾਂ-ਮਜ਼ਦੂਰਾਂ ਦੀ ਆਮਦਨ ਨਾਲੋਂ ਖ਼ਰਚਾ ਵੱਧ ਹੋਣਾ ਹਨ। ਕਰਜ਼ੇ ਅਤੇ ਖ਼ੁਦਕੁਸ਼ੀਆਂ ਵਿੱਚ ਪਿਛਾਂਹ-ਖਿੱਚੂ ਰਸਮਾਂ-ਰਿਵਾਜਾਂ ਦਾ ਦੋਇਮ ਦਰਜੇ ਦਾ ਰੋਲ ਹੈ। ਇਹ ਮੌਜੂਦਾ ਨਿੱਜੀ ਜਾਇਦਾਦ ਪ੍ਰਧਾਨ ਵਿਵਸਥਾ ਦੀ ਦੇਣ ਹਨ ਅਤੇ ਇਨ੍ਹਾਂ ਦਾ ਹੱਲ ਵੀ ਇਸ ਦੇ ਖਾਤਮੇ ਨਾਲ ਹੀ ਜੁੜਿਆ ਹੋਇਆ ਹੈ। ਇਸ ਦੇ ਬਾਵਜੂਦ ਵਿਆਹਾਂ ਅਤੇ ਭੋਗਾਂ 'ਤੇ ਖ਼ਰਚਾ ਘਟਾਉਣ ਲਈ ਪਿੰਡਾਂ ਸ਼ਹਿਰਾਂ ਵਿੱਚ ਕਮਿਊਨਿਟੀ ਹਾਲ ਬਣਾਉਣ; ਮੌਜੂਦਾ ਮੈਰਿਜ ਪੈਲੇਸ ਸਰਕਾਰ ਵੱਲੋਂ ਆਪਣੇ ਹੱਥ ਲੈ ਕੇ ਇਨ੍ਹਾਂ ਨੂੰ 'ਨਾ ਹਾਨੀ, ਨਾ ਮੁਨਾਫ਼ੇ' 'ਤੇ ਦੇਣ; ਵਿਆਹਾਂ ਲਈ ਸਾਰੀ ਸਮੱਗਰੀ ਜਨਤਕ ਵੰਡ ਪ੍ਰਣਾਲੀ ਰਾਹੀਂ ਸਬਸਿਡੀ 'ਤੇ ਦੇਣ; ਮਨੋਵਿਗਿਆਨਕ ਬਿਮਾਰੀਆਂ ਦਾ ਮੁਫ਼ਤ ਇਲਾਜ ਕਰਵਾਉਣ; ਖ਼ੁਦਕੁਸ਼ੀਆਂ ਨੂੰ ਫੌਰੀ ਰੋਕਣ ਲਈ 2 ਸਾਲ ਦੀ ਆਮਦਨ ਨਾਲੋਂ ਜ਼ਿਆਦਾ ਕਰਜ਼ੇ ਨੂੰ ਯਕਮੁਸ਼ਤ ਮੁਆਫ਼ ਕਰਨ; ਬਾਕੀ ਕਰਜ਼ੇ ਨੂੰ ਬਿਨਾਂ ਵਿਆਜ ਦੋ ਸਾਲਾਂ ਲਈ ਅੱਗੇ ਪਾਉਣ; ਜ਼ਮੀਨ ਦੀ ਅਸਾਵੀਂ ਵੰਡ ਦੀ ਮੁੜ ਵਿਉਂਤਬੰਦੀ ਕਰਕੇ ਸਾਂਝੇ ਫਾਰਮ ਬਣਾਉਣ; ਪਿੰਡਾਂ ਵਿੱਚ ਸਹਿਕਾਰੀ ਸਨਅਤ ਲਾਉਣ; ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ; ਖੇਤੀ ਲਾਗਤਾਂ ਵਾਲੀਆਂ ਕੰਪਨੀਆਂ 'ਤੇ ਸਰਕਾਰੀ ਕੰਟਰੋਲ ਕਰਕੇ ਜਾਂ ਸਰਕਾਰ ਅਧੀਨ ਲਿਆ ਕੇ ਸਸਤੀਆਂ ਕਰਨ; ਕਿਸਾਨਾਂ ਤੇ ਮਜ਼ਦੂਰਾਂ ਲਈ ਅਲੱਗ ਬੈਂਕ ਬਣਾਉਣ; ਜਨਤਕ ਵੰਡ ਪ੍ਰਣਾਲੀ ਨੂੰ ਮੁੜ ਸ਼ੁਰੂ ਕਰਨ; ਮਜ਼ਦੂਰਾਂ ਦੀ ਆਮਦਨ ਵਧਾਉਣ, ਘਰ ਮੁਹੱਈਆ ਕਰਨ, ਪੱਕਾ ਰੁਜ਼ਗਾਰ ਅਤੇ ਪੈਨਸ਼ਨ ਦੇਣ ਵਰਗੇ ਕਦਮ ਚੁੱਕਣੇ ਚਾਹੀਦੇ ਹਨ।

## ਕਿਸਾਨਾਂ ਨੂੰ '800 ਕਰੋੜ' ਵਿੱਚ ਪਏ ਕਰਜ਼ ਮੁਆਫੀ ਦੇ 'ਲਾਰੇ'

**ਬਠਿੰਡਾ/ਚਰਨਜੀਤ ਭੁੱਲਰ :** ਪੰਜਾਬ ਭਰ ਦੇ ਉਨ੍ਹਾਂ ਕਿਸਾਨਾਂ ਨੂੰ ਕਰਜ਼ਾ ਮੁਆਫ਼ੀ ਦੀ ਝਾਕ ਨੇ ਕਰੀਬ 800 ਕਰੋੜ ਦਾ ਰਗੜਾ ਲਾ ਦਿੱਤਾ ਹੈ, ਜਿਨ੍ਹਾਂ ਨੇ 'ਲੰਮੇ ਸਮੇਂ ਦੇ ਕਰਜ਼ੇ' ਚੁੱਕੇ ਹੋਏ ਸਨ। ਕਰਜ਼ਾ ਮੁਆਫ਼ੀ ਦੀ ਆਸ ਨੇ ਕਰੀਬ 33 ਹਜ਼ਾਰ ਨਵੇਂ ਕਿਸਾਨਾਂ ਨੂੰ ਡਿਫਾਲਟਰ ਬਣਾ ਦਿੱਤਾ ਹੈ। ਜਦੋਂ ਪੰਜਾਬ ਚੋਣਾਂ ਤੋਂ ਪਹਿਲਾਂ ਸਿਆਸੀ ਧਿਰਾਂ ਨੇ ਕਰਜ਼ਾ ਮੁਆਫ਼ੀ ਦੇ ਐਲਾਨ ਕੀਤੇ ਤਾਂ ਨਿਯਮਤ ਕਿਸ਼ਤਾਂ ਭਰਨ ਵਾਲੇ ਕਿਸਾਨਾਂ ਨੇ ਵੀ ਕਿਸ਼ਤਾਂ ਭਰਨੀਆਂ ਬੰਦ ਕਰ ਦਿੱਤੀਆਂ।

ਕੈਪਟਨ ਸਰਕਾਰ ਨੇ ਹੁਣ ਸਪਸ਼ਟ ਕੀਤਾ ਹੈ ਕਿ ਕਰਜ਼ਾ ਮੁਆਫ਼ੀ ਵਿੱਚ 'ਲੰਮੇ ਸਮੇਂ ਦੇ ਕਰਜ਼ੇ' ਸ਼ਾਮਲ ਨਹੀਂ ਹਨ, ਜਿਸ ਦਾ ਮਤਲਬ ਹੈ ਕਿ ਖੇਤੀ ਵਿਕਾਸ ਬੈਂਕਾਂ ਤੋਂ ਕਰਜ਼ਾ ਲੈਣ ਵਾਲੇ ਕਿਸਾਨ 'ਕਰਜ਼ਾ ਮੁਆਫ਼ੀ' ਦੇ ਘੇਰੇ ਵਿੱਚ ਨਹੀਂ ਆਉਂਦੇ ਹਨ। ਪੰਜਾਬ ਵਿੱਚ 89 ਖੇਤੀ ਵਿਕਾਸ ਬੈਂਕ ਹਨ, ਜਿਨ੍ਹਾਂ ਨੇ ਐਤਕੀਂ ਕਿਸਾਨਾਂ ਤੋਂ 1800 ਕਰੋੜ ਦੀ ਵਸੂਲੀ ਕਰਨੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲੀ ਅਕਤੂਬਰ 2016 ਨੂੰ ਪੰਜਾਬ ਵਿੱਚ ਖੇਤੀ ਵਿਕਾਸ ਬੈਂਕਾਂ ਦੇ ਡਿਫਾਲਟਰ ਕਿਸਾਨਾਂ ਦੀ ਗਿਣਤੀ 59,950 ਸੀ, ਜਿਨ੍ਹਾਂ ਸਿਰ 652 ਕਰੋੜ ਦਾ ਕਰਜ਼ਾ ਸੀ। ਹੁਣ ਇਨ੍ਹਾਂ ਬੈਂਕਾਂ ਦੇ ਡਿਫਾਲਟਰ ਕਿਸਾਨਾਂ ਦੀ ਗਿਣਤੀ ਵੱਧ ਕੇ 93,778 ਹੋ ਗਈ ਹੈ, ਜਿਨ੍ਹਾਂ ਸਿਰ ਕਰਜ਼ਾ ਵਧ ਕੇ 1440 ਕਰੋੜ ਰੁਪਏ ਹੋ ਗਿਆ ਹੈ। ਮੁਆਫ਼ੀ ਦੀ ਝਾਕ ਵਿੱਚ ਡਿਫਾਲਟਰਾਂ ਵਿੱਚ 33,828 ਕਿਸਾਨ ਨਵੇਂ ਜੁੜ ਗਏ ਅਤੇ ਕਰਜ਼ੇ ਵਿੱਚ ਵੀ 788 ਕਰੋੜ ਦਾ ਵਾਧਾ ਹੋ ਗਿਆ।

ਬੈਂਕ ਅਧਿਕਾਰੀ ਦੱਸਦੇ ਹਨ ਕਿ ਕਰਜ਼ਾ ਮੁਆਫ਼ੀ ਦੀ ਝਾਕ ਨੇ ਤਾਂ 'ਗੁੱਡ ਪੇਅ ਮਾਸਟਰਾਂ' ਉੱਤੇ ਵੀ ਦਾਗ਼ ਲਾ ਦਿੱਤਾ ਹੈ, ਜਿਨ੍ਹਾਂ ਨੂੰ ਰੈਗੂਲਰ ਕਿਸ਼ਤਾਂ ਤਾਰਨ 'ਤੇ ਬੈਂਕ ਵੱਲੋਂ 0.5 ਫ਼ੀਸਦ ਤੋਂ ਇੱਕ ਫ਼ੀਸਦ ਤੱਕ ਦੀ ਛੋਟ ਦਿੱਤੀ ਜਾਂਦੀ ਸੀ। ਪੰਜਾਬ ਭਰ ਦੇ ਖੇਤੀ ਵਿਕਾਸ ਬੈਂਕਾਂ ਦੀ ਕਰਜ਼ਾ ਮੁਆਫ਼ੀ ਨੇ ਚੂਲ ਹਿਲਾ ਕੇ ਰੱਖ ਦਿੱਤੀ ਹੈ। **ਬਾਕੀ ਸਫ਼ਾ 30 'ਤੇ**

# ਕਿਸਾਨ-ਮਜ਼ਦੂਰ ਕਰਜ਼ਾ ਮੁਆਫ਼ੀ : ਪੀੜਤ ਪਰਿਵਾਰ ਦੁਚਿਤੀ ਵਿਚ

**ਹਮੀਰ ਸਿੰਘ**

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਖ਼ੁਦਕੁਸ਼ੀ ਪੀੜਤ ਕਿਸਾਨ-ਮਜ਼ਦੂਰ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦੇ ਕੀਤੇ ਐਲਾਨ ਦੇ ਬਾਵਜੂਦ ਪੀੜਤ ਪਰਿਵਾਰ ਕਸੂਤੀ ਸਥਿਤੀ ਵਿੱਚ ਫਸੇ ਮਹਿਸੂਸ ਕਰ ਰਹੇ ਹਨ। ਬੈਂਕਾਂ ਨੇ ਝੋਨੇ ਅਤੇ ਨਰਮੇ ਦਾ ਸੀਜ਼ਨ ਆਉਂਦਿਆਂ ਹੀ ਪੀੜਤ ਪਰਿਵਾਰਾਂ ਨੂੰ ਮੁੜ ਨੋਟਿਸ ਭੇਜ ਕੇ ਕਰਜ਼ੇ ਦੀ ਰਾਸ਼ੀ ਵਿਆਜ ਸਮੇਤ ਭਰਨ ਜਾਂ ਅਦਾਲਤੀ ਪ੍ਰਕਿਰਿਆ ਦਾ ਸਾਹਮਣਾ ਕਰਨ ਦੇ ਨੋਟਿਸ ਭੇਜ ਦਿੱਤੇ ਹਨ। ਗੌਰਤਲਬ ਹੈ ਕਿ ਸਰਕਾਰ ਨੇ ਕਿਸਾਨਾਂ ਦੇ 2 ਲੱਖ ਰੁਪਏ ਤੱਕ ਦੇ ਫਸਲੀ ਕਰਜ਼ੇ ਬਾਰੇ ਨੋਟੀਫਿਕੇਸ਼ਨ ਕਰ ਦਿੱਤਾ ਹੈ ਪਰ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਕਰਜ਼ੇ ਸਬੰਧੀ ਖ਼ਦਸ਼ੇ ਬਰਕਰਾਰ ਹਨ। ਸਰਕਾਰ ਵੱਲੋਂ ਬੈਂਕਾਂ ਨੂੰ ਸਪਸ਼ਟ ਨਿਰਦੇਸ਼ ਨਾ ਜਾਣ ਕਾਰਨ ਖ਼ੁਦਕੁਸ਼ੀ ਪੀੜਤ ਕਿਸਾਨ-ਮਜ਼ਦੂਰ ਪਰਿਵਾਰਾਂ ਨੂੰ ਭੇਜੇ ਨੋਟਿਸਾਂ ਵਿੱਚ ਉਨ੍ਹਾਂ ਨੂੰ ਡਿਫਾਲਟਰ ਕਰਾਰ ਦਿੰਦਿਆਂ ਵਿਆਜ ਸਮੇਤ ਪੂਰਾ ਪੈਸਾ ਭਰਨ ਲਈ ਕਿਹਾ ਗਿਆ ਹੈ। ਸਾਉਣੀ ਦੀ ਫਸਲ ਦਾ ਹਵਾਲਾ ਦਿੰਦਿਆਂ ਪੈਸੇ ਦਾ ਤੁਰੰਤ ਪ੍ਰਬੰਧ ਕਰਨ ਜਾਂ ਫਿਰ ਅਦਾਲਤੀ ਪ੍ਰਕਿਰਿਆ ਦਾ ਸਾਹਮਣਾ ਕਰਨ ਦੀ ਚੇਤਾਵਨੀ ਦਿੱਤੀ ਗਈ ਹੈ। ਅਦਾਲਤੀ ਮੁਕੱਦਮੇ ਦਾ ਪੂਰਾ ਖਰਚਾ ਵੀ ਸਬੰਧਤ ਕਰਜ਼ਦਾਰ ਤੋਂ ਵਸੂਲਣ ਬਾਰੇ ਲਿਖਿਆ ਗਿਆ ਹੈ। ਕਈਆਂ ਨੂੰ ਮਿਲੇ ਨੋਟਿਸਾਂ ਉੱਤੇ 29 ਸਤੰਬਰ 2017 ਦੀ ਤਰੀਕ ਪਾਈ ਹੋਈ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਪਰਿਵਾਰਾਂ ਵਿੱਚ ਪਿੱਛੇ ਰਹਿ ਗਈਆਂ ਵਿਧਵਾਵਾਂ ਅਤੇ ਬੱਚੇ ਕਰਜ਼ਾ ਮੁਆਫ਼ੀ ਦੇ ਐਲਾਨਾਂ ਉੱਤੇ ਅਮਲ ਹੋਣ ਜਾਂ ਨਾ ਹੋਣ ਸਬੰਧੀ ਉਲਝਣ ਵਿੱਚ ਹਨ। ਗੁਰਦਾਸਪੁਰ ਜ਼ਿਮਨੀ ਚੋਣ ਦੇ ਨਤੀਜੇ ਤੋਂ ਦੂਜੇ ਹੀ ਦਿਨ ਮੁੱਖ ਮੰਤਰੀ ਨੇ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਤੋਂ ਬਾਅਦ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਮਸਲੇ ਸਮਾਂਬੱਧ ਰੂਪ ਵਿੱਚ ਹੱਲ ਕਰਨ ਦਾ ਹੁਕਮ ਦਿੱਤਾ ਸੀ। ਇਸ ਵਿੱਚ ਵਿਧਾਨ ਸਭਾ ਵਿੱਚ 19 ਜੂਨ ਨੂੰ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੀ ਸਹਾਇਤਾ ਰਾਸ਼ੀ 3 ਲੱਖ ਤੋਂ ਵਧਾ ਕੇ 5 ਲੱਖ ਰੁਪਏ ਕਰਨ ਨੂੰ ਅਮਲੀ ਰੂਪ ਵਿੱਚ ਲਾਗੂ ਕਰਨਾ ਵੀ ਸ਼ਾਮਲ ਹੈ। ਡਿਪਟੀ ਕਮਿਸ਼ਨਰਾਂ ਨੂੰ ਹਰ ਮਹੀਨੇ ਦੀ ਪੰਜ ਤਰੀਕ ਨੂੰ ਅਜਿਹੀਆਂ ਅਰਜ਼ੀਆਂ ਦੇ ਨਿਬੇੜੇ ਲਈ ਮੀਟਿੰਗ ਵਾਸਤੇ ਵੀ ਕਿਹਾ ਸੀ। ਮੁੱਖ ਮੰਤਰੀ ਨੇ ਵਿਧਾਨ ਸਭਾ ਵਿੱਚ ਹੀ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਸੀ। ਇਕ ਅਨੁਮਾਨ ਅਨੁਸਾਰ ਇਨ੍ਹਾਂ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਲਈ ਲਗਪਗ 500 ਕਰੋੜ ਰੁਪਏ ਦੀ ਜ਼ਰੂਰਤ ਹੈ। ਗੌਰਤਲਬ ਹੈ ਕਿ ਸਰਕਾਰ ਨੇ ਸੀਮਾਂਤ ਅਤੇ ਛੋਟੇ ਕਿਸਾਨਾਂ ਦਾ ਸੰਸਥਾਗਤ ਭਾਵ ਬੈਂਕਾਂ ਦਾ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਹੈ ਪਰ ਖ਼ੁਦਕੁਸ਼ੀ



ਪੀੜਤ ਪਰਿਵਾਰਾਂ ਦੇ ਕਰਜ਼ੇ ਮੁਆਫ਼ੀ ਵਿੱਚ ਸੰਸਥਾਗਤ ਤੋਂ ਬਿਨਾਂ ਸ਼ਾਹੂਕਾਰਾ ਕਰਜ਼ਾ ਵੀ ਸ਼ਾਮਲ ਹੋਵੇਗਾ। ਇਨ੍ਹਾਂ ਪਰਿਵਾਰਾਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ੇ ਸਬੰਧੀ ਸਰਕਾਰ ਨੇ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਦੀ ਅਗਵਾਈ ਵਿੱਚ ਵਿਧਾਨ ਸਭਾ ਦੀ ਕਮੇਟੀ ਕਾਇਮ ਕਰ ਦਿੱਤੀ ਸੀ। ਕਮੇਟੀ ਦੀ ਰਿਪੋਰਟ ਨਵੰਬਰ ਦੇ ਅਖ਼ੀਰ ਵਿੱਚ ਆਉਣ ਦੀ ਉਮੀਦ ਹੈ। ਕਮੇਟੀ ਦੇ ਮੈਂਬਰ ਇਕ ਵਿਧਾਇਕ ਨੇ ਦੱਸਿਆ ਕਿ ਗੁਰਦਾਸਪੁਰ ਜ਼ਿਮਨੀ ਚੋਣ ਦਾ ਰੁਝੇਵਾਂ ਖ਼ਤਮ ਹੁੰਦਿਆਂ ਹੀ ਕਮੇਟੀ ਨੇ 13 ਅਕਤੂਬਰ ਨੂੰ ਮੀਟਿੰਗ ਕਰ ਕੇ ਦੋਆਬਾ, ਮਾਝਾ ਅਤੇ ਪਟਿਆਲਾ ਜ਼ਿਲ੍ਹੇ ਦੇ ਕਿਸਾਨਾਂ-ਮਜ਼ਦੂਰਾਂ ਨੂੰ ਮਿਲਣ ਦਾ ਫੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਕਮੇਟੀ ਮਾਲਵਾ ਖੇਤਰ ਦੇ ਕਈ ਜ਼ਿਲ੍ਹਿਆਂ ਦਾ ਦੌਰਾ ਕਰ ਚੁੱਕੀ ਹੈ। ਹੋਰ ਪਿੰਡਾਂ ਦਾ ਦੌਰਾ ਨਵੰਬਰ ਵਿੱਚ ਹੀ ਕੀਤਾ ਜਾ ਸਕੇਗਾ ਕਿਉਂਕਿ ਕਮੇਟੀ ਦੇ ਮੁਖੀ ਅਤੇ ਇਕ ਹੋਰ ਵਿਧਾਇਕ ਵਿਦੇਸ਼ ਗਏ ਹੋਏ ਹਨ, ਉਨ੍ਹਾਂ ਦੇ ਅਕਤੂਬਰ ਦੇ ਅਖ਼ੀਰ ਵਿੱਚ ਵਾਪਸ ਆਉਣ ਦੀ ਸੰਭਾਵਨਾ ਹੈ। ਕਮੇਟੀ ਵੱਲੋਂ ਨਵੰਬਰ ਦੇ ਆਖ਼ਰ ਵਿੱਚ ਰਿਪੋਰਟ ਦੇਣ ਦੀ ਸੰਭਾਵਨਾ ਹੈ।

### 'ਪੱਲੇ ਹੈ ਨੀਂ ਧੇਲਾ, ਕਰਦੀ ਮੇਲਾ ਮੇਲਾ'

## ਕੈਪਟਨ ਸਰਕਾਰ ਹੁਣ ਕਿਸਾਨੀ ਕਰਜ਼ਾ ਮੁਆਫ਼ੀ ਲਈ ਗਹਿਣੇ ਧਰੇਗੀ ਮੰਡੀ ਬੋਰਡ ਦੀ ਆਮਦਨ

**ਮੇਜਰ ਸਿੰਘ**

ਪੰਜਾਬ ਸਰਕਾਰ ਨੂੰ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਲਈ ਜਦ ਕਿਧਰੋਂ ਵੀ ਧੇਲਾ ਨਹੀਂ ਮਿਲਿਆ ਤਾਂ ਉਸ ਨੇ ਅਕਾਲੀ ਸਰਕਾਰ ਦੇ ਕਦਮ ਚਿੰਨ੍ਹਾਂ ਉੱਪਰ ਚਲਦਿਆਂ ਮੰਡੀ ਬੋਰਡ ਦੀ ਆਮਦਨ ਹੀ ਗਹਿਣੇ ਧਰਨ ਦਾ ਫ਼ੈਸਲਾ ਕਰ ਲਿਆ ਹੈ ਤੇ ਇਸ ਮਕਸਦ ਲਈ ਪੇਂਡੂ ਵਿਕਾਸ ਫੰਡ ਕਾਨੂੰਨ 1987 ਅਤੇ ਖੇਤੀ ਉਤਪਾਦਨ ਮੰਡੀ ਕਾਨੂੰਨ 1961 ਵਿਚ ਸੋਧ ਕਰਨ ਦਾ ਫੈਸਲਾ ਲਿਆ ਹੈ। ਪੰਜਾਬ ਸਰਕਾਰ ਨੇ ਸਾਢੇ 10 ਲੱਖ ਛੋਟੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ ਤੇ ਨੋਟੀਫਿਕੇਸ਼ਨ ਮੁਤਾਬਕ ਢਾਈ ਏਕੜ ਜ਼ਮੀਨ ਮਾਲਕੀ ਵਾਲੇ ਕਿਸਾਨਾਂ ਦਾ ਸਾਰਾ ਕਰਜ਼ਾ ਤੇ ਪੰਜ ਏਕੜ ਤੱਕ ਮਾਲਕੀ ਵਾਲੇ ਕਿਸਾਨਾਂ ਦਾ 2 ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ਼ ਕੀਤਾ ਗਿਆ ਹੈ। ਕੇਂਦਰ ਸਰਕਾਰ ਕੋਲੋਂ ਰਾਜ ਦੇ ਹੱਦ ਕਰਜ਼ੇ ਵਿਚ ਵਾਧਾ ਕਰਵਾਉਣ ਵਿਚ ਅਸਫ਼ਲ ਰਹਿਣ ਬਾਅਦ ਸਰਕਾਰ ਨੇ ਮੰਡੀ ਬੋਰਡ ਦੀ ਆਮਦਨ ਹੀ ਗਹਿਣੇ ਧਰਨ ਦਾ ਅੱਕ ਚੱਬਿਆ ਹੈ। ਮੰਡੀ ਬੋਰਡ ਦੀ ਹਰ ਛਿਮਾਹੀ 3600 ਕਰੋੜ ਰੁਪਏ ਦੇ ਕਰੀਬ ਫ਼ਸਲਾਂ ਦੀ ਖਰੀਦ ਤੋਂ ਆਮਦਨ ਹੁੰਦੀ ਹੈ। ਇਸ ਵੇਲੇ ਮੰਡੀ ਫੀਸ ਅਤੇ ਪੇਂਡੂ ਵਿਕਾਸ ਫੰਡ 2 ਫ਼ੀਸਦੀ ਸੀ, ਪਰ ਪੰਜਾਬ ਸਰਕਾਰ ਨੇ ਫ਼ੈਸਲਾ ਕਰ ਕੇ ਇਕ ਫੀਸਦੀ ਵਾਲਾ ਕਰਕੇ 3.3 ਫ਼ੀਸਦੀ ਕਰ ਦਿੱਤਾ ਹੈ ਤੇ ਇਹ ਫੀਸ ਖਰੀਦਦਾਰ ਵਲੋਂ ਦਿੱਤੀ ਜਾਂਦੀ ਹੈ। ਵਰਨਣਯੋਗ ਹੈ ਕਿ ਝੋਨੇ ਤੇ ਕਣਕ ਦੀ ਵੱਡੇ ਪੱਧਰ 'ਤੇ ਖਰੀਦਦਾਰ ਕੇਂਦਰ ਸਰਕਾਰ ਹੈ ਤੇ ਕੇਂਦਰ ਸਰਕਾਰ ਇਕਤਰਫ਼ਾ ਤੌਰ 'ਤੇ ਫੀਸ ਵਿਚ ਵਾਧੇ ਖ਼ਿਲਾਫ਼ ਸਖ਼ਤ ਇਤਰਾਜ਼ ਵੀ ਉਠਾ ਚੁੱਕੀ ਹੈ। ਰਾਜ ਸਰਕਾਰ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਮਿੱਥੀ ਉਧਾਰ ਹੱਦ ਵਿਚ ਵਾਧਾ ਕਰਨ ਲਈ ਤਿਆਰ ਨਹੀਂ ਹੈ, ਇਸ ਕਰਕੇ ਮੰਡੀ ਬੋਰਡ ਦੀ ਆਮਦਨ ਗਹਿਣੇ ਧਰਨ ਵਰਗਾ ਕਦਮ ਚੁੱਕਣਾ ਪੈ ਰਿਹਾ ਹੈ। ਕੇਂਦਰ ਵਲੋਂ ਮਿੱਥੀ ਕਰਜ਼ਾ ਹੱਦ ਪੰਜਾਬ ਸਰਕਾਰ ਪਹਿਲਾਂ ਹੀ ਪੂਰੀ ਕਰ ਚੁੱਕੀ ਹੈ। ਮੰਡੀ ਬੋਰਡ 152 ਮਾਰਕੀਟ ਕਮੇਟੀਆਂ ਰਾਹੀਂ ਇਹ ਫੀਸ ਉਗਰਾਉਂਦਾ ਹੈ।

**ਮਾਹਰਾਂ ਵਲੋਂ ਫ਼ੈਸਲੇ ਦੀ ਆਲੋਚਨਾ :**

ਪੰਜਾਬ ਸਰਕਾਰ ਵਲੋਂ ਜ਼ਮੀਨਾਂ ਗਹਿਣੇ ਧਰਨ ਤੋਂ ਬਾਅਦ ਹੁਣ ਆਮਦਨ ਗਹਿਣੇ ਧਰਨ ਦੀ ਪਾਈ ਜਾ ਰਹੀ ਰੀਤ ਦੀ ਸਖ਼ਤ ਆਲੋਚਨਾ ਕੀਤੀ ਜਾ ਰਹੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਪੰਜਾਬ ਵਜ਼ਾਰਤ ਵਲੋਂ ਉਕਤ ਦੋਵਾਂ ਕਾਨੂੰਨਾਂ ਵਿਚ ਕੀਤੀ ਜਾ ਰਹੀ ਸੋਧ ਬੇਹੱਦ ਘਾਤਕ ਹੈ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਬੜੀ ਸੋਚ-ਵਿਚਾਰ ਬਾਅਦ ਇਸ ਕਰਕੇ ਬਣਾਏ ਗਏ ਹਨ ਤਾਂ ਕਿ ਕਿਸਾਨਾਂ ਦੀ ਫਸਲ ਤੋਂ ਹੋਣ ਵਾਲੀ ਆਮਦਨ ਨੂੰ ਸਿਰਫ ਕਿਸਾਨਾਂ ਨਾਲ ਸਬੰਧਤ ਬੁਨਿਆਦੀ ਢਾਂਚੇ ਦੀ ਉਸਾਰੀ ਉੱਪਰ ਹੀ ਵਰਤਿਆ ਜਾ ਸਕੇ। ਭਾਵ ਪੇਂਡੂ ਸੰਪਰਕ ਸੜਕਾਂ, ਦਾਣਾ ਮੰਡੀਆਂ ਵਿਚ ਕਿਸਾਨਾਂ ਦੇ ਬੈਠਣ, ਪੀਣ ਵਾਲੇ ਪਾਣੀ, ਸਫਾਈ ਤੋਂ ਇਲਾਵਾ ਫੜ੍ਹ ਬਣਾਉਣ ਉੱਪਰ ਹੀ ਵਰਤਿਆ ਜਾ ਸਕੇ। ਪਰ ਹੁਣ ਸਰਕਾਰ ਨਵੀਂ ਸੋਧ ਰਾਹੀਂ ਪੈਸੇ ਦੀ ਵਰਤੋਂ ਬਾਰੇ ਕਾਨੂੰਨੀ ਬੰਦਿਸ਼ ਹੀ ਖਤਮ ਕਰਨ ਜਾ ਰਹੀ ਹੈ। ਪਹਿਲੀ ਗੱਲ ਤਾਂ ਅੱਗੇ ਤੋਂ ਮੰਡੀ ਬੋਰਡ ਦੀ ਆਮਦਨ ਲਏ ਗਏ ਕਰਜ਼ੇ ਦੀ ਕਿਸ਼ਤ ਵਿਚ ਹੀ ਚਲੀ ਜਾਇਆ ਕਰੇਗੀ।

## ਸਰ.ਫਾਕਾਰੀ ਮਨਪ੍ਰੀਤ ਬਾਦਲ ਲੈ ਰਹੇ ਨੇ ਮੁ.ਫਤ ਬਿਜਲੀ ਦੀ ਸਹੂਲਤ

**ਮੁਕਤਸਰ/ਬਿਊਰੋ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਰਦੇ-ਪੁੱਜਦੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਸਹੂਲਤ ਨਾ ਲੈਣ ਦੀ ਕੀਤੀ ਅਪੀਲ ਨੂੰ ਉਨ੍ਹਾਂ ਦੇ ਹੀ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਅਣਸੁਣੀ ਕਰ ਦਿੱਤਾ ਹੈ। ਸ੍ਰੀ ਬਾਦਲ ਆਪਣੇ ਜੱਦੀ ਪਿੰਡ ਬਾਦਲ ਵਿੱਚ 2 ਟਿਊਬਵੈੱਲਾਂ ਉਤੇ ਮੁਫ਼ਤ ਬਿਜਲੀ ਦੀ ਸਹੂਲਤ ਲੈ ਰਹੇ ਹਨ। ਵਿੱਤ ਮੰਤਰੀ ਦੀ ਇਹ ਕਾਰਵਾਈ ਮੁੱਖ ਮੰਤਰੀ ਦੀ ਅਪੀਲ ਦੇ ਹੀ ਨਹੀਂ, ਸਗੋਂ ਖ਼ੁਦ ਉਨ੍ਹਾਂ ਵੱਲੋਂ ਸਰਕਾਰੀ ਖ਼ਰਚੇ ਘਟਾਉਣ ਦੀ ਕੀਤੀ ਪਹਿਲਕਦਮੀ ਦੇ ਵੀ ਉਲਟ ਹੈ। ਗੌਰਤਲਬ ਹੈ ਕਿ ਖ਼ਰਚੇ ਘਟਾਉਣ ਦੀ ਆਪਣੀ ਮੁਹਿੰਮ ਤਹਿਤ ਵਿੱਤ ਮੰਤਰੀ ਨੇ ਦਫ਼ਤਰ ਵਿੱਚ ਮਿਲਣ ਆਉਣ ਵਾਲੇ ਲੋਕਾਂ ਨੂੰ ਚਾਹ ਤੱਕ ਪਿਆਉਣੀ ਬੰਦ ਕੀਤੀ ਹੋਈ ਹੈ। ਉਨ੍ਹਾਂ ਤੋਂ ਇਲਾਵਾ ਉਨ੍ਹਾਂ ਦੇ ਤਾਇਆ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਦੀ ਮਰਹੂਮ ਪਤਨੀ ਬੀਬੀ ਸੁਰਿੰਦਰ ਕੌਰ ਬਾਦਲ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਨਾਵਾਂ ਉਤੇ ਪਿੰਡ ਬਾਦਲ ਵਿੱਚ ਚੱਲਦੇ ਤਿੰਨ ਟਿਊਬਵੈੱਲਾਂ ਉਤੇ ਵੀ ਬਿਜਲੀ ਸਬਸਿਡੀ ਲਈ ਜਾ ਰਹੀ ਹੈ। ਪਾਵਰਕੌਮ ਨੇ ਸੂਚਨਾ ਅਧਿਕਾਰ ਤਹਿਤ ਦਿੱਤੀ ਜਾਣਕਾਰੀ ਵਿੱਚ ਦੱਸਿਆ ਹੈ ਕਿ ਪਿੰਡ ਬਾਦਲ ਵਿੱਚ ਮੁਫ਼ਤ ਬਿਜਲੀ ਵਾਲੇ 225 ਟਿਊਬਵੈੱਲ ਹਨ ਤੇ ਹਾਲੇ ਕਿਸੇ ਲਈ ਮੁਫ਼ਤ ਬਿਜਲੀ ਨਹੀਂ ਛੱਡੀ ਗਈ। ਪਾਵਰਕੌਮ ਦੇ ਬਾਦਲ ਸਥਿਤ ਐਸਡੀਓ ਭਜਨੀਤ ਸ਼ਰਮਾ ਨੇ ਕਿਹਾ, "2 ਮੁਫ਼ਤ ਕੁਨੈਕਸ਼ਨ ਮਨਪ੍ਰੀਤ ਸਿੰਘ ਬਾਦਲ ਅਤੇ ਇਕ-ਇਕ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਤੇ ਸੁਰਿੰਦਰ ਕੌਰ ਬਾਦਲ ਦੇ ਨਾਂ 'ਤੇ ਚੱਲ ਰਹੇ ਹਨ।" ਸੂਤਰਾਂ ਮੁਤਾਬਕ ਵਿੱਤ ਮੰਤਰੀ ਵੱਲੋਂ 2007 ਤੋਂ 12-15 ਲੱਖ ਰੁਪਏ ਦੀ ਬਿਜਲੀ ਸਬਸਿਡੀ ਲਈ ਗਈ ਹੈ।

# ਖ਼ੁਦਕੁਸ਼ੀਆਂ ਦੀ ਫ਼ਸਲ : ਇਸ ਹ.ਫਤੇ 12 ਕਿਸਾਨ ਪਰਿਵਾਰਾਂ ਦੇ ਘਰ ਵਿਛੇ ਸੱਥਰ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਵਿਚ ਬੀਤੇ ਦਿਨੀਂ ਜਿੱਥੇ ਵੱਖ ਵੱਖ ਕਿਸਾਨ ਜਥੇਬੰਦੀਆਂ ਵਲੋਂ ਆਪਣੀਆਂ ਮੰਗਾਂ ਦੇ ਹੱਕ ਵਿਚ ਰੋਸ-ਮੁਜ਼ਾਹਰੇ ਕੀਤੇ ਗਏ, ਉਥੇ ਕਰਜ਼ੇ ਦੇ ਬੋਝ ਹੇਠ ਦੱਬੇ 12 ਕਿਸਾਨ ਖ਼ੁਦਕੁਸ਼ੀ ਕਰ ਗਏ।

**ਪਿੰਡ ਜੋੜੀਆਂ ਦੇ ਕਿਸਾਨ ਨੇ ਪੀਤੀ ਜ਼ਹਿਰਲੀ ਦਵਾਈ :**

ਡੇਰਾ ਬਾਬਾ ਨਾਨਕ : ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਜੋੜੀਆਂ ਖ਼ੁਰਦ ਵਿਖੇ ਕਰਜ਼ੇ ਤੋਂ ਪ੍ਰੇਸ਼ਾਨ ਇਕ ਕਿਸਾਨ ਨੇ ਜ਼ਹਿਰੀਲੀ ਦਵਾਈ ਪੀ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਸੇਵਾ ਸਿੰਘ ਪੁੱਤਰ ਤਰਸਾ ਸਿੰਘ (50) ਵਾਸੀ ਪਿੰਡ ਜੌੜੀਆਂ ਖ਼ੁਰਦ ਡੇਰਾ ਬਾਬਾ ਨਾਨਕ ਦੀ ਪਤਨੀ ਲਖਵਿੰਦਰ ਕੌਰ ਨੇ ਦੱਸਿਆ ਉਨ੍ਹਾਂ ਸਿਰ 15 ਲੱਖ ਦੇ ਕਰੀਬ ਕਰਜ਼ਾ ਸੀ, ਜਿਸ ਕਾਰਨ ਉਹ ਪ੍ਰੇਸ਼ਾਨ ਰਹਿੰਦਾ ਸੀ।

**ਪਿੰਡ ਠੱਕਰ ਦੇ ਨੌਜਵਾਨ ਨੇ ਲਿਆ ਫਾਹਾ :**

ਦਸੂਹਾ : ਕਰਜ਼ੇ ਤੋਂ ਤੰਗ ਪਿੰਡ ਠੱਕਰ ਦੇ ਨੌਜਵਾਨ ਕਿਸਾਨ ਨੇ ਪੱਖੇ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਸਾਹਿਬਜੀਤ ਸਿੰਘ ਪੁੱਤਰ ਜਸਵੀਰ ਸਿੰਘ ਪਿੰਡ ਠੱਕਰ ਦੀ ਮਾਤਾ ਕੁਲਦੀਪ ਕੌਰ ਨੇ ਦੱਸਿਆ ਕਿ ਉਸ ਦੇ ਲੜਕੇ ਦੇ ਸਿਰ 4 ਲੱਖ ਰੁਪਏ ਪੀ.ਐੱਨ.ਬੀ. ਬਰਾਂਚ (ਬਲੱਗਣ) ਕਾਲਜ ਰੋਡ ਦਸੂਹਾ ਦਾ ਕਰਜ਼ਾ ਸੀ, ਜਿਸ ਕਾਰਨ ਉਹ ਅਕਸਰ ਹੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਮ੍ਰਿਤਕ ਦੀ 3 ਸਾਲਾਂ ਬੱਚੀ ਹੈ।

**ਪਿੰਡ ਮਲਕਾਣਾ ਦੇ ਕਿਸਾਨ ਵਲੋਂ ਖ਼ੁਦਕੁਸ਼ੀ :**

ਰਾਮਾਂ ਮੰਡੀ : ਰਾਮਾਂ ਥਾਣਾ ਅਧੀਨ ਪੈਂਦੇ ਪਿੰਡ ਮਲਕਾਣਾ ਵਿਖੇ ਇਕ ਨੌਜਵਾਨ ਕਿਸਾਨ ਗੁਰਪ੍ਰੀਤ ਸਿੰਘ ਅਦਾਲਤ ਦੇ ਕਰਜ਼ੇ ਸਬੰਧੀ ਨੋਟਿਸ ਤੋਂ ਤੰਗ ਆ ਕੇ ਜ਼ਹਿਰੀਲੀ ਵਸਤੂ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਕਿਸਾਨ ਆਗੂ ਸਰੂਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਕਿਸਾਨ ਗੁਰਪ੍ਰੀਤ ਸਿੰਘ (26) ਪੁੱਤਰ ਹਰਦੇਵ ਸਿੰਘ ਦੇ ਕੋਲ 2 ਏਕੜ ਦੇ ਕਰੀਬ ਜ਼ਮੀਨ ਹੈ। ਉਨ੍ਹਾਂ ਨੇ ਦੱਸਿਆ ਕਿ ਮ੍ਰਿਤਕ ਕਿਸਾਨ ਦੀ ਰਾਮਾਂ ਮੰਡੀ ਦੇ ਆੜ੍ਹਤੀਏ ਦੇ ਨਾਲ ਆੜ੍ਹਤ ਸੀ ਅਤੇ ਜਿਸ ਨੇ ਉਸ ਤੋਂ ਧੋਖੇ ਨਾਲ ਅਸ਼ਟਾਮ ਭਰਵਾ ਲਿਆ ਸੀ, ਜਿਸ ਕਾਰਨ ਆੜ੍ਹਤੀਏ ਨੇ ਅਦਾਲਤ ਵਿਚ ਕਰਜ਼ੇ ਦਾ ਕੇਸ ਕੀਤਾ ਹੋਇਆ ਹੈ। ਉਨ੍ਹਾਂ ਨੇ ਦੱਸਿਆ ਕਿ ਅਦਾਲਤ ਵੱਲੋਂ ਭੇਜੇ ਕਰਜ਼ੇ ਦੇ ਨੋਟਿਸ ਕਾਰਨ ਕਾਫ਼ੀ ਪ੍ਰੇਸ਼ਾਨ ਰਹਿੰਦਾ ਸੀ।

**ਪਿੰਡ ਅਚਿੰਤ ਕੋਟ ਦੇ ਕਿਸਾਨ ਨੇ ਦਿੱਤੀ ਜਾਨ :**

ਅਟਾਰੀ : ਪੁਲੀਸ ਥਾਣਾ ਘਰਿੰਡਾ ਅਧੀਨ ਪੈਂਦੇ ਪਿੰਡ ਅਚਿੰਤ ਕੋਟ ਦੇ ਕਰਜ਼ਾਈ ਕਿਸਾਨ ਨੇ ਖ਼ੁਦਕਸ਼ੀ ਕਰ ਲਈ। ਮ੍ਰਿਤਕ ਕਿਸਾਨ ਦੀ ਪਤਨੀ ਸਿਮਰਜੀਤ ਕੌਰ ਨੇ ਦੱਸਿਆ ਕਿ ਦਵਿੰਦਰ ਸਿੰਘ (38) ਪੁੱਤਰ ਸਰਮੈਲ ਸਿੰਘ, ਜੋ ਸਾਢੇ ਅੱਠ ਲੱਖ ਰੁਪਏ ਦਾ ਕਰਜ਼ਾਈ ਸੀ ਅਤੇ ਆਪਣੇ ਹਿੱਸੇ ਆਉਂਦੀ ਚਾਰ ਏਕੜ ਜ਼ਮੀਨ ਵੇਚ ਚੁੱਕਾ ਸੀ। ਉਸ ਨੇ ਦੱਸਿਆ ਕਿ ਹੁਣ ਡੰਗਰ ਰੱਖ ਕੇ ਘਰ ਦਾ ਗੁਜ਼ਾਰਾ ਚਲਾ ਰਿਹਾ ਸੀ। ਉਸ ਨੇ ਦੱਸਿਆ ਕਿ ਉਸ ਦਾ ਪਤੀ ਕਰਜ਼ੇ ਕਾਰਨ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ।

**ਪਿੰਡ ਦੌਲਾ ਦੇ ਕਿਸਾਨ ਨੇ ਰੇਲ ਗੱਡੀ ਹੇਠ ਆ ਕੇ ਕੀਤੀ ਖ਼ੁਦਕੁਸ਼ੀ :**

ਗਿੱਦੜਬਾਹਾ : ਗਿੱਦੜਬਾਹਾ-ਬਠਿੰਡਾ ਰੇਲ ਮਾਰਗ 'ਤੇ ਪਿੰਡ ਦੌਲਾ ਨਜ਼ਦੀਕ ਇਕ ਕਿਸਾਨ ਨੇ ਰੇਲ ਗੱਡੀ ਅੱਗੇ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਗੁਰਸੇਵਕ ਸਿੰਘ (38) ਪੁੱਤਰ ਹਰਗੋਬਿੰਦ ਸਿੰਘ ਵਾਸੀ ਪਿੰਡ ਬਾਜਕ ਨੇ ਬਠਿੰਡਾ ਤੋਂ ਸ੍ਰੀਗੰਗਾਨਗਰ ਜਾ ਰਹੀ ਸਵਾਰੀ ਗੱਡੀ ਅੱਗੇ ਛਾਲ ਮਾਰ ਦਿੱਤੀ। ਮ੍ਰਿਤਕ ਦੇ ਚਚੇਰੇ ਭਰਾ ਬਲਜਿੰਦਰ ਸਿੰਘ ਨੇ ਦੱਸਿਆ ਕਿ ਗੁਰਸੇਵਕ ਸਿੰਘ ਸਿਰ ਤਕਰੀਬਨ ਚਾਰ ਲੱਖ ਦਾ ਕਰਜ਼ਾ ਸੀ। ਇਸ ਕਾਰਨ ਉਹ ਅਕਸਰ ਪ੍ਰੇਸ਼ਾਨ ਰਹਿੰਦਾ ਸੀ।

**ਪਿੰਡ ਚੰਨਣਵਾ ਦੇ ਕਿਸਾਨ ਵਲੋਂ ਖ਼ੁਦਕੁਸ਼ੀ :**

ਸ਼ਹਿਣਾ : ਪਿੰਡ ਚੰਨਣਵਾਲ ਵਿੱਚ ਕਰਜ਼ੇ ਦੀ ਮਾਰ ਹੇਠ ਆਏ ਇਕ ਕਿਸਾਨ ਨੇ ਖ਼ੁਦਕੁਸ਼ੀ ਕਰ ਲਈ। ਥਾਣਾ ਟੱਲੇਵਾਲ ਦੇ ਐਸ.ਐਚ.ਓ. ਕਮਲਜੀਤ ਸਿੰਘ ਨੇ ਦੱਸਿਆ ਕਿ ਕਿਸਾਨ ਸੁਰਜੀਤ ਸਿੰਘ (60) ਪੁੱਤਰ ਬਿੱਕਰ ਸਿੰਘ ਚਾਰ ਏਕੜ ਜ਼ਮੀਨ ਦਾ ਮਾਲਕ ਸੀ ਅਤੇ ਉਸ ਸਿਰ ਬੈਂਕ ਦਾ ਤਿੰਨ ਲੱਖ ਤੇ ਸ਼ਾਹੂਕਾਰਾਂ ਦਾ ਪੰਜ ਲੱਖ ਦਾ ਕਰਜ਼ਾ ਸੀ, ਜਿਸ ਕਾਰਨ ਉਹ ਪ੍ਰੇਸ਼ਾਨ ਸੀ। ਅਨਾਜ ਮੰਡੀ ਕੋਲ ਉਹ ਪੌੜੀ ਲਾ ਕੇ ਟਰਾਂਸਫਾਰਮਰ 'ਤੇ ਚੜ੍ਹ ਗਿਆ ਅਤੇ ਬਿਜਲੀ ਦੀਆਂ ਤਾਰਾਂ ਫੜ ਲਈਆਂ।

**ਪਿੰਡ ਗਿਆਨਾ ਦੇ ਕਿਸਾਨ ਨੇ ਪੀਤੀ ਕੀਟਨਾਸ਼ਕ ਦਵਾਈ :**

ਸੀਂਗੋ ਮੰਡੀ : ਪਿੰਡ ਗਿਆਨਾ ਦੇ ਕਰਜ਼ੇ ਤੋਂ ਪ੍ਰੇਸ਼ਾਨ ਇਕ ਕਿਸਾਨ ਵੱਲੋਂ ਕੀਟਨਾਸ਼ਕ ਦਵਾਈ ਪੀ ਕੇ ਖ਼ੁਦਕੁਸ਼ੀ ਕਰਨ ਦੀ ਖ਼ਬਰ ਹੈ। ਮ੍ਰਿਤਕ ਦੇ ਤਾਏ ਦੇ ਲੜਕੇ ਜਸਵਿੰਦਰ ਸਿੰਘ ਨੇ ਦੱਸਿਆ ਕਿ ਅੰਗਰੇਜ ਸਿੰਘ (35) ਪੁੱਤਰ ਹਰਕਪੂਰ ਸਿੰਘ ਪੰਜ ਏਕੜ ਦੇ ਨਾਲ ਹੋਰ ਜ਼ਮੀਨ ਠੇਕੇ ਹਿੱਸੇ ਤੇ ਲੈ ਕੇ ਵਾਹੀ ਕਰਦਾ ਸੀ, ਇਸ ਸਾਲ ਨਰਮੇ ਦੀ ਫ਼ਸਲ ਮੰਦੀ ਰਹਿਣ ਕਰ ਕੇ ਉਸ ਦੇ ਸਿਰ 8 ਲੱਖ ਰੁਪਏ ਦਾ ਕਰਜ਼ਾ ਸੀ ਜਿਸ ਨੂੰ ਲੈ ਕੇ ਉਹ ਮਾਨਸਿਕ ਤੌਰ ਤੇ ਪ੍ਰੇਸ਼ਾਨ ਰਹਿੰਦਾ ਸੀ। ਇਸ ਪ੍ਰੇਸ਼ਾਨੀ ਦੇ ਚੱਲਦਿਆਂ ਉਸ ਨੇ ਕੀਟਨਾਸ਼ਕ ਦਵਾਈ ਪੀ ਲਈ।

**ਪਿੰਡ ਨੰਦਵਾਲਾ ਦੇ ਕਿਸਾਨ ਨੇ ਦਿੱਤੀ ਜਾਨ :**

ਬੰਡਾਲਾ : ਕਸਬਾ ਬੰਡਾਲਾ ਕੋਲ ਪੈਂਦੇ ਪਿੰਡ ਨੰਦਵਾਲਾ ਵਿਖੇ ਕਰਜ਼ੇ ਤੋਂ ਪ੍ਰੇਸ਼ਾਨ ਇਕ ਕਿਸਾਨ ਨੇ ਕੀਟਨਾਸ਼ਕ ਦਵਾਈ ਪੀ ਕੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਜੋਗਿੰਦਰ ਸਿੰਘ (58) ਨੇ ਬੈਂਕ ਤੋਂ ਲਏ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਕਰ ਲਈ। ਇਸ ਸਬੰਧੀ ਮ੍ਰਿਤਕ ਕਿਸਾਨ ਦੀ ਪਤਨੀ ਜਸਬੀਰ ਕੌਰ ਨੇ ਦੱਸਿਆ ਕਿ ਜੋਗਿੰਦਰ ਸਿੰਘ ਦੇ ਸਿਰ 'ਤੇ ਬੈਂਕ ਦਾ ਤਕਰੀਬਨ ਚਾਰ ਲੱਖ ਰੁਪਏ ਦਾ ਕਰਜ਼ਾ ਸੀ, ਜਿਸ ਕਾਰਨ ਉਹ ਹਰ ਵਕਤ ਪ੍ਰੇਸ਼ਾਨ ਰਹਿੰਦਾ ਸੀ। ਕਿਸਾਨ ਜੋਗਿੰਦਰ ਸਿੰਘ ਇਕ ਏਕੜ ਜ਼ਮੀਨ ਦਾ ਮਾਲਕ ਸੀ। ਮ੍ਰਿਤਕ ਆਪਣੇ ਪਿੱਛੇ 2 ਬੱਚੇ ਛੱਡ ਗਿਆ ਹੈ।

**ਪਿੰਡ ਬਾਜੇਵਾਲਾ ਦੇ ਕਿਸਾਨ ਨੇ ਖਾਧੀ ਜ਼ਹਿਰ :**

ਮਾਨਸਾ : ਜ਼ਿਲ੍ਹੇ ਦੇ ਪਿੰਡ ਬਾਜੇਵਾਲਾ ਦੇ ਕਰਜ਼ੇ ਵਿਚ ਵਿੰਨ੍ਹੇ ਕਿਸਾਨ ਨੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਕ੍ਰਿਸ਼ਨ ਸਿੰਘ (43) ਕਾਫੀ ਸਮੇਂ ਤੋਂ ਆਪਣੇ ਸਿਰ ਚੜ੍ਹੇ ਕਰਜ਼ੇ ਤੋਂ ਪ੍ਰੇਸ਼ਾਨ ਸੀ ਕਿ ਉਸ ਨੇ ਜ਼ਹਿਰੀਲੀ ਚੀਜ਼ ਨਿਗਲ ਕੇ ਜੀਵਨ ਲੀਲ੍ਹਾ ਸਮਾਪਤ ਕਰ ਲਈ ਹੈ। ਜ਼ਿਕਰਯੋਗ ਹੈ ਕਿ ਮ੍ਰਿਤਕ ਦਾ ਪਿਤਾ ਕੈਂਸਰ ਤੋਂ ਪੀੜਤ ਸੀ, ਜਿਸ ਦੇ ਇਲਾਜ 'ਤੇ 6-7 ਲੱਖ ਰੁਪਏ ਖ਼ਰਚ ਆਏ ਸਨ। ਪਿਛਲੇ ਵਰ੍ਹੇ ਨਰਮੇ ਤੇ ਝੋਨੇ ਦੀ ਫ਼ਸਲ ਬਰਬਾਦ ਹੋਣ ਕਾਰਨ ਕਿਸਾਨ ਸਿਰ ਹੋਰ ਵੀ ਕਰਜ਼ਾ ਚੜ੍ਹ ਗਿਆ ਸੀ। ਮ੍ਰਿਤਕ ਦੇ ਛੋਟੇ ਭਰਾ ਬਲਵੀਰ ਸਿੰਘ ਬੀਰਾ ਨੇ ਦੱਸਿਆ ਕਿ ਕ੍ਰਿਸ਼ਨ ਸਿਰ ਲੱਖਾਂ ਰੁਪਏ ਕਰਜ਼ਾ ਸੀ, ਜਿਸ ਕਾਰਨ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ। ਮ੍ਰਿਤਕ ਆਪਣੇ ਪਿੱਛੇ ਵਿਧਵਾ ਪਰਮਜੀਤ ਕੌਰ ਤੋਂ ਇਲਾਵਾ ਲੜਕਾ ਪ੍ਰਿਤਪਾਲ ਸਿੰਘ (22) ਛੱਡ ਗਿਆ ਹੈ।

**ਪਿੰਡ ਮੌੜ ਚੜ੍ਹਚ ਸਿੰਘ ਦੇ ਕਿਸਾਨ ਵਲੋਂ ਰੇਲ ਗੱਡੀ ਹੇਠ ਆ ਕੇ ਖ਼ੁਦਕੁਸ਼ੀ :**

ਮੌੜ ਮੰਡੀ : ਪਿੰਡ ਮੌੜ ਚੜ੍ਹਤ ਸਿੰਘ ਦੇ ਨੌਜਵਾਨ ਕਿਸਾਨ ਗੁਰਮੀਤ ਸਿੰਘ (29) ਪੁੱਤਰ ਬਲਦੇਵ ਸਿੰਘ ਨੇ ਮੌੜ ਮੰਡੀ ਰੇਲਵੇ ਸਟੇਸ਼ਨ ਨੇੜੇ ਰਾਤੀਂ ਤਕਰੀਬਨ 12 ਵਜੇ ਰੇਲ ਗੱਡੀ ਹੇਠ ਆ ਕੇ ਖ਼ੁਦਕੁਸ਼ੀ ਕਰ ਲਈ। ਪਿੰਡ ਦੇ ਹੀ ਕਿਸਾਨ ਯੂਨੀਅਨ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਬੱਗੀ ਨੇ ਦੱਸਿਆ ਕਿ ਗੁਰਮੀਤ ਸਿੰਘ ਡੇਢ ਏਕੜ ਜ਼ਮੀਨ ਦਾ ਮਾਲਕ ਸੀ। ਪਰਿਵਾਰ ਸਿਰ 3 ਲੱਖ ਰੁਪਏ ਦੇ ਲਗਪਗ ਆੜ੍ਹਤੀਆਂ ਅਤੇ ਡੇਢ ਲੱਖ ਰੁਪਏ ਦੇ ਲਗਪਗ ਬੈਂਕ ਦਾ ਕਰਜ਼ਾ ਸੀ।

ਬਾਕੀ ਸਫ਼ਾ 30 'ਤੇ

ਅੰਮ੍ਰਿਤਸਰ ਟਾਈਮਜ਼
AMRITSAR TIMES
25 ਅਕਤੂਬਰ 2017 ਤੋਂ 31 ਅਕਤੂਬਰ 2017

# ਸੁੱਤੀਆਂ ਕਲਾਂ ਜਗਾਉਣ ਦਾ ਕੋਝਾ ਕਰਮ

## *ਜੁਝਾਰੂ ਕੌਮ ਦੀ ਹਸਤੀ ਮਿਟਾਉਣ ਲਈ ਹਿੰਦੂਤਵੂੀਆਂ ਦੀ ਇੱਕ ਹੋਰ ਚਾਲ*

ਰਾਸ਼ਟਰੀ ਸਿੱਖ ਸੰਗਤ ਵੱਲੋਂ ਖਾਲਸਾ ਪੰਥ ਦੇ ਬਾਨੀ ਅਤੇ ਸਿੱਖਾਂ ਦੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਸਬੰਧੀ ਦਿੱਲੀ ਵਿੱਚ ਕੀਤਾ ਗਿਆ ਢਕਵੰਜ ਸਾਧਾਰਨ ਗੱਲ ਨਹੀਂ ।ਅਪਣੇ ਸੁਪਨੇ ਅਤੇ ਨਿਸ਼ਾਨੇ ਦੀ ਪੂਰਤੀ ਲਈ ਦਿਨ-ਰਾਤ ਇੱਕ ਕਰ ਰਹੀ ਇਸ ਕੱਟੜ ਹਿੰਦੂਤਵੀ ਜਥੇਬੰਦੀ ਦਾ ਸਿੱਖਾਂ ਦੀ ਵੱਖਰੀ ਹਸਤੀ ਨੂੰ ਸਿੱਧੀ ਚੁਣੌਤੀ ਹੈ। ਸਿੱਖਾਂ ਦੇ ਹਿੰਦੂ ਧਰਮ ਦਾ ਹੀ ਅੰਗ ਹੋਣ ਦੀ ਵਰ੍ਹਿਆਂ ਤੋਂ ਅਪਣੀ ਡੁਗਡੁਗੀ ਵਜਾਉਂਦੇ ਆ ਰਹੇ ਫਿਰਕਾਪ੍ਰਸਤ ਹਿੰਦੂ ਟੋਲੇ ਦਾ ਇਹ ਸੰਮੇਲਨ ਅਸਲ ਵਿੱਚ ਜੁਝਾਰੂ ਕੌਮ ਦੀ ਹਸਤੀ ਮਿਟਾਉਣ ਦਾ ਕੋਝਾ ਕਰਮ ਹੈ।

ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐੱਸ ਐੱਸ) ਦੀ ਬਰਾਂਚ ਰਾਸ਼ਟਰੀ ਸਿੱਖ ਸੰਗਤ ਵਲੋਂ ਅਜਿਹਾ ਸਮਾਗਮ ਕਰਾਉਣ ਬਾਰੇ ਸਿੱਖ ਮਨਾਂ ਵਿੱਚ ਉਠ ਰਹੇ ਤੌਖ਼ਲੇ/ਸਵਾਲ ਬੇਮਾਅਨਾ ਅਤੇ ਬੇਵਕਤੇ ਨਹੀਂ। ਇਸ ਬਾਰੇ ਕੋਈ ਭੁਲੇਖਾ ਨਹੀਂ ਕਿ ਇਹ ਸਿੱਖ ਕੌਮ ਨੂੰ ਢਾਹ ਲਾਉਣ ਲਈ ਆਰ. ਐੱਸ. ਐੱਸ. ਵੱਲੋਂ ਅਪਣੀ ਲੰਮੇ ਸਮੇਂ ਤੋਂ ਉਲੀਕੀ ਰਣਨੀਤੀ ਅਧੀਨ ਚੱਲੀ ਗਈ ਕੋਝੀ ਸਾਜਿਸ਼ ਹੈ।

ਸਿੱਖ ਪੰਥ ਵਲੋਂ ਇਸਦਾ ਵਿਰੋਧ ਅਤੇ ਇਸ ਸਬੰਧੀ ਦੇਸ-ਵਿਦੇਸ਼ ਵਿਚਲੀਆਂ ਸਿੱਖ ਸੰਗਤਾਂ ਵਿੱਚ ਪਾਇਆ ਰਿਹਾ ਗੁੱਸਾ ਕੌਮ ਦੇ ਜਿਉਂਦੇ/ਜਾਗਦੇ ਹੋਣ ਦਾ ਸਬੂਤ ਹੈ। ਪਰ ਸਿੱਖਾਂ ਦੇ ਸੱਤਾਪ੍ਰਸਤ ਧਾਰਮਿਕ ਆਗੂਆਂ ਅਤੇ ਅਖੌਤੀ ਜਥੇਦਾਰਾਂ ਵਲੋਂ ਕੌਮ ਦੇ ਨਾਜ਼ੁਕ ਮਸਲਿਆਂ ਸਬੰਧੀ ਵਰ੍ਹਿਆਂ ਤੋਂ ਪੈਦਾ ਕੀਤਾ ਭੰਬਲਭੂਸਾ ਰਾਸ਼ਟਰੀ ਸਿੱਖ ਸੰਗਤ ਦੇ ਹੋਂਦ ਵਿੱਚ ਆਉਣ ਅਤੇ ਅਜਿਹੀਆਂ ਜਥੇਬੰਦੀਆਂ ਨੂੰ ਸਿੱਖ ਵਿਰੋਧੀ ਚਾਲਾਂ ਚਲਣ ਵਾਸਤੇ ਬਲ ਬਖ਼ਸਦਾ ਹੈ।

ਪਿਛਲਾ ਇਤਿਹਾਸ ਫਰੋਲੀਏ ਤਾਂ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਆਰ ਐੱਸ ਐੱਸ ਤੇ ਇਸਦੇ ਭਾਈਵਾਲਾਂ ਨੇ ਸਿੱਖਾਂ ਦੀ ਨਿਵੇਕਲੀ ਹਸਤੀ ਨੂੰ ਅਪਣੇ ਵਿੱਚ ਰਲ-ਗੱਡ ਕਰਨ ਦਾ ਕੋਈ ਵੀ ਮੌਕਾ ਹੱਥੋਂ ਜਾਣ ਨਹੀਂ ਦਿੱਤਾ। ਇਸੇ ਕੜੀ ਅਧੀਨ ਸਿੱਖ ਇਤਿਹਾਸ ਨੂੰ ਗਲਤ ਢੰਗ ਨਾਲ ਲਿਖਣ ਤੇ ਪੇਸ਼ ਕਰਨ ਲਈ ਯੋਜਨਾਬੱਧ ਯਤਨ ਜਾਰੀ ਹਨ। ਇੱਥੋਂ ਤੱਕ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬਉੱਚਤਾ ਨੂੰ ਢਾਹ ਲਾਉਣ ਲਈ ਹੋਰਨਾਂ ਸਿੱਖ ਗ੍ਰੰਥਾਂ ਅਤੇ ਲਿਖਤਾਂ ਨੂੰ ਵੱਡੇ ਤੇ ਮਹਾਨ ਬਣਾ ਕੇ ਪੇਸ਼ ਕਰਨ ਦਾ ਸਿਲਸਿਲਾ ਆਰੰਭਿਆ ਹੋਇਆ ਹੈ। ਗੁਰਬਾਣੀ ਦੀ ਵਿਆਖਿਆ ਨੂੰ ਹਿੰਦੂ ਰੰਗ ਦੇਣ ਦੀਆਂ ਚਾਲਾਂ ਇਸ ਸਾਰੀ ਸਾਜਿਸ਼ ਦਾ ਅੰਗ ਮਾਤਰ ਹਨ। ਦੁੱਖ ਤੇ ਚਿੰਤਾ ਇਸਦੀ ਹੈ ਕਿ ਅਜਿਹੇ ਕਾਰਨਾਮੇ ਸਿੱਖੀ ਭੇਸ ਵਿਚਲੇ ਦਰਬਾਰੀ ਵਿਦਵਾਨ ਕਰਦੇ ਆ ਰਹੇ ਹਨ।

ਭਾਰਤ ਦੀ ਰਾਜਧਾਨੀ ਵਾਲੇ ਸ਼ਹਿਰ ਨਵੀਂ ਦਿੱਲੀ ਵਿੱਚ ਖ਼ਾਸ ਮਕਸਦ ਅਤੇ ਸਪੱਸ਼ਟ ਸੁਨੇਹਾ ਦੇਣ ਲਈ ਕਰਵਾਏ ਗਏ ਇਸ ਸੰਮੇਲਨ ਦੀ ਕਾਰਵਾਈ, ਆਰ ਐੱਸ ਐੱਸ ਦੇ ਆਗੂਆਂ ਵਲੋਂ ਕੀਤੇ ਪਰਵਚਨਾਂ, ਦੀਨ ਧਰਮ ਨੂੰ ਦਗਾ ਦੇ ਕੇ ਸ਼ਾਮਲ ਹੋਣ ਵਾਲੇ ਸਿੱਖਾਂ ਤੇ ਹੋਰਨਾਂ ਪੱਖਾਂ ਬਾਰੇ ਭਰਵੀਂ ਜਾਣਕਾਰੀ ਅਗਲੇ ਹਫ਼ਤੇ ਸਾਹਮਣੇ ਆ ਜਾਵੇਗੀ। ਮਸਲਾ ਤਾਂ ਇਹ ਹੈ ਕਿ ਇਸ ਸੰਮੇਲਨ ਵਿੱਚ ਸ਼ਮੂਲੀਅਤ ਸਬੰਧੀ ਅਕਾਲ ਤਖ਼ਤ ਸਾਹਿਬ ਤੋਂ ਦਿੱਤੇ ਸੱਦੇ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਰਪ੍ਰਸਤੀ ਦੇਣ ਅਤੇ ਭਾਜਪਾ ਨਾਲ ਲਿਹਾਜਾਂ ਪਾਲਣ ਵਾਲੇ ਅਕਾਲੀ ਦਲ (ਬਾਦਲ), ਬਾਦਲਾਂ ਦੀ ਮੁੱਠੀ ਵਿਚਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਉਸਦੀਆਂ ਹਮਖ਼ਿਆਲ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ, ਸੰਸਥਾਵਾਂ ਅਤੇ ਹਸਤੀਆਂ ਉੱਤੇ ਮੇਹਰ ਕਰਨ ਲਈ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਦੂਜੇ ਜਥੇਦਾਰ ਆਉਣ ਵਾਲੇ ਦਿਨਾਂ ਵਿੱਚ ਸਿੱਖ ਸੰਗਤਾਂ ਦੇ ਅੱਖ਼ੀ ਘੱਟਾ ਪਾਉਣ ਲਈ ਕਿਹੋ ਜਿਹੀ ਤਨਖ਼ਾਹ ਲਾਉਣ ਦਾ ਮੁੜ ਢਕਵੰਜ ਕਰਨਗੇ। ਇਹੋ ਜਥੇਦਾਰ ਹੀ ਸਿੱਖ ਹਸਤੀ ਦੀ ਪਛਾਣ ਨੂੰ ਦ੍ਰਿੜਾਉਣ ਵਾਲੇ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ 'ਚ ਬੇਲੋੜੀ ਦੇਰੀ ਤੇ ਫਿਰ ਅਖੌਤੀ ਸੋਧਾਂ ਰਾਹੀਂ ਉਸ ਕੈਲੰਡਰ ਦੇ ਆਸ਼ੇ ਨੂੰ ਉਲਟਾਉਣ ਵਾਲਿਆਂ ਦੇ ਭਾਈਵਾਲ ਹੈ। ਸੂਝਵਾਨ, ਸੁਚੇਤ ਅਤੇ ਸਰਗਰਮ ਸਿੱਖਾਂ ਵਲੋਂ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਦੇ ਰਾਹ ਵਿੱਚ ਆਰ.ਐੱਸ. ਐੱਸ. ਵਲੋਂ ਅੜਿਕੇ ਢਾਹੁਣ ਸਬੰਧੀ ਸਮੇਂ ਸਮੇਂ ਸਬੂਤ ਦੇਣ ਤੇ ਦੁਹਾਈ ਦੇਣ ਦੇ ਬਾਵਜੂਦ ਸਿੱਖੀ ਨੂੰ ਘੁਣ ਵਾਂਗ ਲੱਗੇ ਸਿੱਖ ਸੰਤਾਂ/ਬਾਬਿਆਂ ਦੇ ਟੋਲੇ ਅਤੇ ਜਥੇਦਾਰਾਂ ਦੀ ਸਰਕਾਰੀ ਜਮਾਤ ਨੇ ਉਹੀ ਕੀਤਾ ਜੋ ਇਨ੍ਹਾਂ ਦੇ ਹਿੰਦੂਤਵੀ ਪ੍ਰਭੂਆਂ ਨੇ ਚਾਹਿਆ।

ਖ਼ੈਰ ਖਾਲਸਾ ਪੰਥ ਦੀ ਹਸਤੀ ਤੇ ਹੋਂਦ ਲਈ ਇਹ ਨਵੀਂ ਚੁਣੌਤੀ ਨਹੀਂ। ਸੰਘਰਸ਼ਾਂ ਵਿਚੋਂ ਜੰਮੀ ਪਲੀ ਤੇ ਜਿਉਂ ਰਹੀ ਸਿੱਖ ਕੌਮ ਦੁਸ਼ਮਣ ਦੇ ਅਜਿਹੇ ਹਮਲਿਆਂ ਨਾਲ ਸਿੱਝਣਾ ਤੇ ਸੰਭਲਣਾ ਬਾਖ਼ੂਬੀ ਜਾਣਦੀ ਹੈ। ਪਰ ਸਿੱਖਾਂ ਅਤੇ ਪੰਜਾਬ ਨਾਲ ਲਗਾਤਾਰ ਧੱਕੇਸ਼ਾਹੀ ਤੇ ਵਿਤਕਰੇ ਕਰਕੇ ਪਿਛਲੇ ਕਈ ਦਹਾਕਿਆਂ 'ਚ ਪੰਜਾਬ ਨੂੰ ਬਲਦੀ ਦੇ ਬੁੱਥੇ ਧੱਕਣ ਵਾਲੇ ਦਿੱਲੀ ਦੇ ਹਾਕਮਾਂ ਨੂੰ ਸੁੱਤੀਆਂ ਕਲਾਂ ਜਗਾਉਣ ਵਾਲੀ ਕਹਾਵਤ ਤੋਂ ਸਬਕ ਸਿਖਦਿਆਂ ਇਹ ਕਦੇ ਵੀ ਨਹੀਂ ਭੁਲੱਣਾ ਚਾਹੀਦਾ ਕਿ ਪੰਥ ਸੁੱਤੇ ਹੋਏ ਨਹੀਂ ਬਲਕਿ ਸਦਾ ਜਾਗਦੇ ਸ਼ੇਰਾਂ ਦੀ ਕੌਮ ਹੈ।

# ਹਰਿਮੰਦਰ ਸਾਹਿਬ ਤੇ ਰੂਹਾਨੀ ਸਕੂਨ...



*ਕੌਫ਼ੀ ਤੇ ਗੱਪ-ਸ਼ੱਪ*

**ਹਰੀਸ਼ ਖਰੇ**



ਇੱਕ ਸਕਿੰਟ ਦਾ ਵੀ ਬਹੁਤ ਛੋਟਾ ਜਿਹਾ, ਛਿਣਭੰਗਰ ਸਮਾਂ ਹੁੰਦਾ ਹੈ, ਜਦੋਂ ਵਿਅਕਤੀ ਨੂੰ ਹਰਿਮੰਦਰ ਸਾਹਿਬ ਦਾ ਪਹਿਲਾ ਝਲਕਾਰਾ ਮਿਲਦਾ ਹੈ। ਸਮੁੱਚੀ ਦ੍ਰਿਸ਼ਾਵਲੀ ਦੀ ਵਿਆਪਕਤਾ, ਸ਼ਰਧਾਲੂਆਂ ਦੀਆਂ ਵਹੀਰਾਂ, ਪਾਵਨ ਸਰੋਵਰ ਦੀ ਵਿਸ਼ਾਲਤਾ ਤੇ ਹਰ ਪਾਸੇ ਸੁਨਹਿਰੀ ਡਲ੍ਹਕਾਂ ਦੇ ਬਾਵਜੂਦ ਹਰਿਮੰਦਰ ਸਾਹਿਬ ਦੀ ਪਹਿਲੀ ਝਲਕ ਜੋ ਰੂਹਾਨੀ ਸਕੂਨ ਦਿੰਦੀ ਹੈ, ਉਹ ਨਾਯਾਬ ਹੈ। ਇਹ ਉਹ ਜਾਦੂਈ ਛਿਣ ਹੁੰਦਾ ਹੈ ਜੋ ਸ਼ਰਧਾਵਾਨ ਨੂੰ ਇੱਕ ਨਿਵੇਕਲੀ, ਉਚੇਰੀ ਅਤੇ ਬਖ਼ਸ਼ਿਸ਼ਾਂ-ਲੱਦੀ ਕਾਇਨਾਤ 'ਚ ਲੈ ਜਾਂਦਾ ਹੈ।

ਪਿਛਲੇ ਹਫ਼ਤੇ ਮੈਂ ਖਾਲਸਾ ਕਾਲਜ ਦੇ ਸੱਦੇ ਉੱਤੇ ਅੰਮ੍ਰਿਤਸਰ ਗਿਆ ਸਾਂ; ਮੈਂ ਇਹ ਸੱਦਾ ਫ਼ੌਰੀ ਪ੍ਰਵਾਨ ਕਰ ਲਿਆ ਸੀ ਕਿਉਂਕਿ ਇਸ ਰਾਹੀਂ ਮੈਨੂੰ ਹਰਿਮੰਦਰ ਸਾਹਿਬ ਦੇ ਦੀਦਾਰ ਦਾ ਮੌਕਾ ਵੀ ਮਿਲਣਾ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਦੇ ਮੈਂਬਰਾਂ ਨਾਲ ਸਾਡੀ ਰਸਮੀ ਮੁਲਾਕਾਤ ਹੋਈ; ਸਾਨੂੰ ਉਨ੍ਹਾਂ ਬਹੁਤ ਸਾਰੇ ਪ੍ਰਭਾਵਸ਼ਾਲੀ ਭਾਈਚਾਰਕ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਗਈ ਜੋ ਇਹ ਕਮੇਟੀ ਕਰਦੀ ਹੈ; ਮੈਂ ਸਤਿਕਾਰ ਸਹਿਤ ਸਿਰੋਪਾਓ, ਹਿਸਟਰੀ ਆਫ ਦਿ ਸਿੱਖਜ਼ ਐਂਡ ਦੇਅਰ ਰਿਲੀਜਨ' ਦੀ ਇੱਕ ਕਾਪੀ ਅਤੇ ਹਰਿਮੰਦਰ ਸਾਹਿਬ ਦਾ ਸ਼ਾਨਦਾਰ ਮਾਡਲ ਪ੍ਰਾਪਤ ਕੀਤਾ। ਮੈਂ ਖ਼ੁਦ ਨੂੰ ਸਚਮੁੱਚ ਹੀ ਸਨਮਾਨਾਂ-ਲੱਦਿਆ ਮਹਿਸੂਸ ਕੀਤਾ।

ਫਿਰ ਪਵਿੱਤਰ ਅਸਥਾਨ ਦੇ ਦਰਸ਼ਨ ਦੀਦਾਰ ਦੀ ਵਾਰੀ ਸੀ। ਪਰਿਕਰਮਾ ਕੀਤੀ। ਭੀੜ ਦੇ ਬਾਵਜੂਦ ਪਾਵਨ ਅਸਥਾਨ ਦੇ ਅੰਦਰ ਮੇਰੇ ਬੈਠਣ ਲਈ ਜਗ੍ਹਾ ਲੱਭ ਲਈ ਗਈ। ਅੱਧੇ ਘੰਟੇ ਲਈ ਮੈਂ ਰਾਗੀ ਸਿੰਘਾਂ ਵੱਲੋਂ ਕੀਤੇ ਜਾ ਰਹੇ ਰਸਭਿੰਨੇ ਸ਼ਬਦ ਕੀਰਤਨ ਦੇ ਰੂਹਾਨੀ ਰਸ ਵਿੱਚ ਡੁੱਬਿਆ ਰਿਹਾ। ਇਹ ਉਹ ਸਮਾਂ ਸੀ ਜਦੋਂ ਰੂਹਾਨੀ ਸਕੂਨ ਵਾਲਾ ਜਜ਼ਬਾ ਮੈਨੂੰ ਮੁੜ ਸ਼ਰਸ਼ਾਰ ਕਰ ਗਿਆ।

ਮੇਰਾ ਜੀਅ ਉੱਥੇ ਲੰਮਾ ਸਮਾਂ ਬੈਠੇ ਰਹਿਣ ਨੂੰ ਕੀਤਾ, ਪਰ ਮੈਂ ਸਮਝਿਆ ਕਿ ਹੋਰ ਸ਼ਰਧਾਲੂਆਂ ਨੂੰ ਇਸ ਮੌਕੇ ਤੋਂ ਵਾਂਝਾ ਕਰ ਕੇ ਮੈਨੂੰ ਵਧੇਰੇ ਸਮਾਂ ਬੈਠਣ ਦਾ ਹੱਕ ਨਹੀਂ ਹੈ। ਸਾਰੇ ਪਾਸੇ ਸ਼ਰਧਾਲੂਆਂ ਦੀ ਗਹਿਮਾ-ਗਹਿਮੀ ਦੇ ਬਾਵਜੂਦ ਉੱਥੇ ਪਰਮ ਆਨੰਦ ਵਾਲੀ ਫ਼ਿਜ਼ਾ ਸੀ। ਮੈਂ ਖ਼ੁਦ ਨੂੰ ਪਾਵਨ ਹੋਇਆ ਮਹਿਸੂਸ ਕੀਤਾ।

ਜਦੋਂ ਮੈਂ ਬਾਹਰ ਆਇਆ ਤਾਂ ਦ੍ਰਿਸ਼ ਇੱਕ ਤਰ੍ਹਾਂ ਪੂਰਾ ਹੀ ਬਦਲ ਚੁੱਕਿਆ ਸੀ: ਸਹਿਜਮਈ, ਠੰਢੀਆਂ, ਸੁਹਜ-ਸੁਆਦ ਭਰਪੂਰ ਨਵੀਆਂ ਐੱਲਈਡੀ ਲਾਈਟਾਂ ਤਰਕਾਲ' ਸ਼ਬਦ ਦੀ ਨਵੀਂ ਪਰਿਭਾਸ਼ਾ ਸਿਰਜ ਰਹੀਆਂ ਸਨ। ਜਿਉਂ ਹੀ ਸ਼ਾਮ ਦਾ ਧੁੰਦਲਕਾ ਉਤਰਿਆ ਤਾਂ ਮੱਧਮ ਰੌਸ਼ਨੀਆਂ ਨੇ ਸਾਰੀ ਜਗ੍ਹਾ ਨੂੰ ਅਛੋਪਲੇ ਜਿਹੇ ਆਪਣੇ ਕਲਾਵੇ ਵਿੱਚ ਲੈ ਗਿਆ; ਇਸ ਨੇ ਪੂਰੇ ਅਨੁਭਵ ਵਿੱਚ ਸੁਹਜਵਾਦੀ ਸੂਖ਼ਮਤਾ ਦੀ ਇੱਕ ਨਵੀਂ ਪਰਤ ਜੋੜ ਦਿੱਤੀ।

ਜਿਵੇਂ ਕਿ ਰਵਾਇਤ ਹੈ, ਦਰਸ਼ਨਾਰਥੀ ਨੂੰ ਮੀਰੀ-ਪੀਰੀ ਦੇ ਸੰਕਲਪ ਦੇ ਪ੍ਰਤੀਕ ਦੋ ਨਿਸ਼ਾਨ ਸਾਹਿਬ ਵੀ ਦਿਖਾਏ ਜਾਂਦੇ ਹਨ। ਇਨ੍ਹਾਂ ਵਿੱਚੋਂ ਇੱਕ ਮੁਕਾਬਲਤਨ ਛੋਟਾ ਹੈ, ਜੋ ਉਸ ਸਤਿਕਾਰ ਦੇ ਪ੍ਰਤੀਕ ਹਨ ਕਿ ਸਿਪਾਹੀ ਦਾ ਸੰਤ ਹੋਣਾ ਲਾਜ਼ਮੀ ਹੈ। ਇਹ ਵੱਖਰੀ ਗੱਲ ਹੈ ਕਿ ਮੈਂ ਇਹੋ ਸੋਚਦਾ ਰਹਿ ਗਿਆ ਕਿ ਬਾਦਲਾਂ ਦੀ ਸਿਆਸੀ ਸਿਕਦਾਰੀ ਦੇ ਮੱਦੇਨਜ਼ਰ, ਐੱਸਜੀਪੀਸੀ ਦੇ ਅਹੁਦੇਦਾਰ ਕੀ ਇਸ ਸੰਕਲਪ ਨੂੰ ਆਧੁਨਿਕ ਸੰਦਰਭ ਵਿੱਚ ਅਮਲੀ ਰੂਪ ਦੇਣ ਦੇ ਯੋਗ ਹਨ। ਉੱਥੇ ਇਕੱਠ ਬਹੁਤ ਵਿਸ਼ਾਲ ਸੀ, ਪਰ ਇਹ ਪੂਰੇ ਸਲੀਕੇ ਨਾਲ ਵਿਚਰ ਰਿਹਾ ਸੀ। ਇੱਥੋਂ ਤਕ ਕਿ ਨੀਲੇ ਖਾਲਸਾਈ ਰੰਗ ਵਾਲੀ ਵਰਦੀ ਵਿੱਚ ਫਬੇ ਸਕੂਲੀ ਬੱਚੇ ਵੀ ਪੁਰਜ਼ਬਤ ਸਨ। ਕਿਤੇ ਵੀ ਬੇਸਬਰੀ ਜਾਂ ਹਫੜਾ-ਦਫੜੀ ਨਹੀਂ ਸੀ ਜੋ ਕਈ ਵਾਰ ਹੋਰ ਧਾਰਮਿਕ ਅਸਥਾਨਾਂ 'ਤੇ ਅਨੁਭਵ ਹੁੰਦੀ ਹੈ।

ਇਤਿਹਾਸਕ ਖਾਲਸਾ ਕਾਲਜ ਵੱਲੋਂ ਇਸ ਦੇ ਪੱਤਰਕਾਰੀ ਵਿਭਾਗ ਦੇ ਵਿਦਿਆਰਥੀਆਂ ਨਾਲ ਵਾਰਤਾਲਾਪ ਦਾ ਸੱਦਾ ਮੇਰੀ ਅੰਮ੍ਰਿਤਸਰ ਫੇਰੀ ਦਾ ਸਬੱਬ ਬਣਿਆ। ਇਹ ਸੱਦਾ ਤੁਰਤ-ਫੁਰਤ ਪ੍ਰਵਾਨ ਕਰ ਲਿਆ ਗਿਆ ਸੀ। ਖਾਲਸਾ ਕਾਲਜ ਇੱਕ ਅਜਿਹੀ ਇਮਾਰਤ ਵਿੱਚ ਸਥਿਤ ਹੈ ਜੋ ਸਚਮੁੱਚ ਹੀ ਪੁਰਾਤਨ ਸ਼ੈਲੀ ਦੀ ਬਾਕਮਾਲ ਇਮਾਰਤ ਦਾ ਰੁਤਬਾ ਰੱਖਦੀ ਹੈ। ਇਸ ਨੂੰ ਪਹਿਲਾਂ ਹੀ ਵਿਰਾਸਤੀ ਇਮਾਰਤ ਐਲਾਨਿਆ ਜਾ ਚੁੱਕਿਆ ਹੈ। ਇਸ ਅਦਭੁੱਤ ਚੌਗਿਰਦੇ ਵਿੱਚ ਆਉਣ, ਪੜ੍ਹਨ ਅਤੇ ਪੜ੍ਹਾਉਣ ਵਾਲੇ ਸਚਮੁੱਚ ਹੀ ਸੁਭਾਗੇ ਹਨ। ਇਸ ਥਾਂ ਦੀ ਠਾਠ-ਬਾਠ ਅਤੇ ਸ਼ਾਨੋ-ਸ਼ੌਕਤ ਚਿਰਸਥਾਈ ਪ੍ਰਭਾਵ ਛੱਡ ਜਾਂਦੀ ਹੈ।

ਖਾਲਸਾ ਕਾਲਜ ਉਸ ਸਮੇਂ ਸਥਾਪਿਤ ਹੋਇਆ ਜਦੋਂ ਪੁਰਾਣਾ ਪੰਜਾਬ ਵੱਡੀ ਸੱਭਿਆਚਾਰਕ ਅਤੇ ਬੌਧਿਕ ਨਵਚੇਤਨਾ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਸੀ। ਇਹ ਉਹ ਸਮਾਂ ਸੀ ਜਦੋਂ ਸੁਪਨਸਾਜ਼ ਉੱਘੀਆਂ ਸ਼ਖ਼ਸੀਅਤਾਂ ਵੱਖ ਵੱਖ ਤਰ੍ਹਾਂ ਦੀਆਂ ਸੰਸਥਾਵਾਂ (ਟ੍ਰਿਬਿਊਨ 1881, ਖਾਲਸਾ ਕਾਲਜ 1892, ਡੇਰਾ ਬਿਆਸ 1890ਵਿਆਂ ਦੌਰਾਨ) ਸਥਾਪਿਤ ਕਰ ਰਹੀਆਂ ਸਨ।

ਮੈਨੂੰ ਪੂਰਾ ਯਕੀਨ ਹੈ ਕਿ ਇਸ ਦਾ ਮਕਸਦ ਇਸ ਨੂੰ ਧਰਮ ਨਿਰਪੇਖ ਸਿੱਖਿਆ ਅਤੇ ਬੌਧਿਕ ਤਜਰਬਿਆਂ ਦੀ ਜਗ੍ਹਾ ਬਣਾਉਣਾ ਸੀ। ਇਨ੍ਹਾਂ ਸਾਲਾਂ ਦੌਰਾਨ ਇਹ 'ਖਾਲਸਾ ਸੱਭਿਆਚਾਰ' ਦਾ ਕੇਂਦਰ ਸਮਝਿਆ ਜਾਣ ਲੱਗਿਆ ਹੈ (ਜਿਵੇਂ ਕਾਲਜ ਇਤਿਹਾਸ ਦੀ ਪਹਿਲੀ ਅਧਿਕਾਰਤ ਸਤਰ ਦਾਅਵਾ ਕਰਦੀ ਹੈ)। ਆਪਣੇ ਪ੍ਰਿੰਸੀਪਲਾਂ ਤੋਂ ਹੀ ਕਾਲਜ ਆਪਣਾ ਜਾਦੂਈ ਪ੍ਰਭਾਵ ਹਾਸਲ ਕਰਦਾ ਹੈ ਅਤੇ ਕਈ ਬਹੁਤ ਉੱਘੇ ਸਿੱਖਿਆ ਸ਼ਾਸਤਰੀ ਇਸ ਸੰਸਥਾ ਦੇ ਪ੍ਰਿੰਸੀਪਲ ਰਹੇ ਹਨ।

ਮੌਜੂਦਾ ਪ੍ਰਿੰਸੀਪਲ ਡਾ. ਮਹਿਲ ਸਿੰਘ ਬਹੁਤ ਪੁਰਖ਼ਲੂਸ ਸ਼ਖ਼ਸੀਅਤ ਹਨ। ਇਹ ਸਾਊ ਅਤੇ ਮਿਠਬੋਲੜਾ ਬੰਦਾ, ਬਦਲਦੇ ਸਮਿਆਂ ਦਾ ਹਾਣੀ ਬਣਿਆ ਰਹਿਣ ਲਈ ਯਤਨਸ਼ੀਲ ਹੈ। ਉਨ੍ਹਾਂ ਨੇ ਮੈਨੂੰ ਸਿੱਖ ਇਤਿਹਾਸ ਅਤੇ ਖੋਜ ਵਿਭਾਗ ਦਿਖਾਉਣ ਵਿੱਚ ਬਹੁਤ ਮਾਣ ਮਹਿਸੂਸ ਕੀਤਾ। ਇਹ ਮਾਣ ਕੁਥਾਂ ਨਹੀਂ ਸੀ। ਮੈਨੂੰ ਦੱਸਿਆ ਗਿਆ ਕਿ 1930 ਵਿੱਚ ਸਥਾਪਿਤ ਇਹ ਅਦਾਰਾ ਸਿੱਖ ਇਤਿਹਾਸ ਬਾਰੇ ਕਿਸੇ ਵੀ ਕਿਸਮ ਦੀ ਖੋਜ ਲਈ ਲਾਜ਼ਮੀ ਜਗ੍ਹਾ ਸਮਝਿਆ ਜਾਂਦਾ ਹੈ।

ਇਹ ਗੱਲ ਪ੍ਰਭਾਵਸ਼ਾਲੀ ਹੈ ਕਿ ਇਸ ਮਹੱਲਨੁਮਾ ਇਮਾਰਤ ਦੀ ਸੁਚੱਜੀ ਦੇਖ-ਭਾਲ ਕੀਤੀ ਜਾ ਰਹੀ ਹੈ। ਮੈਨੂੰ ਜਾਣਕਾਰੀ ਦਿੱਤੀ ਗਈ ਕਿ ਕੁਝ ਕੁ ਸਾਲ ਪਹਿਲਾਂ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਕਾਲਜ ਨੂੰ ਵੱਡਾ ਸਾਰਾ ਮਾਇਕ ਗੱਫ਼ਾ ਦਿੱਤਾ ਸੀ। ਉਸ ਫੰਡ ਦੀ ਸਦਵਰਤੋਂ ਇਸ ਇਮਾਰਤ ਦੀ ਅਤਿ-ਲੋੜੀਂਦੀ ਮੁਰੰਮਤ ਤੇ ਨਵੀਨੀਕਰਨ ਲਈ ਕੀਤੀ ਜਾਂਦੀ ਹੈ।

ਪੁਰਾਣੀ ਦਿੱਲੀ ਦੀਆਂ ਗਲੀਆਂ ਤੇ ਬਾਜ਼ਾਰਾਂ ਵਿੱਚ ਆਪਣਾ ਬਚਪਨ ਬਿਤਾਇਆ ਹੋਣ ਕਰ ਕੇ ਅੰਮ੍ਰਿਤਸਰ ਦੀਆਂ ਭੀੜੀਆਂ ਗਲੀਆਂ ਵਿੱਚ ਵਿਚਰਨਾ ਮੈਨੂੰ ਆਪਣੇ ਸ਼ਹਿਰ 'ਚ ਵਿਚਰਨ ਵਾਂਗ ਜਾਪਿਆ।

ਦਰਅਸਲ, ਅਜਿਹੀ ਗਹਿਮਾ-ਗਹਿਮੀ ਮੇਰੇ ਲਈ ਬੜੀ ਜਾਣੀ-ਪਛਾਣੀ ਹੈ। ਮੈਨੂੰ ਕੁਝ ਵੀ ਅਸੁਭਾਵਿਕ ਨਹੀਂ ਜਾਪਿਆ। ਇਹ ਦੇਖ ਕੇ ਖ਼ੁਸ਼ੀ ਹੋਈ ਕਿ ਗਲੀਆਂ ਸਾਫ਼ ਸਨ ਅਤੇ ਨਾਲੀਆਂ ਢਕੀਆਂ ਹੋਈਆਂ ਸਨ। ਸੜ੍ਹਾਂਦ ਮਾਰਦੇ ਕੂੜੇ ਦੇ ਬਹੁਤੇ ਸੰਕੇਤ ਨਹੀਂ ਮਿਲੇ।

ਇਹ ਸ਼ਹਿਰ ਆਪਣੇ ਆਪ ਵਿੱਚ ਸੰਤੁਸ਼ਟ ਜਾਪਿਆ ਅਤੇ ਇਸ ਦੀ ਸੀਮਿਤ ਆਰਥਿਕਤਾ ਜ਼ਿਆਦਾਤਰ ਤੀਰਥ ਯਾਤਰੀਆਂ ਵਾਲੇ 'ਸੈਰ ਸਪਾਟੇ' ਉੱਤੇ ਹੀ ਟਿਕੀ ਹੋਈ ਹੈ।

ਅੰਮ੍ਰਿਤਸਰੀ ਜ਼ਾਇਕੇ ਚੱਖੇ ਬਿਨਾਂ ਅੰਮ੍ਰਿਤਸਰ ਫੇਰੀ ਕਾਹਦੀ ਫੇਰੀ ਹੋਈ! ਅੰਮ੍ਰਿਤਸਰ ਵਾਲੇ ਆਪਣੇ ਖਾਣੇ ਨੂੰ ਪੂਰੀ ਗੰਭੀਰਤਾ ਨਾਲ ਲੈਂਦੇ ਹਨ। ਬਾਜ਼ਾਰ ਦੇ ਖਾਣਿਆਂ ਤੋਂ ਪਰਹੇਜ਼ ਕਰਨ ਸਬੰਧੀ ਆਪਣੇ ਮੇਜ਼ਬਾਨਾਂ ਦੀਆਂ ਸਹਿਜ ਚਿਤਾਵਨੀਆਂ ਦੇ ਬਿਲਕੁਲ ਉਲਟ ਮੈਂ ਕੇਸਰ ਦੇ ਢਾਬੇ 'ਤੇ ਖਾਣੇ ਦਾ ਸੁਆਦ ਮਾਣਨ ਲਈ ਚੌਕ ਪਾਸੀਆਂ ਚਲਾ ਗਿਆ। ਇਸ ਢਾਬੇ ਦਾ ਖਾਣਾ ਆਪਣੀ ਸਾਖ਼ ਦੇ ਮੁਤਾਬਿਕ ਬੜਾ ਜ਼ਾਇਕੇਦਾਰ ਸੀ। ਤੁਹਾਨੂੰ ਫਲਾਣੀ ਜਾਂ ਢਿਮਕੀ ਚੀਜ਼ ਖਾਣ ਦੀ ਸਲਾਹ ਦੇਣ ਲਈ ਉੱਥੇ ਬਾਵਰਚੀ ਮੌਜੂਦ ਸੀ। ਲੱਸੀ, ਪਰੌਂਠੇ, ਛੋਲੇ, ਕਾਲੀ ਦਾਲ, ਬੈਂਗਣ ਦਾ ਭੜਥਾ। ਸਚਮੁੱਚ, ਖਾ-ਖਾ ਕੇ ਕੁੱਪਾ ਹੋਣ ਵਾਲਾ ਖਾਣਾ ਸੀ।

ਇੱਕ ਮਹਾਨ, ਪਾਵਨ ਅਸਥਾਨ ਦੇ ਆਸ-ਪਾਸ ਵਸਿਆ ਹੋਇਆ ਇਹ ਪੁਰਾਤਨ ਨਗਰ ਹੁਣ ਬਦਲਣ ਦੀ ਕੋਸ਼ਿਸ਼ ਵੀ ਕਰ ਰਿਹਾ ਹੈ। ਨਵਾਂ ਪਲਾਜ਼ਾ ਖ਼ੂਬ ਦਿਲਕਸ਼ ਹੈ; ਹੁਣ ਪਹਿਲਾਂ ਨਾਲੋਂ ਘੜਮੱਸ ਥੋੜ੍ਹਾ ਘੱਟ ਹੈ ਕਿਉਂਕਿ ਹਰਿਮੰਦਰ ਸਾਹਿਬ ਕੰਪਲੈਕਸ ਦੁਆਲੇ ਵਾਹਨਾਂ ਦੀ ਆਵਾਜਾਈ ਨੂੰ ਸਖ਼ਤੀ ਨਾਲ ਠੱਲ੍ਹ ਪਾਈ ਗਈ ਹੈ। ਪੂਰੀ ਦੁਨੀਆਂ ਤੋਂ ਆਉਣ ਵਾਲੇ ਤੀਰਥ ਯਾਤਰੀਆਂ ਦੀ ਗਿਣਤੀ ਵਿੱਚ ਕੋਈ ਕਮੀ ਨਹੀਂ ਆ ਰਹੀ। ਸੋ ਮੋਮੋਜ਼, ਡੌਮਿਨੋ'ਜ਼ ਪੀਜ਼ਾ, ਮੈਕਡੌਨਲਡ'ਜ਼, ਕੈਫੇ ਕੌਫ਼ੀ ਡੇਅ, ਸਾਰੇ ਹੀ ਨਵੇਂ ਐੱਨਆਰਆਈ ਤੀਰਥ ਯਾਤਰੀਆਂ ਦੇ ਨਵੇਂ ਸੁਆਦ ਮੁਤਾਬਿਕ ਪਕਵਾਨ ਪਰੋਸਣ ਦੀ ਕੋਸ਼ਿਸ਼ ਕਰ ਰਹੇ ਹਨ।

ਗੱਦੀਓਂ ਲਾਹੇ ਜਾਣ ਤੋਂ ਪਹਿਲਾਂ ਪੁਰਾਣੀ ਬਾਦਲ ਸਰਕਾਰ ਵੱਲੋਂ ਸ਼ਹਿਰ ਦਾ ਕਾਇਆ ਕਲਪ' ਅਤੇ ਸੁੰਦਰੀਕਰਨ' ਕੀਤਾ ਜਾ ਰਿਹਾ ਸੀ। ਇਹ ਸਾਬਕਾ ਉਪ ਮੁੱਖ ਮੰਤਰੀ ਦਾ ਪਸੰਦੀਦਾ ਪ੍ਰੋਜੈਕਟ ਸਮਝਿਆ ਜਾਂਦਾ ਸੀ। ਮੈਨੂੰ ਦੱਸਿਆ ਗਿਆ ਕਿ ਨਵੀਂ ਸਰਕਾਰ ਨੇ ਉਨ੍ਹਾਂ ਸਾਰੇ ਕੰਮਾਂ ਨੂੰ ਰੋਕ

**ਬਾਕੀ ਸਫ਼ਾ 30 'ਤੇ**

ੴ ਸਤਿਗੁਰ ਪ੍ਰਸਾਦਿ ॥
ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥

# ਹੌਲੀਵੁੱਡ ਸਿੱਖ ਗੁਰਦੁਆਰਾ ਸਾਹਿਬ, ਵਰਮੌਂਟ

## ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 548ਵੇਂ ਪ੍ਰਕਾਸ਼ ਦਿਹਾੜੇ ਸਬੰਧੀ ਸਮਾਗਮ

## 18 ਨਵੰਬਰ, 2017, ਸ਼ਨਿੱਚਰਵਾਰ

## ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ





ਸਥਾਨ-ਫਰੈਂਡਸ਼ਿਪ ਆਡੀਟੋਰੀਅਮ, 3201 ਰਿਵਰਸਾਈਡ ਡਰਾਈਵ,
ਲਾਸ ਏਂਜਲਸ, ਕੈਲੀਫੋਰਨੀਆ 90027

## ਭਾਈ ਇੰਦਰਜੀਤ ਸਿੰਘ ਜੀ

*ਸ੍ਰੀ ਦਰਬਾਰ ਸਾਹਿਬ ਵਾਲੇ ਅਤੇ ਹੋਰ*







ਹਜੂਰੀ ਰਾਗੀ ਜਥਾ ਭਾਈ ਅਜੀਤ ਸਿੰਘ ਜੀ ਅਤੇ ਭਾਈ ਮਨਜੀਤ ਸਿੰਘ ਜੀ
5 ਰਾਗੀ ਜਥੇ ਇਕੱਠੇ ਕੀਰਤਨ ਕਰਨਗੇ।
ਗੁਰਦੁਆਰਾ ਜਥਾ ਅਤੇ ਗੁਰਦੁਆਰਾ ਸਕੂਲੀ ਬੱਚੇ ਕੀਰਤਨ ਕਰਨਗੇ।
ਸਿਟੀ, ਸਟੇਟ ਅਧਿਕਾਰੀਆਂ ਦਾ ਸਨਮਾਨ ਕੀਤਾ ਜਾਵੇਗਾ।
ਸਿੱਖ ਬੁੱਧੀਜੀਵੀ ਅਤੇ ਆਗੂ ਹਿੱਸਾ ਲੈ ਰਹੇ ਹਨ।

*ਸਮਾਗਮ ਵਿਚ ਸ਼ਾਮਲ ਹੋ ਰਹੇ ਗੁਰੂਘਰ : ਗੁਰਦੁਆਰਾ ਵਾਲਨੱਟ, ਆਈ.ਆਈ.ਜੀ.ਐਸ., ਗੁਰਦੁਆਰਾ ਬਿਓਨਾ ਪਾਰਕ, ਗੁਰਦੁਆਰਾ ਏ.ਵੀ. ਸਿੱਖ ਸੈਂਟਰ ਲੈਂਕਸਟਰ, ਗੁਰਦੁਆਰਾ ਰਿਵਰਸਾਈਡ, ਗੁਰਦੁਆਰਾ ਵੈਂਚੂਰਾ, ਗੁਰਦੁਆਰਾ ਸਰਬ ਸਾਂਝਾ ਦਰਬਾਰ (ਕੇ.ਸੀ.ਐਫ.), ਸਿੱਖ ਸੈਂਟਰ ਆਫ਼ ਰਿਵਰਸਾਈਡ, ਗੁਰਦੁਆਰਾ ਮਾਤਾ ਸਾਹਿਬ ਕੌਰ ਜੀ, ਗੁਰਦੁਆਰਾ ਨਾਨਕ ਸਦਨ, ਗੁਰੂ ਰਾਮ ਦਾਸ ਆਸ਼ਰਮ, ਗੁਰਦੁਆਰਾ ਵੈਲੀ ਸਿੱਖ ਟੈਂਪਲ, ਗੁਰਦੁਆਰਾ ਲੈਂਕਰਸ਼ਿਮ ਅਤੇ ਹੋਰ।*

ਰਾਗੀ ਜਥੇ ਕਿਰਪਾ ਕਰਕੇ ਸ. ਸੰਤੋਖ ਸਿੰਘ (310-569-9506), ਸ. ਬਲਦੇਵ ਸਿੰਘ ਜੌਹਲ (661-965-5937) ਨਾਲ ਸੰਪਰਕ ਕਰ ਸਕਦੇ ਹਨ।

ਪੰਜਾਬੀ ਬਾਜ਼ਾਰ ਲਈ ਸ. ਭੁਪਿੰਦਰ ਸਿੰਘ ਢਿਲੋਂ (323-514-6347),
ਸ. ਬਲਜਿੰਦਰ ਸਿੰਘ ਮੁਲਤਾਨੀ (213-249-8099),
ਸ. ਗੁਰਦੇਵ ਸਿੰਘ (323-304-4871) ਨਾਲ ਸੰਪਰਕ ਕਰ ਸਕਦੇ ਹਨ।
(ਸਟਾਲ ਲਗਾਉਣ ਵਾਲੇ ਆਪਣੀਆਂ ਛਤਰੀਆਂ ਨਾਲ ਲੈ ਕੇ ਆਉਣ।
ਮੇਜ ਸਾਡੇ ਵਲੋਂ ਮੁਹੱਈਆ ਕਰਵਾਏ ਜਾਣਗੇ।)

ਮੀਡੀਆ ਕੋ-ਆਰਡੀਨੇਟਰ : ਸ. ਮਨਜਿੰਦਰ ਪੀ. ਸਿੰਘ :818-268-3213
ਲੰਗਰ ਸੇਵਾ ਲਈ ਸੰਪਰਕ ਕਰੋ : ਸ. ਅਮਰਜੀਤ ਸਿੰਘ 310-291-4835
ਭਾਈ ਘਨੱਈਆ ਜੀ ਸੇਵਾ ਦਲ ਵਲੋਂ ਨਾਸ਼ਤੇ ਦੀ ਸੇਵਾ ਕੀਤੀ ਜਾਵੇਗੀ। ਬਾਬਾ ਸਵੀਟਸ ਵਲੋਂ ਜਲੇਬੀਆਂ ਦਾ ਲੰਗਰ ਲਾਇਆ ਜਾਵੇਗਾ। ਗੁਰੂ ਕਾ ਲੰਗਰ ਸਾਰਾ ਦਿਨ ਚੱਲੇਗਾ।
ਵੀਡੀਓ ਫੋਟੋਗ੍ਰਾਫ਼ੀ ਮਨਜਿੰਦਰ ਸੱਗੂ ਵਲੋਂ ਕੀਤੀ ਜਾਵੇਗੀ।

*ਅਖੰਡ ਪਾਠ ਸਾਹਿਬ ਦੇ ਭੋਗ 18 ਨਵੰਬਰ,2017, ਸ਼ਨਿੱਚਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਪਾਏ ਜਾਣਗੇ।*
*ਸਾਨੂੰ ਵਾਲੰਟੀਅਰਾਂ ਤੇ ਸੇਵਾਦਾਰਾਂ ਦੀ ਲੋੜ ਹੈ। ਇਸ ਸਬੰਧੀ ਸਾਡੇ ਨਾਲ ਸੰਪਰਕ ਕਰੋ।*
*ਅਸੀਂ ਆਡੀਟੋਰੀਅਮ ਵਿਖੇ ਵਾਲੇਟ ਪਾਰਕਿੰਗ ਘੱਟ ਚਾਰਜ 'ਤੇ ਮੁਹੱਈਆ ਕਰਵਾ ਰਹੇ ਹਾਂ।*
*ਸਾਡਾ ਗੁਰਦੁਆਰਾ ਤੋਂ ਸਾਡੇ ਫਰੈਂਡਸ਼ਿਪ ਆਡੀਟੋਰੀਅਮ ਤਕ ਸ਼ਟਲ ਸਵੇਰੇ 9.00 ਵਜੇ ਤੋਂ ਸ਼ਾਮ 5.30 ਵਜੇ ਤੱਕ ਮੁਹੱਈਆ ਕਰਵਾਈ ਜਾਵੇਗੀ।*

**ਮੈਨੇਜਮੈਂਟ ਕਮੇਟੀ :** ਡਾ. ਅਮਰਜੀਤ ਸਿੰਘ ਮਰਵਾਹ (ਚੇਅਰਮੈਨ), ਸ. ਬਲਦੇਵ ਸਿੰਘ ਜੌਹਲ (ਪ੍ਰਧਾਨ), ਸ. ਭੁਪਿੰਦਰ ਸਿੰਘ ਢਿਲੋਂ(ਮੀਤ ਪ੍ਰਧਾਨ), ਸ. ਸੰਤੋਖ ਸਿੰਘ (ਜਨਰਲ ਸਕੱਤਰ), ਸ. ਰੌਣਕ ਸਿੰਘ (ਵਧੀਕ ਸਕੱਤਰ), ਸ. ਬਲਜਿੰਦਰ ਸਿੰਘ ਮੁਲਤਾਨੀ (ਮੀਤ ਪ੍ਰਧਾਨ ਵਿਤ), ਸ. ਗੁਰਦੇਵ ਸਿੰਘ (ਖਜਾਨਚੀ), ਸ. ਗੁਲਬਾਗ ਸਿੰਘ (ਵਧੀਕ ਖਜਾਨਚੀ), ਮਨਜੀਤ ਸਿੰਘ ਖਾਲੀਲ (ਧਾਰਮਿਕ ਮਾਮਲੇ), ਸ. ਅਮਰਜੀਤ ਸਿੰਘ (ਲੰਗਰ ਇੰਚਾਰਜ), ਸ. ਹਰਮਿੰਦਰ ਸਿੰਘ ਚੌਹਾਨ (ਮੇਨਟੇਨਸ ਇੰਚਾਰਜ), ਮਨਜਿੰਦਰ ਪਾਲ ਸਿੰਘ (ਮੀਡੀਆ ਕੋਆਰਡੀਨੇਟਰ)

**ਦਾਨ ਕਮੇਟੀ :** ਜਵਾਹਰ ਲਾਲ ਸੈਣੀ, ਇਕਬਾਲ ਸਿੰਘ ਢਿਲੋਂ, ਸੁਰਿੰਦਰ ਸਿੰਘ ਗਿੱਲ, ਦਰਸ਼ਨ ਸਿੰਘ, ਇਕਬਾਲ ਸਿੰਘ ਸਮਰਾ ਐਂਡ ਬਰਦਰਜ਼, ਡਾ. ਜਸਵੰਤ ਸਿੰਘ ਢਿਲੋਂ, ਸੰਤ ਸਿੰਘ, ਬਲਵੰਤ ਸਿੰਘ, ਮੇਜਰ ਗੁਰਜੀਤ ਸਿੰਘ, ਹਰਜਿੰਦਰ ਸਿੰਘ ਮਲ੍ਹੀ, ਅਵਤਾਰ ਸਿੰਘ, ਹਰਭਜਨ ਸਿੰਘ, ਮਨਜੀਤ ਸਿੰਘ (ਪੱਪੀ), ਗੁਰਚਰਨ ਸਿੰਘ (ਬਾਲੀ), ਸਤਨਾਮ ਸਿੰਘ ਥਿਆਰਾ, ਗੁਰਸ਼ਰਨ ਨੱਤ (ਕਾਕਾ), ਮਨਜੀਤ ਸਿੰਘ ਪੰਧੇਰ, ਨਿਰਮਲ ਸੈਂਹਬੀ, ਹਰਭਜਨ ਸਿੰਘ ਸਮਰਾ, ਸਵਰਨਜੀਤ ਸਿੰਘ ਸਾਹਨੀ, ਗੁਰਦਾਸ ਸਿੰਘ ਕੇਹਲ, ਸਰਬਜੀਤ ਸਿੰਘ ਸੋਢੀ, ਗੁਰਦੇਵ ਸਿੰਘ ਨੌਲੀ, ਮਲਕੀਤ ਸਿੰਘ ਸੋਗੀ, ਅਵਤਾਰ ਸਿੰਘ ਭੋਗਲ, ਵਰੈਚ ਬਰਦਰਜ਼, ਸੰਤੋਖ ਸਿੰਘ ਖਿੰਡਾ ਬਰਦਰਜ਼, ਮੋਹਿੰਦਰ ਸਿੰਘ ਜੌਹਲ, ਹਰਨੇਕ ਸਿੰਘ ਥਿਆਰਾ, ਕੀਰਤਨ ਸਿੰਘ ਖਾਲਸਾ, ਰਾਮ ਸਿੰਘ, ਜਸਵਿੰਦਰ ਧਾਲੀਵਾਲ, ਹਰਜਿੰਦਰ ਸਿੰਘ ਰੰਧਾਵਾ, ਹਰਨਾਮ ਸਿੰਘ।

ਹੋਰ ਵਧੇਰੇ ਜਾਣਕਾਰੀ ਲਈ ਸ. ਬਲਦੇਵ ਸਿੰਘ ਜੌਹਲ (661-965-5937), ਮਨਜਿੰਦਰ ਪਾਲ ਸਿੰਘ (818-268-3213) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਸਾਡੀ ਵੈੱਬਸਾਈਟ 'ਤੇ ਜਾਣ ਲਈ : www.hollywoodsikhtemple.com**

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ।।

# ਧੰਨ ਧੰਨ ਸ੍ਰੀ ਗੁਰ ਰਾਮਦਾਸ ਸਾਹਿਬ ਜੀ






## ਦੇ ਪਾਵਨ ਪ੍ਰਕਾਸ਼ ਪੁਰਬ ਅਤੇ
## ਬੰਦੀ ਛੋੜ ਦਿਵਸ (ਦੀਵਾਲੀ)
ਦੇ ਉਪਲਕਸ਼ ਨੂੰ ਸਮਰਪਿਤ ਵਿਸ਼ੇਸ਼ ਕੀਰਤਨ ਸਮਾਗਮ
ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ ਵਿਖੇ
AT GURDWARA SAHIB KHALSA CARE FOUNDATION
**9989 Laurel Canyon Blvd, Pacoima CA 91331**

**15 OCTOBER (SUNDAY) & 22 OCTOBER (SUNDAY)**
11.30 am to 01.00 pm — Kirtan - Bhai Harjinder Singh (Sri Nagar Wale)

**16 OCTOBER (MONDAY) TO 21 OCTOBER (SATURDAY)**
07.00 pm to 08.30 pm — Kirtan - Bhai Harjinder Singh (Sri Nagar Wale)



BHAI KANHAIYA JEE LANGAR SEWA DAL
FOR MORE INFORMATION PLEASE CONTACT:
BALDEV SINGH (818) 468-9595 BALWINDER SINGH (818) 404-0811 MAKHAN SINGH (661) 225-7157 PARAMJIT SINGH (626) 354-6653
Printed by: SS #9873467767



# SINGH TRANSPORT INC



- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
- ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



# KHALSA INSURANCE AGENCY, INC.
Khalsa Insurance Agency is among TOP 50 agencies

2014 ACE INDIVIDUAL
KHALSA INSURANCE AGENCY

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA
OBAMACARE
COVERED CALIFORNIA
AFFORDABLE CARE ACT
California Health Benefit Exchange
Your destination for affordable health care

Call Now for the Lowest Health Insurance Premiums available
Some Households qualify for FREE HEALTHCARE
**408-272-2500**

Please Contact Harjot S Khalsa (Certified Covered CA Agent) | License # 0803546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।।

ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥
ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥



Bhai Chamanjeet Singh Ji (Lal)

ਗੁਰੂ ਘਰ ਦੇ ਅਨਿਨ ਸੇਵਕ ਰੇਵਾ ਕੁਮਾਰ ਜੀ ਅਤੇ ਪਰਿਵਾਰ ਵਲੋਂ
ਪੰਥ ਪ੍ਰਸਿੱਧ ਰਾਗੀ

# Bhai Chamanjeet Singh Ji (Lal)

# ਭਾਈ ਚਮਨਜੀਤ ਸਿੰਘ ਜੀ (ਲਾਲ) ਦੇ

# ਮਹਾਨ ਕੀਰਤਨ ਸਮਾਗਮ

## 18 ਅਤੇ 19 ਨਵੰਬਰ, 2017

**18 -19 November, 2017**

## Program

**Sri Gurdwara Sahib, San Jose**
3636 Murillo Ave, San Jose, CA 95148, USA
**Saturday, November 18, 2017**
Evening 7:00 p.m. to 9:00 p.m.

**Sri Gurdwara Sahib, Fremont**
300 Gurdwara Rd, Fremont, CA 94536, USA
**Sunday, November 19, 2017**
Afternoon 2:30 p.m. to 4:30 p.m.

Langar Seva by Ritesh ji of The Nawab Kitchen,
Sodhi Singh of Fronitier Spice
Sanjeev Shera & Bay Area Divine Sat Sangat

**For Further Information Please contact**

Varinder Pal Singh Phone : 510-673-8400 • A.P.S. Bhatia Phone : 408-509-2223

Organised by:

**Rewa Kumar ji & Family, Phone : 510-868-3338**

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗ ਚਾਨਣੁ ਹੋਆ ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ॥

# ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ

**1280 WINNETKA ST. PALATINE IL 60067, Contact : (847) 358-1117**



## ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਪ੍ਰੋਗਰਾਮ

## 3 ਨਵੰਬਰ 2017, ਦਿਨ ਸ਼ੁਕਰਵਾਰ

### 3 ਨਵੰਬਰ, ਸ਼ੁੱਕਰਵਾਰ

**ਕੀਰਤਨ ਭਾਈ ਗੁਰਦਿਆਲ ਸਿੰਘ ਯੂ.ਕੇ. ਵਾਲੇ**
ਸਵੇਰੇ 6:30 ਵਜੇ ਤੋਂ 7:15 ਵਜੇ ਤੱਕ

**ਕਥਾ ਭਾਈ ਕੁਲਵੰਤ ਸਿੰਘ ਲੁਧਿਆਣੇ ਵਾਲੇ**
ਸਵੇਰੇ 7:15 ਵਜੇ ਤੋਂ 9 ਵਜੇ ਤੱਕ

**ਅਰੰਭ ਸ੍ਰੀ ਅਖੰਡ ਪਾਠ :** ਸਵੇਰੇ 9:00 ਵਜੇ

ਸ਼ਾਮ ਦੇ ਪ੍ਰੋਗਰਾਮ:

**ਕੀਰਤਨ ਭਾਈ ਗੁਰਦਿਆਲ ਸਿੰਘ ਯੂ.ਕੇ. ਵਾਲੇ**
ਸ਼ਾਮ 6:30 ਵਜੇ ਤੋਂ 7:15 ਵਜੇ ਤੱਕ

**ਕਥਾ ਭਾਈ ਕੁਲਵੰਤ ਸਿੰਘ ਲੁਧਿਆਣੇ ਵਾਲੇ**
ਸ਼ਾਮ 7:15 ਵਜੇ ਤੋਂ 8:30 ਵਜੇ ਤੱਕ

*ਐਤਵਾਰ ਨੂੰ ਲੰਗਰ ਦੀ ਸੇਵਾ*
*ਰਾਜਿੰਦਰ ਸਿੰਘ ਬਾਸੀ ਤੇ ਪਰਿਵਾਰ ਵਲੋਂ*

### 4 ਨਵੰਬਰ, ਸਨਿਚਰਵਾਰ

**ਆਸਾ ਦੀ ਵਾਰ ਭਾਈ ਗੁਰਦਿਆਲ ਸਿੰਘ ਯੂ.ਕੇ. ਵਾਲੇ**
ਸਵੇਰੇ 6:00 ਵਜੇ ਤੋਂ 7:30 ਵਜੇ ਤੱਕ

**ਕਥਾ ਭਾਈ ਕੁਲਵੰਤ ਸਿੰਘ ਲੁਧਿਆਣੇ ਵਾਲੇ**
ਸਵੇਰੇ 7:30 ਵਜੇ ਤੋਂ 9:00 ਵਜੇ ਤੱਕ

ਸ਼ਾਮ ਦੇ ਪ੍ਰੋਗਰਾਮ:

**ਕੀਰਤਨ ਭਾਈ ਰਾਜਿੰਦਰ ਸਿੰਘ ਜਲੰਧਰ ਵਾਲੇ**
ਸ਼ਾਮ 6:00 ਵਜੇ ਤੋਂ 7:00 ਵਜੇ ਤੱਕ

**ਕਥਾ ਭਾਈ ਪ੍ਰਮਿੰਦਰਜੀਤ ਸਿੰਘ**
ਸ਼ਾਮ 7:00 ਵਜੇ ਤੋਂ 7:30 ਵਜੇ ਤੱਕ

**ਕੀਰਤਨ ਭਾਈ ਗੁਰਦਿਆਲ ਸਿੰਘ ਯੂ.ਕੇ. ਵਾਲੇ**
ਸ਼ਾਮ 7:30 ਵਜੇ ਤੋਂ 8:15 ਵਜੇ ਤੱਕ

**ਕਥਾ ਭਾਈ ਕੁਲਵੰਤ ਸਿੰਘ ਲੁਧਿਆਣੇ ਵਾਲੇ**
ਰਾਤੀਂ 8:15 ਤੋਂ 9:30 ਵਜੇ ਤੱਕ

### 5 ਨਵੰਬਰ, ਐਤਵਾਰ

**ਆਸਾ ਦੀ ਵਾਰ ਭਾਈ ਰਾਜਿੰਦਰ ਸਿੰਘ ਜਲੰਧਰ ਵਾਲੇ**
ਸਵੇਰੇ 7:30 ਵਜੇ ਤੋਂ 9:15 ਵਜੇ ਤੱਕ

**ਭੋਗ ਸ੍ਰੀ ਅਖੰਡ ਪਾਠ ਸਾਹਿਬ**
ਸਵੇਰੇ 9:15 ਵਜੇ ਤੋਂ 9:50 ਵਜੇ ਤੱਕ

**ਕਥਾ ਭਾਈ ਪ੍ਰਮਿੰਦਰਜੀਤ ਸਿੰਘ**
ਸਵੇਰੇ 9:50 ਵਜੇ ਤੋਂ 10:30 ਵਜੇ ਤੱਕ

**ਕੀਰਤਨ ਭਾਈ ਗੁਰਦਿਆਲ ਸਿੰਘ ਯੂ.ਕੇ. ਵਾਲੇ**
ਸਵੇਰੇ 10:30 ਵਜੇ ਤੋਂ 11:30 ਵਜੇ ਤੱਕ

**ਕਥਾ ਭਾਈ ਕੁਲਵੰਤ ਸਿੰਘ ਲੁਧਿਆਣੇ ਵਾਲੇ**
ਸਵੇਰੇ 11:30 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ

**ਕੀਰਤਨ ਭਾਈ ਰਾਜਿੰਦਰ ਸਿੰਘ ਜਲੰਧਰ ਵਾਲੇ**
ਬਾਅਦ ਦੁਪਹਿਰ 1:00 ਵਜੇ ਤੋਂ 1:30 ਵਜੇ ਤੱਕ
ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 10:00 ਵਜੇ ਹੋਵੇਗੀ।

**ਪਹੁੰਚ ਰਿਹਾ ਰਾਗੀ ਜਥਾ**



ਭਾਈ ਗੁਰਦਿਆਲ ਸਿੰਘ ਯੂ.ਕੇ. ਵਾਲੇ

ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ
ਹਾਜ਼ਰੀ ਭਰੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

**ਦਾਸਰੇ : ਸਮੂਹ ਸੇਵਾਦਾਰ ਗੁਰਦੁਆਰਾ ਸਾਹਿਬ ਪੈਲਾਟਾਈਨ**

**SIKH** Religious Society
PALATINE GURDWARA

**1280 Winnetka Street, Palatine,**
**IL 60067 Ph: (847) 358-1117**

Website: www.srschicago.org Email: contactus@srschicago.org

**ਪਹੁੰਚ ਰਹੇ ਕਥਾਵਾਚਕ**



ਭਾਈ ਕੁਲਵੰਤ ਸਿੰਘ ਲੁਧਿਆਣੇ ਵਾਲੇ

ੴ

# MOOL NANAKSHAHI CALENDAR

## Implementation Conference Chicago

*Hosted By*

**SIKH** Religious Society
PALATINE GURDWARA

ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥

Please join us for a two day conference on the implementation of Mool Nanakshahi Calendar, the official Sikh Calendar.

MOOL 14 ੧ NANAKSHAHI CALENDAR
*App Available for Download on Android*
Google Play

Sikh Religious Society
1280 Winnetka Street
Palatine, Il 60067

MOOL 14 ੧ NANAKSHAHI CALENDAR
*App Available for Download on iOS*
App Store

**November 11 (Main Event) & 12, 2017**
**10:00 A.M. to 5:00 P.M.**

***Speakers Invited :***

S. Pal Singh Purewal, Dr. Sukhpreet S. Udhoke, Prof. S. Dhesi, S. Sarabjit Singh (Sacramento), S. Surinder Singh (Talking Punjab), Bibi Jasbir Kaur (Ohio)



The focus will be to preserve the unique Sikh heritage and prepare the Panth for the next millennial. There will be expert speakers on the topic to help explain the history and importance of the Mool Nanakshahi Calendar.

***With support from :***

**Shromni Akali Dal Amritsar, Sikh Women Era, Punjabi Cultural Society, Punjab Heritage Organization, Punjabi American Organization, Friends of Punjab Foundation, Punjab Sports Club Midwest (Chicago), Sher-e-Punjab Sports Club Chicago Midwest, Global Sikh Council, National Sikh Archives of Canada, American Sikh Council, and all other Chicago land Sikh organizations and Midwest Gurdwaras**

***Contacts :***

S. Mahabir Singh : 630-221-0803, S. Pardeep Singh : 847-989-5723, Prof. Kulwant Singh : 930-995-0670
S. Harkirat Singh : 630-870-9319, S. Irwinpreet Singh 847-942-5150, S. Surinderpal Singh : 847-305-9119
S. Harjit Singh : 847-833-534, S. Thakar Singh : 847-736-6092, S. Sarwan Singh : 224-628-5522
Bibi Jasvir Kaur : 224-545-0542, Principal Amardev Singh : 708-612-7963

NOW OPEN IN MODESTO/CERES



G.S. Pannu
Immigration Consultant-LDA

PANNU'S
LEGAL SERVICES (Regd. & Bonded)
510.677.5200

IMMIGRATION ivisapass@gmail.com

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions FREE

DIVORCE
- Petitions
- Child Support
- Child Visitation
- Child Custody
- Modification

...& related matters

LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com

POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation

FREMONT
40757 GRIMMER BLVD, CA 94538

MODESTO/CERES
3810 EAU CLAIRE AVE, CA 95307



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana
1480 N State Road 1, Cambridge City, IN 47327. 70
Exit 137
Diesel/Gas

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !

ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



Free Buffet
over 100 gallons
open 6am to midnight

Phone: 765-478-6300





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.



Recognize Humanity as One!
"Manas Ki Jaat Sabhe Ekae Pachanabo"

**Consulate General of India, San Francisco; the Ministry of Culture, Government of India & the Sikh & Jain Professorship of Loyola Marymount University Presents**

# One-Day Seminar Honoring Guru Gobind Singh's 350th Birthday

*Friday, Nov 10, 2017 10am-5pm*
*Hilton Center 100*
*Loyola Marymount University (near LAX)*
*1 LMU Drive, Los Angeles, California 90045*
*FREE ADMISSION*

Sikh and Interfaith Scholars and Leaders discussing Guru Gobind Singh's Legacy of Truth, Justice, Equality, and Freedom

*Gurbani Kirtan by Raj Academy, UK*

*Supported by Sikh Sangat of Southern California, Ministry of Culture, Government of India and Consulate General of India*

**Hollywood Sikh Temple - Baldev Singh Johal - (661) 965-5937**
**Gurdwara Buena Park Stanton - Amarjit Singh Dhillon - (714) 757-0044**
**International Institute of Gurmat Studies - Kaviraj Singh - (714) 210-9297**
**Guru Ram Das Ashram Los Angeles - Kirtan-Singh Khalsa - (310) 990-4573**
**Siri Guru Singh Sabha Walnut - Saab Singh Bhullar - (626) 893-2314**
**Sikh Gurdwara of Sadh Sangat Norco - Hari Singh - (951) 372-0788**
**Guru Nanak Sikh Temple Buena Park - Jagjit Singh - (562) 244-7487**
**Nanak Sadan Sikh Temple - Gajinder Shah Singh - (818) 830-4647**
**Sikh Gurdwara of Los Angeles, Lankershim - Ranjit Singh Kamboj - (626) 676-1664**

## For more information, please contact:

Nirinjan.Khalsa@lmu.edu • Indersingh.usa@gmail.com
Raman Chadha (818-458-5595) • Baljit Toor (909-844-1600)
Kirtan Singh Khalsa (310) 990-4573 • Nirinjan Singh Khalsa (310) 270-5988
Gurinder Singh, San Diego (858) 779-4878 • Navdeep 'Bittu' Singh (818) 943-3570

DESIGNED AND PRINTED BY VE SIGNS INC • 951-789-0843 • VESIGNS.COM


$20 Off For
Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT
$259*
REGULAR RETAIL $324
ROADMASTER TIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR
MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA
Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਜਥੇਦਾਰ ਕੋਲਿਆਂ ਵਾਲੀ ਦੇ ਪੁੱਤਰ 'ਤੇ ਹਮਲਾ; ਲੱਤ ਟੁੱਟੀ

## ਹਮਲਾਵਰਾਂ 'ਚ ਮਲੋਟ ਦੇ ਕਾਂਗਰਸ ਆਗੂ ਦਾ ਭਤੀਜਾ ਵੀ ਸ਼ਾਮਲ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਮੁਕਤਸਰ ਦੇ ਪ੍ਰਧਾਨ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਦੇ ਪੁੱਤਰ ਪਰਮਿੰਦਰ ਸਿੰਘ



ਕੋਲਿਆਂਵਾਲੀ ਉਤੇ ਤਕਰੀਬਨ 15 ਜਣਿਆਂ ਨੇ ਮਲੋਟ ਵਿੱਚ ਹਮਲਾ ਕਰ ਦਿੱਤਾ। ਪਰਿਵਾਰ ਵੱਲੋਂ ਫਿਲਹਾਲ ਕਿਸੇ ਮੁਲਜ਼ਮ ਦਾ ਨਾਂ ਨਹੀਂ ਲਿਆ ਜਾ ਰਿਹਾ, ਪਰ ਸੂਤਰਾਂ ਦਾ ਦਾਅਵਾ ਹੈ ਕਿ ਹਮਲਾਵਰਾਂ ਵਿੱਚ ਮਲੋਟ ਦੇ ਇਕ ਕਾਂਗਰਸ ਆਗੂ ਦਾ ਭਤੀਜਾ ਸ਼ਾਮਲ ਹੈ।

ਜਾਣਕਾਰੀ ਅਨੁਸਾਰ, ਲੜਾਈ ਉਸ ਵਕਤ ਸ਼ੁਰੂ ਹੋਈ ਜਦੋਂ ਯੂਥ ਅਕਾਲੀ ਦਲ ਦਾ ਆਗੂ ਪਰਮਿੰਦਰ ਸਿੰਘ ਕੋਲਿਆਂਵਾਲੀ ਆਪਣੇ ਜੱਦੀ ਪਿੰਡ ਕੋਲਿਆਂਵਾਲੀ ਵਿੱਚ ਜਿਮ ਤੋਂ ਘਰ ਪਰਤ ਰਿਹਾ ਸੀ। ਉਸ ਵਕਤ ਉਹਦੇ ਨਾਲ ਉਸ ਦਾ ਇਕ ਦੋਸਤ ਅਤੇ ਗੰਨਮੈਨ ਵੀ ਸਨ। ਹਮਲਾਵਰਾਂ ਨੇ ਪਰਮਿੰਦਰ ਦੀ ਟੋਯੋਟਾ ਕੋਰੋਲਾ ਐਲਟਿਸ ਗੱਡੀ ਉਤੇ ਗੋਲੀ ਚਲਾ ਦਿੱਤੀ। ਇਸ ਤੋਂ ਬਅਦ ਉਸ ਨੂੰ ਗੱਡੀ ਵਿਚੋਂ ਬਾਹਰ ਕੱਢ ਲਿਆ ਅਤੇ ਲੱਤ ਤੋੜ ਦਿੱਤੀ। ਪਰਮਿੰਦਰ ਸਿੰਘ ਦੇ ਚਚੇਰੇ ਭਰਾ ਨਵਜਿੰਦਰ ਸਿੰਘ ਨੇ ਦੱਸਿਆ ਕਿ ਹਮਲਾਵਰਾਂ ਦੀ ਗਿਣਤੀ ਤਕਰੀਬਨ 15 ਸੀ ਅਤੇ ਉਨ੍ਹਾਂ ਰਾਤੀਂ 8 ਕੁ ਵਜੇ ਪਰਮਿਮਦਰ ਦੀ ਕਾਰ ਉਤੇ ਗੋਲੀ ਚਲਾਈ। ਉਸ ਦੇ ਦੋਸਤ ਅਤੇ ਗੰਨਮੈਨ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਇਸ ਹਮਲੇ ਵਿੱਚ ਉਸ ਦੀਆਂ ਲੱਤਾਂ ਤੋੜ ਦਿੱਤੀਆਂ ਗਈਆਂ। ਉਨ੍ਹਾਂ ਦਾਅਵਾ ਕੀਤਾ ਕਿ ਪਰਮਿੰਦਰ ਸਿੰਘ ਦੀ ਕਾਰ ਉਤੇ ਤਿੰਨ ਗੋਲੀਆਂ ਲੱਗੀਆਂ ਹਨ। ਉਸ ਨੂੰ ਬਠਿੰਡਾ ਦੇ ਮੈਕਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਮਲੋਟ ਦੇ ਡੀਐਸਪੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਪਰਮਿੰਦਰ ਸਿੰਘ ਦੇ ਬਿਆਨ ਲਏ ਜਾ ਰਹੇ ਹਨ। ਫਿਲਹਾਲ ਕਿਸੇ ਨੇ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ ਹੈ।

### ਮਾਮਲੇ 'ਚ 13 ਵਿਅਕਤੀਆਂ ਖ਼ਿਲਾਫ਼ ਪਰਚਾ

ਬਾਦਲਾਂ ਦੇ ਖਾਸਮ-ਖਾਸ ਅਕਾਲੀ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਦੇ ਲੜਕੇ ਪਰਮਿੰਦਰ ਸਿੰਘ ਕੋਲਿਆਂਵਾਲੀ 'ਤੇ ਹੋਏ ਹਮਲੇ ਦੇ ਮਾਮਲੇ ਵਿੱਚ ਦੋ ਕਾਂਗਰਸ ਆਗੂਆਂ ਸਮੇਤ 4 ਜਣਿਆਂ ਅਤੇ 9 ਹੋਰ ਅਣਪਛਾਤੇ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਥਾਣਾ ਸਿਟੀ ਮਲੋਟ ਵਿਖੇ ਕਾਂਗਰਸ ਆਗੂ ਅਤੇ ਨਗਰ ਕੌਂਸਲ ਦੇ ਮੀਤ ਪ੍ਰਧਾਨ ਬਖਸ਼ੀਸ਼ ਸਿੰਘ ਸਿੱਧੂ, ਪੰਜਾਬ ਕਾਂਗਰਸ ਦੇ ਸਕੱਤਰ ਸ਼ੁਭਦੀਪ ਸਿੰਘ ਬਿੱਟੂ, ਧਨਜੀਤ ਸਿੰਘ, ਮਨਪ੍ਰੀਤ ਸਿੰਘ ਤੋਂ ਇਲਾਵਾ 9 ਹੋਰਾਂ ਖ਼ਿਲਾਫ਼ ਪਰਮਿੰਦਰ ਸਿੰਘ ਦੇ ਬਿਆਨਾਂ 'ਤੇ ਕੇਸ ਦਰਜ ਹੋਇਆ ਹੈ। ਉਧਰ ਕਾਂਗਰਸੀ ਧਿਰ ਨੇ ਇਸ ਮਾਮਲੇ ਨੂੰ ਲੜਾਈ-ਝਗੜੇ ਦਾ ਮਾਮਲਾ ਕਰਾਰ ਦਿੰਦਿਆਂ ਕਿਹਾ ਕਿ ਉਨਾਂ ਦੀ ਧਿਰ ਦੇ ਜ਼ਖ਼ਮੀ ਹੋਏ ਗੁਰਮੀਤ ਸਿੰਘ ਨੂੰ ਗੰਭੀਰ ਹਾਲਾਤ ਵਿਚ ਫ਼ਰੀਦਕੋਟ ਰੈਫ਼ਰ ਕੀਤਾ ਗਿਆ ਹੈ। ਉਸ ਤੋਂ ਇਲਾਵਾ ਸੋਨੂੰ ਨਾਮਕ ਨੌਜਵਾਨ ਦੇ ਅੰਦਰੂਨੀ ਸੱਟਾਂ ਲੱਗੀਆਂ ਹਨ ਜੋ ਸਿਵਲ ਹਸਪਤਾਲ ਵਿੱਚ ਦਾਖ਼ਲ ਹੈ। ਜ਼ਿਕਰਯੋਗ ਹੈ ਕਿ ਬੀਤੀ ਰਾਮ ਮਲੋਟ ਵਿਖੇ ਮਿਮਿਟ ਵਿਦਿਅਕ ਅਦਾਰੇ ਨੇੜੇ ਪਰਮਿੰਦਰ ਸਿੰਘ ਕੋਲਿਆਂਵਾਲੀ 'ਤੇ ਹਮਲਾ ਹੋਇਆ ਸੀ ਅਤੇ ਉਹ ਬਠਿੰਡਾ ਦੇ ਨਿੱਜੀ ਹਸਪਤਾਲ ਵਿਖੇ ਜ਼ੇਰੇ ਇਲਾਜ ਹੈ।

### ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਹਮਲੇ ਦੀ ਨਿਖੇਧੀ

ਬਠਿੰਡਾ : ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ ਕਿ ਪਰਮਿੰਦਰ ਸਿੰਘ ਕੋਲਿਆਂਵਾਲੀ 'ਤੇ ਹਮਲਾ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ, ਜਿਸ ਤਹਿਤ ਪਹਿਲਾਂ ਕੋਲਿਆਂਵਾਲੀ ਪਰਿਵਾਰ ਤੋਂ ਸੁਰੱਖਿਆ ਵਾਪਸ ਲਈ ਗਈ। ਉਨਾਂ ਆਖਿਆ ਕਿ ਇਹ ਅਚਾਨਕ ਵਾਪਰੀ ਘਟਨਾ ਨਹੀਂ ਹੈ, ਸਗੋਂ ਕੁਝ ਸਮੇਂ ਤੋਂ ਧਮਕੀਆਂ ਦੇਣ ਮਗਰੋਂ ਮਿੱਥੀ ਯੋਜਨਾ ਤਹਿਤ ਹਮਲਾ ਕੀਤਾ ਗਿਆ ਹੈ। ਸ੍ਰੀ ਬਾਦਲ ਆਪਣੇ ਨਜ਼ਦੀਕੀ ਸਾਥੀ ਤੇ ਅਕਾਲੀ ਆਗੂ ਦਿਆਲ ਸਿੰਘ ਕੋਲਿਆਂਵਾਲੀ ਦੇ ਜ਼ਖ਼ਮੀ ਲੜਕੇ ਪਰਮਿੰਦਰ ਸਿੰਘ ਦਾ ਇੱਥੇ ਮੈਕਸ ਹਸਪਤਾਲ ਵਿੱਚ ਹਾਲ-ਚਾਲ ਪੁੱਛਣ ਲਈ ਆਏ ਸਨ। ਸਾਬਕਾ ਮੁੱਖ ਮੰਤਰੀ ਨੇ ਆਖਿਆ ਕਿ ਪੰਜਾਬ ਵਿੱਚ ਹੁਣ ਕਾਨੂੰਨ ਵਿਵਸਥਾ ਬੁਰੀ ਤਰਾਂ ਵਿਗੜ ਚੁੱਕੀ ਹੈ ਅਤੇ ਅਪਰਾਧੀਆਂ ਨੂੰ ਪੁਲੀਸ ਪ੍ਰਸ਼ਾਸਨ ਦਾ ਕੋਈ ਡਰ ਨਹੀਂ ਰਿਹਾ। ਉਨਾਂ ਆਖਿਆ ਕਿ ਕੋਲਿਆਂਵਾਲੀ 'ਤੇ ਹਮਲਾ ਵੀ ਪਰਮਿੰਦਰ ਸਿੰਘ ਨੂੰ ਜਾਨੋਂ ਮਾਰਨ ਵਾਸਤੇ ਹੀ ਕੀਤਾ ਗਿਆ ਹੈ। ਸਰਕਾਰ ਬਦਲਣ ਮਗਰੋਂ ਹੀ ਜਥੇਦਾਰ ਕੋਲਿਆਂਵਾਲੀ ਦੀ ਸੁਰੱਖਿਆ ਵਾਪਸ ਲੈ ਲਈ ਗਈ, ਜਦੋਂ ਕਿ ਖ਼ੁਦ ਜਥੇਦਾਰ ਕੋਲਿਆਂਵਾਲੀ ਨੇ ਪੁਲੀਸ ਨੂੰ ਲਿਖਤੀ ਰੂਪ ਵਿੱਚ ਦਿੱਤਾ ਸੀ ਕਿ ਉਸ ਨੂੰ ਖ਼ਤਰਾ ਹੈ। ਉਨਾਂ ਵੀ ਇਸ ਮਾਮਲੇ 'ਤੇ ਡੀਜੀਪੀ ਨਾਲ ਗੱਲ ਕੀਤੀ ਸੀ। ਸ੍ਰੀ ਬਾਦਲ ਨੇ ਆਖਿਆ ਕਿ ਹਮਲਾਵਰਾਂ ਦਾ ਸਬੰਧ ਕਾਂਗਰਸ ਨਾਲ ਹੈ ਅਤੇ ਕੋਲਿਆਂਵਾਲੀ ਪਰਿਵਾਰ ਨੂੰ ਅਧੂਰੀ ਸੁਰੱਖਿਆ ਦੇਣ ਦੀ ਥਾਂ ਪੂਰੀ ਸੁਰੱਖਿਆ ਦੇਣੀ ਬਣਦੀ ਹੈ। ਉਨਾਂ ਅਸਿੱਧੇ ਤੌਰ 'ਤੇ ਆਖਿਆ ਕਿ ਜੇ ਇਸ ਮਾਮਲੇ ਵਿੱਚ ਇਨਸਾਫ਼ ਨਾ ਮਿਲਿਆ ਤਾਂ ਉਹ ਅਗਲੀ ਸਿਆਸੀ ਰਣਨੀਤੀ ਉਲੀਕਣਗੇ, ਜਿਸ ਦਾ ਉਨਾਂ ਖੁਲਾਸਾ ਕਰਨ ਤੋਂ ਟਾਲਾ ਵੱਟਿਆ। ਹਮਲੇ ਦੀ ਘਟਨਾ ਮਗਰੋਂ ਅਕਾਲੀ ਲੀਡਰਸ਼ਿਪ ਪੂਰੀ ਤਰਾਂ ਕੋਲਿਆਂਵਾਲੀ ਨਾਲ ਡਟ ਗਈ ਹੈ। ਬਾਦਲ ਦੇ ਆਉਣ ਸਮੇਂ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਸਾਬਕਾ ਅਕਾਲੀ ਵਿਧਾਇਕ ਸਰੂਪ ਚੰਦ ਸਿੰਗਲਾ, ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ, ਅਕਾਲੀ ਵਿਧਾਇਕ ਰੋਜ਼ੀ ਬਰਕੰਦੀ, ਸਾਬਕਾ ਚੇਅਰਮੈਨ ਤੇਜਿੰਦਰ ਮਿੱਡੂਖੇੜਾ, ਸਾਬਕਾ ਵਿਧਾਇਕ ਦਰਸ਼ਨ ਕੋਟਫੱਤਾ, ਸਾਬਕਾ ਮੇਅਰ ਬਲਜੀਤ ਸਿੰਘ ਬੀੜ ਬਹਿਮਣ, ਨਗਰ ਨਿਗਮ ਬਠਿੰਡਾ ਦੇ ਕੌਂਸਲਰ ਹਰਪਾਲ ਸਿੰਘ ਢਿੱਲੋਂ ਤੇ ਮਾਸਟਰ ਹਰਮੰਦਰ ਸਿੰਘ ਹਾਜ਼ਰ ਸਨ।

### ਸਿਆਸੀ ਰੰਜਿਸ਼ ਕਰ ਕੇ ਫਸਾਇਆ: ਕਾਂਗਰਸੀ ਆਗੂ

ਟਰੱਕ ਯੂਨੀਅਨ ਮਲੋਟ ਦੇ ਪ੍ਰਧਾਨ ਗੁਰਬਖ਼ਸ਼ੀਸ਼ ਸਿੰਘ ਅਤੇ ਉਸ ਦੇ ਭਤੀਜੇ ਸ਼ੁਭਦੀਪ ਸਿੰਘ ਬਿੱਟੂ (ਜੋ ਕਾਂਗਰਸ ਦੇ ਸਕੱਤਰ ਹਨ) ਦਾ ਕਹਿਣਾ ਹੈ ਕਿ ਉਨਾਂ ਦੀ ਇਸ ਘਟਨਾ ਵਿੱਚ ਕੋਈ ਭੂਮਿਕਾ ਨਹੀਂ ਹੈ ਅਤੇ ਉਨਾਂ ਨੂੰ ਸਿਆਸੀ ਰੰਜਿਸ਼ ਕਰ ਕੇ ਫਸਾਇਆ ਗਿਆ ਹੈ। ਉਨਾਂ ਆਖਿਆ ਕਿ ਇਹ ਹਮਲਾ ਨਹੀਂ ਹੈ, ਸਗੋਂ ਦੋ ਧਿਰਾਂ ਦਰਮਿਆਨ ਲੜਾਈ ਹੋਈ ਹੈ, ਜਿਸ ਵਿੱਚ ਦੋ ਹੋਰ ਵਿਅਕਤੀ ਜ਼ਖ਼ਮੀ ਹੋਏ ਹਨ।

### ਸੁਖਬੀਰ ਬਾਦਲ ਵੱਲੋਂ ਹਮਲੇ ਦੀ ਨਿੰਦਾ :

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿਆਲ ਸਿੰਘ ਕੋਲਿਆਂਵਾਲੀ ਦੇ ਪੁੱਤਰ ਪਰਮਿੰਦਰ ਸਿੰਘ ਕੋਲਿਆਂਵਾਲੀ 'ਤੇ ਹਮਲੇ ਦੀ ਨਿੰਦਾ ਕੀਤੀ ਹੈ। ਇਕ ਬਿਆਨ ਰਾਹੀਂ ਉਨਾਂ ਹਮਲਾਵਰਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਸੂਬੇ ਵਿੱਚ ਕਾਂਗਰਸ ਸਰਕਾਰ ਹੋਂਦ ਵਿੱਚ ਆਉਣ ਤੋਂ ਬਾਅਦ ਸਿਆਸੀ ਵਿਰੋਧੀਆਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਸ ਤੋਂ ਪਹਿਲਾਂ ਮਾਨਸਾ, ਤਰਨ ਤਾਰਨ, ਫ਼ਿਰੋਜ਼ਪੁਰ ਅਤੇ ਗੁਰਦਾਸਪੁਰ ਜ਼ਿਲਿਆਂ ਵਿੱਚ ਵੀ ਅਕਾਲੀ ਨੇਤਾਵਾਂ ਨੂੰ ਸਰਕਾਰੀ ਸ਼ਹਿ 'ਤੇ ਨਿਸ਼ਾਨਾ ਬਣਾਇਆ ਗਿਆ।

# ਜਥੇਦਾਰ ਕੋਲਿਆਂਵਾਲੀ ਸਮੇਤ 5 ਖ਼ਿਲਾਫ਼ ਇਰਾਦਾ ਕਤਲ ਕੇਸ ਦਰਜ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼ :** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਕੱਤਰ ਸ਼ੁਭਦੀਪ ਸਿੰਘ ਬਿੱਟੂ ਦੇ ਸਾਥੀ ਗੁਰਮੀਤ ਸਿੰਘ 'ਤੇ ਐਤਵਾਰ ਰਾਤ ਨੂੰ ਮਲੋਟ ਦੀ ਪੁੱਡਾ ਕਲੋਨੀ ਵਿੱਚ ਗੋਲੀਆਂ ਚਲਾਉਣ ਦੇ ਮਾਮਲੇ ਵਿਚ ਮਲੋਟ ਸਿਟੀ ਪੁਲੀਸ ਨੇ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦੇ ਜ਼ਿਲ੍ਹਾ ਮੁਕਤਸਰ ਦੇ ਪ੍ਰਧਾਨ ਦਿਆਲ ਸਿੰਘ ਕੋਲਿਆਂਵਾਲੀ, ਉਸ ਦੇ ਪੁੱਤਰ ਪਰਮਿੰਦਰ ਸਿੰਘ, ਭਤੀਜੇ ਪਰਦੀਪ ਅਤੇ 2 ਹੋਰ ਅਕਾਲੀਆਂ ਖ਼ਿਲਾਫ਼ ਇਰਾਦਾ ਕਤਲ ਦਾ ਕੇਸ ਦਰਜ ਕੀਤਾ ਹੈ। ਇਸ ਕੇਸ ਵਿਚ ਨਵਜਿੰਦਰ ਸਿੰਘ ਅਤੇ ਹਰਦੀਪ ਸਿੰਘ ਉਰਫ਼ ਦੀਪਾ, ਜੋ ਦਿਆਲ ਸਿੰਘ ਦੇ ਰਿਸ਼ਤੇਦਾਰ ਦੱਸੇ ਜਾ ਰਹੇ ਹਨ, ਨੂੰ ਵੀ ਨਾਮਜ਼ਦ ਕੀਤਾ ਹੈ। ਇਨ੍ਹਾਂ ਸਾਰਿਆਂ ਖ਼ਿਲਾਫ਼ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਗੁਰਮੀਤ ਸਿੰਘ ਵਾਸੀ ਪਿੰਡ ਥਰਾਜਵਾਲਾ, ਜਿਸ ਦੇ ਪੈਰ 'ਤੇ ਗੋਲੀ ਲੱਗੀ ਹੈ ਅਤੇ ਉਹ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫ਼ਰੀਦਕੋਟ ਵਿੱਚ ਦਾਖ਼ਲ ਹੈ, ਨੇ ਦੋਸ਼ ਲਾਇਆ ਹੈ ਕਿ ਉਹ ਤੇ ਉਸ ਦਾ ਦੋਸਤ ਸੋਨੂੰ ਸਕੂਟਰ 'ਤੇ ਜਾ ਰਹੇ ਸਨ। ਪਰਮਿੰਦਰ ਸਿੰਘ ਨੇ ਉਸ ਦੇ ਸਕੂਟਰ ਵਿੱਚ ਕਾਰ ਮਾਰੀ। ਇਸ ਤੋਂ ਬਾਅਦ ਉਨ੍ਹਾਂ ਨੇ ਗੋਲੀਆਂ ਚਲਾਈਆਂ, ਰਾਡਾਂ ਅਤੇ ਡਾਗਾਂ ਨਾਲ ਉਨ੍ਹਾਂ 'ਤੇ ਹਮਲਾ ਕੀਤਾ। ਇਸ ਕਾਰਨ ਸੋਨੂੰ ਦੇ ਵੀ ਸੱਟਾਂ ਲੱਗੀਆਂ। ਉਹ ਮਲੋਟ ਦੇ ਸਿਵਲ ਹਸਪਤਾਲ ਵਿੱਚ ਦਾਖ਼ਲ ਹੈ। ਮਲੋਟ ਸਿਟੀ ਥਾਣੇ ਦੇ ਮੁਖੀ ਇੰਸਪੈਕਟਰ ਬੂਟਾ ਸਿੰਘ ਨੇ ਦੱਸਿਆ, 'ਦਿਆਲ ਸਿੰਘ ਕੋਲਿਆਂਵਾਲੀ, ਪਰਮਿੰਦਰ, ਪਰਦੀਪ, ਹਰਦੀਪ ਅਤੇ ਨਵਜਿੰਦਰ ਖ਼ਿਲਾਫ਼ ਇਰਾਦਾ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਮੁਤਾਬਕ ਦਿਆਲ ਸਿੰਘ ਨੇ ਉਨ੍ਹਾਂ ਨੂੰ ਮਾਰਨ ਦੀ ਸਾਜ਼ਿਸ਼ ਰਚੀ ਸੀ ਅਤੇ ਦੂਜਿਆਂ ਨੇ ਉਨ੍ਹਾਂ 'ਤੇ ਹਮਲਾ ਕੀਤਾ ਹੈ।' ਦੂਜੇ ਪਾਸੇ ਪੁਲੀਸ ਵੱਲੋਂ ਪਰਮਿੰਦਰ ਸਿੰਘ 'ਤੇ ਹਮਲਾ ਕਰਨ ਦੇ ਮਾਮਲੇ ਵਿੱਚ ਪਹਿਲਾਂ ਹੀ ਸ਼ੁਭਦੀਪ ਸਿੰਘ ਬਿੱਟੂ, ਉਸ ਦੇ ਚਾਚਾ ਬਖ਼ਸ਼ੀਸ਼ ਸਿੰਘ ਸਿੱਧੂ, ਧਨਜੀਤ ਸਿੰਘ ਧੰਨਾ (ਬਖ਼ਸ਼ੀਸ਼ ਦਾ ਮੁੰਡਾ), ਮਨਪ੍ਰੀਤ ਸਿੰਘ ਮੰਨਾ (ਸ਼ੁਭਦੀਪ ਦਾ ਰਿਸ਼ਤੇਦਾਰੀ ਵਿਚੋਂ ਭਰਾ) ਅਤੇ 9 ਹੋਰ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਇਰਾਦਾ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ। ਪਰਮਿੰਦਰ ਸਿੰਘ ਬਠਿੰਡਾ ਦੇ ਇਕ ਪ੍ਰਾਈਵੇਟ ਹਸਪਤਾਲ ਵਿੱਚ ਦਾਖ਼ਲ ਹੈ। ਪੁਲੀਸ ਨੇ ਅਜੇ ਤਕ ਕਿਸੇ ਵੀ ਧਿਰ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਹੈ।

### ਭਾਰਤੀ ਇੰਜਨੀਅਰ ਦੇ ਕੇਸ ਦੀ ਪੈਰਵੀ ਕਰਨ ਵਾਲੀ ਪਾਕਿ ਪੱਤਰਕਾਰ ਜ਼ੀਨਤ ਸ਼ਾਹਜ਼ਾਦੀ 2 ਸਾਲਾਂ ਬਾਅਦ ਮਿਲੀ

**ਲਾਹੌਰ/ਬਿਊਰੋ ਨਿਊਜ਼ :** ਭਾਰਤੀ ਇੰਜਨੀਅਰ ਦੇ ਕੇਸ ਦੀ ਪੈਰਵੀ ਕਰਨ ਵਾਲੀ ਪਾਕਿਸਤਾਨੀ ਮਹਿਲਾ ਪੱਤਰਕਾਰ, ਜਿਸ ਨੂੰ ਕਥਿਤ ਤੌਰ 'ਤੇ ਅਗਵਾ ਕੀਤਾ ਗਿਆ ਸੀ, ਨੂੰ ਦੋ ਸਾਲਾਂ ਬਾਅਦ ਬਚਾਅ ਲਿਆ ਗਿਆ। ਡੇਅਲੀ ਨਈ ਖ਼ਬਰ ਤੇ ਮੈਟਰੋ ਨਿਊਜ਼ ਟੀਵੀ ਚੈਨਲ ਦੀ 26 ਸਾਲਾ ਪੱਤਰਕਾਰ ਜ਼ੀਨਤ ਸ਼ਾਹਜ਼ਾਦੀ 19 ਅਗਸਤ, 2015 ਨੂੰ ਲਾਪਤਾ ਹੋ ਗਈ ਸੀ ਜਦੋਂ ਕੁੱਝ ਅਣਪਛਾਤੇ ਵਿਅਕਤੀਆਂ ਨੇ ਆਟੋ-ਰਿਕਸ਼ਾ ਵਿੱਚ ਦਫ਼ਤਰ ਜਾਂਦੇ ਸਮੇਂ ਉਸ ਨੂੰ ਲਾਹੌਰ ਦੇ ਭੀੜ-ਭੜੱਕੇ ਵਾਲੇ ਇਲਾਕੇ ਵਿੱਚੋਂ ਕਥਿਤ ਤੌਰ 'ਤੇ ਅਗਵਾ ਕਰ ਲਿਆ ਸੀ। ਕਮਿਸ਼ਨ ਆਫ ਇਨਕੁਆਰੀ ਆਨ ਇਨਫੋਰਸਡ ਡਿਸਅਪੀਅਰੈਂਸ (ਸੀਆਈਈਡੀ) ਦੇ ਪ੍ਰਧਾਨ ਜਸਟਿਸ (ਸੇਵਾਮੁਕਤ) ਜਾਵੇਦ ਇਕਬਾਲ ਨੇ ਦੱਸਿਆ ਕਿ ਵੀਰਵਾਰ ਰਾਤ ਨੂੰ ਬਾਕੀ ਸਫ਼ਾ 30 'ਤੇ

# ਅਪਣੀ ਹੀ ਘਰ 'ਚ ਪੰਜਾਬੀ ਮਾਂ ਬੋਲੀ ਨਾਲ ਵਿਤਕਰਾ

**ਇਕਵਾਕ ਸਿੰਘ ਪੱਟੀ** (ਮੋਬਾਇਲ : 981-502-4920)

ਉਹ ਬੋਲੀ ਜੋ ਇਨਸਾਨ ਆਪਣੀ ਮਾਂ ਕੋਲੋਂ ਸਿੱਖਦਾ ਹੈ ਮਾਂ ਬੋਲੀ ਅਖਵਾਉਂਦੀ ਹੈ ਅਤੇ ਮਾਂ ਬੋਲੀ ਤੋਂ ਇਲਾਵਾ ਜਿਹੜੀ ਬੋਲੀ ਸਿੱਖੀ, ਸਮਝੀ ਜਾਂ ਬੋਲੀ ਜਾਂਦੀ ਹੈ ਉਸਨੂੰ ਅਸੀਂ ਦੂਜੀ ਬੋਲੀ/ਭਾਸ਼ਾ ਕਹਿੰਦੇ ਹਾਂ। ਇਸ ਮਾਂ ਬੋਲੀ ਤੋਂ ਹੀ ਇਨਸਾਨ ਦੀ ਪਹਿਚਾਣ ਹੁੰਦੀ ਹੈ ਕਿ ਉਹ ਕਿਸ ਸੱਭਿਆਚਾਰ, ਕਿਸ ਇਲਾਕੇ ਆਦਿ ਨਾਲ ਸਬੰਧ ਰੱਖਦਾ ਹੈ। ਠੀਕ ਜਿਵੇਂ ਮਾਂ ਦੇ ਰਿਸ਼ਤੇ ਦੀ ਥਾਂ ਹੋਰ ਕੋਈ ਵੀ ਨਹੀਂ ਲੈ ਸਕਦਾ ਉਸੇ ਤਰ੍ਹਾਂ ਮਾਂ ਬੋਲੀ ਦੀ ਥਾਂ ਵੀ ਕੋਈ ਹੋਰ ਨਹੀਂ ਲੈ ਸਕਦਾ ਅਤੇ ਜੇਕਰ ਅਜਿਹਾ ਹੁੰਦਾ ਹੈ ਤਾਂ ਉਸ ਇਨਸਾਨ ਨੂੰ ਅਕ੍ਰਿਤਘਣ ਕਿਹਾ ਜਾ ਸਕਦਾ ਹੈ ਅਤੇ ਇਹ ਗੱਲ ਬਿਲਕੁੱਲ ਸਾਫ ਅਤੇ ਸਪੱਸ਼ਟ ਹੈ ਕਿ ਕੋਈ ਵੀ ਇਨਸਾਨ ਆਪਣੀਆਂ ਭਾਵਨਾਵਾਂ ਨੂੰ ਸੱਭ ਤੋਂ ਵਧੀਆ ਢੰਗ ਨਾਲ ਆਪਣੀ ਮਾਂ ਬੋਲੀ ਵਿੱਚ ਹੀ ਪ੍ਰਗਟ ਕਰ ਸਕਦਾ ਹੈ। ਬਿਨ੍ਹਾਂ ਸ਼ੱਕ ਹੋਰ ਭਾਸ਼ਾਵਾਂ ਨੂੰ ਸਿੱਖਣਾ/ਸਮਝਣਾ ਸਾਡੇ ਗਿਆਨ ਭੰਡਾਰ ਵਿੱਚ ਵਾਧਾ ਕਰਦਾ ਹੈ ਅਤੇ ਸਾਨੂੰ ਕਿਸੇ ਵੀ ਬੋਲੀ/ਭਾਸ਼ਾ ਨਾਲ ਨਫਰਤ ਵਾਲੀ ਭਾਵਨਾ ਨਹੀਂ ਰੱਖਣੀ ਚਾਹੀਦੀ, ਪਰ ਹਾਂ ਜੇਕਰ ਕੋਈ ਸਾਡੇ ਹੀ ਸੂਬੇ ਵਿੱਚ, ਖ਼ਾਸਕਰ ਪੰਜਾਬ ਦੀ ਹੀ ਗੱਲ ਕਰੀਏ ਤਾਂ ਪੰਜਾਬੀ ਮਾਂ ਬੋਲੀ ਨੂੰ ਦਰਕਿਨਾਰ ਕਰਕੇ ਦੂਜੀਆਂ ਭਾਸ਼ਾਵਾਂ ਨੂੰ ਬਣਦਾ ਮਾਣ ਦੇ ਕੇ ਪੰਜਾਬੀ ਦਾ ਦਰਜਾ ਸੱਭ ਤੋਂ ਹੇਠਾਂ ਕਰ ਦਿੱਤਾ ਜਾਵੇ ਅਤੇ ਇਹ ਸੱਭ ਕੁੱਝ ਦੇਖ ਕੇ




ਵੀ ਪੰਜਾਬੀ ਮਾਂ ਬੋਲੀ ਦੇ ਬੱਚਿਆਂ ਅੰਦਰ ਰੋਸ, ਚੀਸ ਨਾ ਉਠੇ ਤਾਂ ਹੈਰਾਨੀ ਵਾਲੀ ਗੱਲ ਕਹੀ ਜਾ ਸਕਦੀ ਹੈ। ਪੰਜਾਬੀ ਮਾਂ ਬੋਲੀ ਜਿਸਨੂੰ ਗੁਰੂਆਂ/ਪੀਰਾਂ ਦੀ ਬੋਲੀ ਵੀ ਕਿਹਾ ਜਾਂਦਾ ਹੈ। ਵਿਦੇਸ਼ਾਂ ਵਿੱਚ ਵੱਸੇ ਪੰਜਾਬੀਆਂ ਨੇ ਉੱਥੇ ਜਾ ਕੇ ਆਪਣੀ ਮਾਂ ਬੋਲੀ ਨੂੰ ਬਣਦਾ ਮਾਣ ਸਨਮਾਨ ਦਿਵਾ ਲਿਆ ਹੈ ਅਤੇ ਦਿਲੋਂ ਪਿਆਰ ਕਰਦੇ ਹਨ। ਇੱਕ ਲੰਮੇ ਸਮੇਂ ਤੋਂ ਬੁੱਧੀਜੀਵੀਆਂ ਦੇ ਮਨਾਂ ਅੰਦਰ ਥਾਂ-ਪੁਰ-ਥਾਂ ਪੰਜਾਬੀ ਮਾਂ ਬੋਲੀ ਪ੍ਰਤੀ ਪੰਜਾਬੀਆਂ ਵੱਲੋਂ ਅਪਣਾਈ ਜਾ ਰਹੀ ਬੇਰੁਖੀ ਵਿਰੁੱਧ ਅਵਾਜ਼ ਉੱਠਦੀ ਰਹਿੰਦੀ ਹੈ ਅਤੇ ਮਾਂ ਬੋਲੀ ਨੂੰ ਜਿਊਂਦਾ ਰੱਖਣ ਲਈ ਜਤਨ ਜਾਰੀ ਕੀਤੇ ਜਾਂਦੇ ਰਹੇ ਹਨ, ਪਰ ਬਾਵਜੂਦ ਉਸਦੇ ਨਿੱਜੀ ਸਕੂਲਾਂ ਵੱਲੋਂ, ਬੈਂਕਾਂ ਵਿੱਚ, ਸਰਕਾਰੀ ਦਫਤਰਾਂ ਅਤੇ ਹੋਰ ਜਨਤਕ ਥਾਵਾਂ ਤੇ ਪੰਜਾਬੀ ਮਾਂ ਬੋਲੀ ਨੂੰ ਬਣਦਾ ਦਰਜਾ ਨਹੀਂ ਦਿੱਤਾ ਜਾ ਰਿਹਾ।

ਪਰ ਹੁਣ ਪਿਛਲੇ ਕੁੱਝ ਦਿਨਾਂ ਤੋਂ ਸੋਸ਼ਲ ਮੀਡੀਏ ਦੇ ਰਾਹੀਂ, ਪੰਜਾਬ ਦੇ ਰਾਜ ਮਾਰਗਾਂ, ਰਾਸ਼ਟਰੀ ਮਾਰਗਾਂ ਅਤੇ ਹੋਰ ਸੜਕਾਂ ਉੱਤੇ ਸੜਕਾਂ ਬਣਾਉਣ ਵਾਲੀਆਂ ਨਿੱਜੀ/ਪ੍ਰਵਾਸੀ ਅਦਾਰਿਆਂ ਵੱਲੋਂ ਦਿਸ਼ਾ ਨਿਰਦੇਸ਼ਕ ਸੂਚਨਾ ਤਖ਼ਤੀਆਂ ਉੱਪਰ ਪਹਿਲੇ ਥਾਂ ਤੇ ਹਿੰਦੀ, ਦੂਜੇ ਤੇ ਅੰਗਰੇਜੀ ਅਤੇ ਤੀਜੇ ਦੇ ਪੰਜਾਬੀ ਲਿਖਣ ਬਾਰੇ ਇੱਕ ਰੋਸ ਪ੍ਰਗਟ ਹੋਇਆ ਜੋ ਹਕੀਕਤ ਦਾ ਰੂਪ ਲੈ ਕੇ ਅਖ਼ਬਾਰਾਂ ਦੀਆਂ ਸੁਰਖੀਆਂ ਰਾਹੀਂ ਲੋਕ ਮਨਾਂ ਅੰਦਰ ਪਹੁੰਚ ਗਿਆ। ਸਿੱਟੇ ਵੱਜੋਂ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲਿਆਂ ਅੰਦਰ ਰੋਸ ਪੈਦਾ ਹੋਇਆ ਤਾਂ ਉਹਨਾਂ ਨੇ ਪੰਜਾਬੀ ਮਾਂ ਬੋਲੀ ਨੂੰ ਤੀਜੇ ਸਥਾਨ ਤੇ ਰੱਖਣ ਵਾਲੀਆਂ ਸੂਚਨਾਂ ਤਖ਼ਤੀਆਂ ਦੇ ਉੱਪਰ ਲਿਖੀਆਂ ਭਾਸ਼ਾਵਾਂ ਉੱਤੇ ਕਾਲਖ (ਕਾਲਾ ਰੰਗ) ਫੇਰ ਦਿੱਤੀ ਅਤੇ ਕੇਵਲ ਪੰਜਾਬੀ ਨੂੰ ਪਹਿਲੇ ਨੰ. ਤੇ ਲਿਖਣ ਲਈ ਸਰਕਾਰਾਂ ਨੂੰ ਹਲੂਣਾ ਦਿੱਤਾ, ਸਿੱਟੇ ਵਜੋਂ ਲਗਭਗ 70 ਤੋਂ ਵੱਧ ਵਿਅਕਤੀਆਂ ਵਿਰੁੱਧ ਪ੍ਰਸ਼ਾਸਨ ਵੱਲੋਂ ਸਰਕਾਰੀ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਕਰਕੇ ਮਾਮਲਾ ਦਰਜ ਕਰ ਲਿਆ ਗਿਆ ਤਾਂ ਕੁੱਝ ਹੋਰ ਪੰਜਾਬੀ ਮਾਂ ਬੋਲੀ ਨਾਲ ਮੋਹ ਰੱਖਣ ਵਾਲੀਆਂ ਸੰਸਥਾਵਾਂ/ਜਥੇਬੰਦੀਆਂ ਨੇ ਕਾਲਖ ਫੇਰਣ ਦੀ ਥਾਂ ਆਪਣੇ ਖਰਚੇ ਤੇ ਪੰਜਾਬੀ ਮਾਂ ਬੋਲੀ ਨੂੰ ਪਹਿਲੇ ਸਥਾਨ ਤੇ, ਫਿਰ ਹਿੰਦੀ ਅਤੇ ਫਿਰ ਅੰਗਰੇਜੀ ਭਾਸ਼ਾ ਵਿੱਚ ਲਿਖੇ ਸੂਚਨਾ ਬੋਰਡ ਆਪਣੇ ਖਰਚੇ ਤੇ ਬਣਵਾ ਕੇ ਆਪੋ ਆਪਣੇ ਇਲਾਕੇ ਵਿੱਚ ਲਗਾਉਣੇ ਸ਼ੁਰੂ ਕਰ ਦਿੱਤੇ।

ਇਸ ਸਬੰਧੀ ਮੈਂ ਅੰਮ੍ਰਿਤਸਰ ਸਾਹਿਬ ਤੋਂ ਬਠਿੰਡਾ ਮਾਰਗ ਉੱਤੇ 300 ਕਿਲੋਮੀਟਰ ਦੇ ਲਗਭਗ ਆਉਣ-ਜਾਣ ਦਾ ਸਫਰ ਤੈਅ ਕੀਤਾ ਤਾਂ ਮਹਿਸੂਸ ਕੀਤਾ ਕਿਤੇ ਕਿਤੇ ਐਸੇ ਬੋਰਡ ਵੀ ਹਨ, ਜਿਨ੍ਹਾਂ ਉੱਤੇ ਪੰਜਾਬੀ ਮਾਂ ਬੋਲੀ ਪਹਿਲੇ ਸਥਾਨ ਤੇ ਹੀ ਹੈ, ਪਰ ਵੱਡੀ ਗਿਣਤੀ ਵਿੱਚ ਪੰਜਾਬੀ ਤੀਜੇ ਸਥਾਨ ਤੇ ਜਾਂ ਫਿਰ ਕੇਵਲ ਹਿੰਦੀ ਵਿੱਚ ਹੀ ਲਿਖਿਆ ਹੋਇਆ ਹੈ। ਇਸ ਤੋਂ ਇਲਾਵਾ ਮੁੱਖ ਸੂਚਨਾਂ ਤਖ਼ਤੀਆਂ ਤੋਂ ਬਿਨ੍ਹਾਂ ਮੀਲ ਪੱਥਰਾਂ ਤੇ ਕੇਵਲ ਹਿੰਦੀ ਜਾਂ ਹਿੰਦੀ ਅਤੇ ਅੰਗਰੇਜੀ ਵਿੱਚ ਹੀ ਲਿਖਿਆ ਗਿਆ ਹੋਇਆ ਹੈ। ਜਦਕਿ ਹੋਰਨਾਂ ਸੂਬਿਆਂ ਵਿੱਚ ਅਜਿਹਾ ਨਹੀਂ ਹੁੰਦਾ, ਉੱਥੇ ਪਹਿਲਾ ਸਥਾਨ ਰਾਜ ਭਾਸ਼ਾ ਨੂੰ ਹੀ ਦਿੱਤਾ ਜਾਂਦਾ ਹੈ ਤਾਂ ਪੰਜਾਬ ਵਿੱਚ ਪੰਜਾਬੀ ਮਾਂ ਬੋਲੀ ਨਾਲ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ?

ਅਖ਼ੀਰ ਵਿੱਚ ਸਰਕਾਰ ਅਤੇ ਪ੍ਰਸਾਸ਼ਨ ਨੂੰ ਸਮੁੱਚੇ ਪੰਜਾਬੀ ਭਾਈਚਾਰੇ ਵੱਲੋਂ ਇਹੀ ਅਪੀਲ ਕਰਾਂਗਾ ਕਿ ਬਿਨ੍ਹਾਂ ਦੇਰੀ ਪੰਜਾਬੀ ਮਾਂ ਬੋਲੀ ਨੂੰ ਪਹਿਲਾ ਸਥਾਨ ਦਿੱਤਾ ਜਾਵੇ ਕੇਵਲ ਸੂਚਨਾ ਤਖ਼ਤੀਆਂ ਤੇ ਹੀ ਨਹੀਂ, ਬਲਕਿ ਸਰਕਾਰੀ ਦਫਤਰਾਂ, ਬੈਂਕਾਂ, ਸਕੂਲਾਂ ਅਤੇ ਹੋਰ ਅਦਾਰਿਆਂ ਵਿੱਚ ਵੀ ਪੰਜਾਬੀ ਦੀ ਵਰਤੋਂ ਯਕੀਨੀ ਬਣਾਈ ਜਾਵੇ ਅਤੇ ਪ੍ਰਸ਼ਾਸ਼ਨ ਵੱਲੋਂ ਪੰਜਾਬੀ ਮਾਂ ਬੋਲੀ ਦੇ ਹਮਾਇਤੀਆਂ ਵਿਰੁੱਧ ਦਰਜ ਕੀਤੇ ਗਏ ਮਾਮਲੇ ਰੱਦ ਕੀਤੇ ਜਾਣ। ਇਸ ਦੇ ਨਾਲ ਹੀ ਪੰਜਾਬੀ ਭਾਈਚਾਰੇ ਜਿਨ੍ਹਾਂ ਨੇ ਅੱਜ ਪੰਜਾਬੀ ਮਾਂ ਬੋਲੀ ਪ੍ਰਤੀ ਆਪਣਾ ਮੋਹ ਪ੍ਰਗਟ ਕਰਨ ਲਈ ਇੱਕ ਲਹਿਰ ਪੈਦਾ ਕੀਤੀ ਹੈ, ਉਹਨਾਂ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਆਪਣੇ ਮਨਾਂ ਨੂੰ ਇੱਕ ਵਾਰ ਜ਼ਰੂਰ ਪੁੱਛਣਾ ਕਿ ਇਹ ਪੰਜਾਬੀ ਮਾਂ ਬੋਲੀ ਪ੍ਰਤੀ ਮੋਹ ਭਿੱਜੀ ਇਹ ਲਹਿਰ ਉੱਠਣ ਤੋਂ ਬਾਅਦ ਵਾਪਸ ਮੁੜਨ ਵਾਲੀ ਹੈ ਜਾਂ ਹਕੀਕਤ ਦਾ ਰੂਪ ਲੈ ਕੇ ਹਮੇਸ਼ਾਂ ਨਿਰਮਲ ਰੂਪ ਵਿੱਚ ਵਹਿੰਦੀ ਰਹੇਗੀ ਭਾਵ ਕਿ ਸਾਡੀ ਨਿੱਜੀ ਜਿੰਦਗੀ ਵਿੱਚ ਸਾਡੇ ਵਰਤੋਂ ਵਿਉਹਾਰ ਵਿੱਚ ਵੀ ਇਹ ਸਾਡੀ ਰੂਹ ਦਾ ਹਿੱਸਾ ਬਣੇਗੀ, ਕਿਉਂਕਿ ਸਾਡੇ ਘਰਾਂ ਵਿੱਚੋਂ ਪੰਜਾਬੀ ਪੁਸਤਕਾਂ/ਸਾਹਿਤ ਨਾਮਾਤਰ ਹੈ, ਸਾਡੀਆਂ ਦੁਕਾਨਾਂ ਜਾਂ ਕਾਰੋਬਾਰੀ ਥਾਵਾਂ ਤੇ ਲੱਗੇ ਬੋਰਡ ਵੀ ਬਹੁਤਾਤ ਵਿੱਚ ਅੰਗ੍ਰੇਜੀ ਵਿੱਚ ਹਨ, ਸਾਡੇ ਵੱਲੋਂ ਖੁਸ਼ੀ/ਗਮੀ ਸਬੰਧੀ ਛਪਵਾਏ ਜਾਂਦੇ ਸੱਦਾ ਪੱਤਰ ਅੰਗਰੇਜੀ ਵਿੱਚ ਹੁੰਦੇ ਹਨ।

ਸੋ ਆਉ! ਪੰਜਾਬੀ ਮਾਂ ਬੋਲੀ ਨੂੰ ਆਪਣੇ ਅਮਲੀ ਜੀਵਨ ਦਾ ਵੀ ਹਿੱਸਾ ਬਣਾਈਏ ਤਾਂ ਕਿ ਮਸ਼ਹੂਰ ਸ਼ਾਇਰ ਫਿਰੋਜ਼ਦੀਨ ਸ਼ਰਫ ਵਾਂਗ ਕਿਸੇ ਹੋਰ ਨੂੰ ਇਹ ਨਾ ਲਿਖਣਾ ਪਵੇ,

ਮੁੱਠਾਂ ਮੀਟ ਕੇ ਨੁੱਕਰੇ ਹਾਂ ਬੈਠੀ, ਟੁੱਟੀ ਹੋਈ ਸਿਤਾਰ ਰਬਾਬੀਆਂ ਦੀ।
ਪੁੱਛੀ ਬਾਤ ਨਾ ਜਿਨ੍ਹਾਂ ਨੇ ਸ਼ਰਫ਼ ਮੇਰੀ, ਵੇ ਮੈਂ ਬੋਲੀ ਹਾਂ, ਉਨ੍ਹਾਂ ਪੰਜਾਬੀਆਂ ਦੀ।'

ਇਸ ਲਈ ਮਾਂ ਬੋਲੀ ਨੂੰ ਭੁੱਲ ਜਾਉਗੇ, ਕੱਖਾਂ ਵਾਂਗੂੰ ਰੁਲ ਜਾਉਗੇ' ਦਾ ਨਾਅਰਾ ਕੇਵਲ ਕੰਧਾਂ ਉੱਤੇ ਹੀ ਨਹੀਂ, ਆਪਣੇ ਦਿਲ ਦਿਮਾਗ ਵਿੱਚ ਵੀ ਸੰਭਾਲ ਕੇ ਰਖੀਏ। ਉਸਤਾਦ ਦਾਮਨ ਦੀ ਇੱਕ ਕਵਿਤਾ ਪਾਠਕਾਂ ਦੀ ਨਜ਼ਰ ਕਰਕੇ ਗੱਲ ਖ਼ਤਮ ਕਰਦਾ ਹਾਂ:

ਮੈਨੂੰ ਕਈਆਂ ਨੇ ਆਖਿਆ ਕਈ ਵਾਰੀ, ਤੂੰ ਲੈਣਾ ਪੰਜਾਬੀ ਦਾ ਨਾਂ ਛੱਡ ਦੇ।
ਗੋਦੀ ਜਿਦ੍ਹੀ 'ਚ ਪਲਕੇ ਜਵਾਨ ਹੋਇਓਂ, ਉਹ ਮਾਂ ਛੱਡ ਦੇ ਤੇ ਗਰਾਂ ਛੱਡ ਦੇ।
ਜੇ ਪੰਜਾਬੀ, ਪੰਜਾਬੀ ਈ ਕੂਕਣਾ ਈਂ, ਜਿੱਥੇ ਖਲਾ ਖਲੋਤਾ ਉਹ ਥਾਂ ਛੱਡ ਦੇ।
ਮੈਨੂੰ ਇੰਝ ਲੱਗਦਾ, ਲੋਕੀਂ ਆਖਦੇ ਨੇ, ਤੂੰ ਪੁੱਤਰਾ ਆਪਣੀ ਮਾਂ ਛੱਡ ਦੇ।

# ਮੁਤਵਾਜ਼ੀ ਜਥੇਦਾਰ ਦੀ 'ਬੰਦੀ' ਮਗਰੋਂ ਸ਼ਾਂਤੀ ਨਾਲ ਮਨਾਇਆ ਬੰਦੀ ਛੋੜ ਦਿਵਸ

## ਸ਼੍ਰੋਮਣੀ ਕਮੇਟੀ ਨੇ ਲਿਆ ਸੁੱਖ ਦਾ ਸਾਹ, ਚਿੱਟ ਕੱਪੜੀਏ ਪੁਲੀਸ ਵਾਲੇ ਦਰਬਾਰ ਸਾਹਿਬ ਰਹੇ ਤਾਇਨਾਤ

### ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦਰਸ਼ਨੀ ਡਿਓਢੀ ਤੋਂ, ਭਾਈ ਧਿਆਨ ਸਿੰਘ ਮੰਡ ਨੇ ਪਿੰਡ ਪਹੂਵਿੰਡ ਤੋਂ ਜਾਰੀ ਕੀਤੇ ਸੰਦੇਸ਼

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਬੰਦੀ-ਛੋੜ ਦਿਵਸ ਮੌਕੇ ਪੁਲੀਸ ਵੱਲੋਂ ਮੁਤਵਾਜ਼ੀ ਜਥੇਦਾਰਾਂ ਨੂੰ ਹਿਰਾਸਤ ਵਿੱਚ ਲੈਣ ਬਾਅਦ ਸ਼੍ਰੋਮਣੀ ਕਮੇਟੀ ਨੇ ਸੁੱਖ ਦਾ ਸਾਹ ਲਿਆ। ਸ੍ਰੀ ਹਰਿਮੰਦਰ ਸਾਹਿਬ ਵਿੱਚ ਇਹ ਦਿਵਸ ਸ਼ਾਂਤਮਈ ਢੰਗ ਨਾਲ ਮਨਾਇਆ ਗਿਆ। ਇਸ ਦਿਵਸ ਮੌਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦਰਸ਼ਨੀ ਡਿਓਢੀ ਤੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ। ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਪਹੂਵਿੰਡ ਵਿੱਚ ਬਾਬਾ ਦੀਪ ਸਿੰਘ ਜੀ ਦੇ ਗੁਰਦੁਆਰੇ ਵਿਚ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ।
ਬੰਦੀ-ਛੋੜ ਦਿਵਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਚ ਮੁਤਵਾਜ਼ੀ ਜਥੇਦਾਰਾਂ ਦੀ ਆਮਦ ਦੇ ਮੱਦੇਨਜ਼ਰ ਇਥੇ ਪ੍ਰਸ਼ਾਸਨ ਤੇ ਸ਼੍ਰੋਮਣੀ ਕਮੇਟੀ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਵੱਡੀ ਗਿਣਤੀ ਚਿੱਟ ਕੱਪੜੀਏ ਪੁਲੀਸ ਵਾਲੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਤਾਇਨਾਤ ਸਨ। ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਤੇ ਹੋਰ ਮੁਲਾਜ਼ਮ ਵੀ ਤਾਇਨਾਤ ਸਨ। ਪੁਲੀਸ ਨੇ ਦੀਵਾਲੀ ਤੋਂ ਇਕ ਦਿਨ ਪਹਿਲਾਂ ਹੀ ਮੁਤਵਾਜ਼ੀ ਜਥੇਦਾਰਾਂ ਤੇ ਉਨ੍ਹਾਂ ਦੇ ਸਮਰਥਕਾਂ ਨੂੰ ਫੜਨ ਲਈ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਸਨ। ਦੋ ਮੁਤਵਾਜ਼ੀ ਜਥੇਦਾਰਾਂ ਨੂੰ ਪਹਿਲਾਂ ਹੀ ਹਿਰਾਸਤ ਵਿਚ ਲੈ ਲਿਆ ਸੀ ਅਤੇ ਭਾਈ ਧਿਆਨ ਸਿੰਘ ਮੰਡ ਨੂੰ ਦੀਵਾਲੀ ਵਾਲੇ ਦਿਨ ਪਹੂਵਿੰਡ ਦੇ ਗੁਰਦੁਆਰੇ ਕੋਲੋਂ ਹਿਰਾਸਤ ਵਿਚ ਲਿਆ ਗਿਆ ਅਤੇ



ਹਰਿਮੰਦਰ ਸਾਹਿਬ ਵਿਖੇ ਦਰਸ਼ਨੀ ਡਿਓਢੀ ਤੋਂ ਕੌਮ ਦੇ ਨਾਂ ਸੰਦੇਸ਼ ਦੇਣ ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ।

ਸ਼ਾਮ ਨੂੰ ਰਿਹਾਅ ਕਰ ਦਿੱਤਾ। ਪੁਰਾਤਨ ਰਿਵਾਇਤ ਮੁਤਾਬਕ ਸ਼ਾਮ ਨੂੰ ਦਰਸ਼ਨੀ ਡਿਓਢੀ ਤੋਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ। ਉਨ੍ਹਾਂ ਨੇ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਗੁਰਦੁਆਰਾ ਕਮੇਟੀਆਂ ਨੂੰ ਸੁਚੇਤ ਹੋਣ, ਗੁਰੂਘਰਾਂ ਵਿੱਚ ਸੀਸੀਟੀਵੀ ਕੈਮਰੇ ਲਾਉਣ, ਨਸ਼ਿਆਂ ਤੇ ਪਤਿੱਤਪੁਣੇ ਨੂੰ ਖਤਮ ਕਰਨ ਲਈ ਮਾਪਿਆਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣ, ਸ਼ਰਾਬ ਦੇ ਠੇਕੇ ਚੁਕਵਾਉਣ ਲਈ ਪੰਚਾਇਤਾਂ ਨੂੰ ਸਰਬਸੰਮਤੀ ਨਾਲ ਮਤੇ ਪਾਸ ਕਰਕੇ ਸਰਕਾਰ ਨੂੰ ਭੇਜਣ, ਵਿਆਹ ਸ਼ਾਦੀਆਂ ਤੇ ਹੋਰ ਸਮਾਜਿਕ ਰਸਮਾਂ 'ਤੇ ਫਜ਼ੂਲ ਖਰਚੀ ਬੰਦ ਕਰਨ ਤੇ ਸਮਾਜਿਕ ਰਸਮਾਂ ਗੁਰੂਘਰਾਂ ਵਿਚ ਨਿਭਾਉਣ ਦਾ ਸੱਦਾ ਦਿੱਤਾ। ਉਨ੍ਹਾਂ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਨੂੰ ਰਿਹਾਅ ਕਰਨ ਲਈ ਵੀ ਕਿਹਾ। ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਰਾਤ ਸਮੇਂ ਆਤਿਸ਼ਬਾਜ਼ੀ ਕੀਤੀ ਗਈ। ਅਤਿ-ਆਧੁਨਿਕ ਐਲਈਡੀ ਲਾਈਟਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਰੁਸ਼ਨਾ ਰਿਹਾ ਸੀ। ਇਸ ਨਜ਼ਾਰੇ ਨੂੰ ਦੇਖਣ ਲਈ ਦੂਰ ਦੁਰਾਡੇ ਤੋਂ ਵੱਡੀ ਗਿਣਤੀ ਸੰਗਤ ਪੁੱਜੀ ਹੋਈ ਸੀ। ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਸਿੱਖ ਪ੍ਰਭੂਸੱਤਾ ਦੇ ਪ੍ਰਤੀਕ ਮਹਾਨ ਤਖ਼ਤਾਂ ਤੋਂ ਪੰਥ ਦੀਆਂ ਭਾਵਨਾਵਾਂ ਖ਼ਿਲਾਫ਼ ਅਤੇ ਡੇਰੇਦਾਰਾਂ ਦੇ ਹੱਕ ਵਿਚ ਹੁਕਮਨਾਮੇ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਗੁਰਧਾਮਾਂ ਤੇ ਤਖ਼ਤਾਂ ਨੂੰ ਆਜ਼ਾਦ ਕਰਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਬੱਚਿਆਂ ਨੂੰ ਬਾਣੀ ਤੇ ਬਾਣੇ ਦੇ ਧਾਰਨੀ ਬਣਾਉਣ ਦਾ ਸੱਦਾ ਦਿੱਤਾ।

**ਬਲਜੀਤ ਸਿੰਘ ਦਾਦੂਵਾਲ ਨਜ਼ਰਬੰਦ**
ਤਲਵੰਡੀ ਸਾਬੋ : ਬੰਦੀ-ਛੋੜ ਦਿਵਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਨੂੰ ਪੁਲੀਸ ਨੇ ਉਨ੍ਹਾਂ ਦੀ ਰਿਹਾਇਸ਼ ਗੁਰਦੁਆਰਾ ਜੰਡਾਲੀਸਰ ਸਾਹਿਬ ਵਿਖੇ ਨਜ਼ਰਬੰਦ ਕਰ ਲਿਆ। 18 ਅਕਤੂਬਰ ਦੀ ਰਾਤ ਨੂੰ ਹੀ ਐਸਪੀ ਬਠਿੰਡਾ ਦੀ ਅਗਵਾਈ ਵਿਚ ਪੁਲੀਸ ਨੇ ਗੁਰਦੁਆਰਾ ਜੰਡਾਲੀਸਰ ਸਾਹਿਬ, ਕੋਟਸ਼ਮੀਰ ਤੋਂ ਨਿਕਲਦੇ ਸਾਰੇ ਰਾਹ ਬੰਦ ਕਰ ਦਿੱਤੇ ਸਨ। 19 ਅਕਤੂਬਰ ਨੂੰ ਦੁਪਹਿਰ 12 ਕੁ ਵਜੇ ਜਥੇਦਾਰ ਦਾਦੂਵਾਲ ਜਿਉਂ ਹੀ ਕਾਫ਼ਲਾ ਲੈ ਕੇ ਨਿਕਲੇ ਤਾਂ ਪੁਲੀਸ ਨੇ ਉਨ੍ਹਾਂ ਨੂੰ ਰੋਕ ਲਿਆ। ਬਾਬਾ ਦਾਦੂਵਾਲ ਨੇ ਕਿਹਾ ਕਿ ਕੈਪਟਨ ਸਰਕਾਰ ਵੀ ਅਕਾਲੀ-ਭਾਜਪਾ ਸਰਕਾਰ ਦੇ ਰਾਹ ਪੈ ਗਈ ਹੈ। ਸਮਾਂ ਆਉਣ 'ਤੇ ਸੰਗਤ ਇਸ ਧੱਕੇਸ਼ਾਹੀ ਦਾ ਜਵਾਬ ਦੇਵੇਗੀ।

## ਦਰਬਾਰ ਸਾਹਿਬ 'ਚ ਪੁਲੀਸ ਵਾੜਨ ਦੀ ਮੁਤਵਾਜ਼ੀ ਜਥੇਦਾਰਾਂ ਵਲੋਂ ਆਲੋਚਨਾ

**ਤਲਵੰਡੀ ਸਾਬੋ/ਬਿਊਰੋ ਨਿਊਜ਼ :** ਸਰਬੱਤ ਖ਼ਾਲਸਾ ਵੱਲੋਂ ਥਾਪੇ ਗਏ ਮੁਤਵਾਜ਼ੀ ਜਥੇਦਾਰਾਂ ਨੇ ਕਿਹਾ ਹੈ ਕਿ ਬੰਦੀ ਛੋੜ ਦਿਵਸ ਮੌਕੇ ਸਿੱਖ ਕੌਮ ਉਪਰ ਆਪਣਾ ਜਬਰੀ ਸੰਦੇਸ਼ ਥੋਪਣ ਵਾਸਤੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਆਪਣੀ ਸੁਰੱਖਿਆ ਲਈ ਪੁਲੀਸ ਵਾੜ ਕੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਮਰਿਆਦਾ ਨੂੰ ਭੰਗ ਕੀਤਾ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਕੌਮ ਨੂੰ ਜਵਾਬ ਦੇਣ। ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਅਤੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਸਰਬੱਤ ਖ਼ਾਲਸਾ ਕੰਟਰੋਲ ਰੂਮ ਤੋਂ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਜਿਹੜੇ ਲੋਕ ਜੂਨ 1984 ਵਿੱਚ ਕਾਂਗਰਸ ਨੂੰ ਦਰਬਾਰ ਸਾਹਿਬ ਵਿੱਚ ਫ਼ੌਜਾਂ ਭੇਜਣ ਦਾ ਦੋਸ਼ੀ ਕਹਿ ਕੇ ਭੰਡਦੇ ਹੋਏ ਥੱਕਦੇ ਨਹੀਂ ਸਨ, ਉਨ੍ਹਾਂ ਲੋਕਾਂ ਨੇ ਹੀ ਹੁਣ ਕਾਂਗਰਸ ਸਰਕਾਰ ਤੋਂ ਆਪਣੀ ਸੁਰੱਖਿਆ ਲਈ ਪੁਲੀਸ ਫੋਰਸ ਦਰਬਾਰ ਸਾਹਿਬ ਵਿੱਚ ਵਾੜ ਕੇ ਗੁਰੂ ਘਰ ਦੀ ਮਰਿਆਦਾ ਭੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਕੈਪਟਨ ਸਰਕਾਰ ਨੇ ਬਾਦਲਾਂ ਨਾਲ ਸਬੰਧਤ ਆਗੂਆਂ ਨੂੰ ਸੁਰੱਖਿਆ ਦਿੱਤੀ, ਉਸ ਤੋਂ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲਾਂ ਦੀ ਦੋਸਤੀ ਜੱਗ ਜਾਹਰ ਹੋਈ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਤਾੜਨਾ ਕਰਦਿਆਂ ਸਿੱਖਾਂ ਉਪਰ ਗੁਰਧਾਮਾਂ ਦੇ ਦਰਸ਼ਨ-ਇਸ਼ਨਾਨ ਕਰਨ 'ਤੇ ਪਾਬੰਦੀਆਂ ਲਾਉਣ ਤੋਂ ਗੁਰੇਜ਼ ਕਰਨ ਲਈ ਕਿਹਾ।

## ਬੰਦੀ ਛੋੜ ਦਿਵਸ ਮੌਕੇ 'ਗੁਰੂ ਦੀਆਂ ਲਾਡਲੀਆਂ ਫੌਜਾਂ' ਦਾ ਸਨਮਾਨ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਬੰਦੀ ਛੋੜ ਦਿਵਸ ਮੌਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪੰਥਕ ਰਵਾਇਤ ਅਨੁਸਾਰ ਗੁਰੂ ਦੀਆਂ ਲਾਡਲੀਆਂ ਫੌਜਾਂ (ਨਿਹੰਗ ਸਿੰਘ ਦਲਾਂ ਦੇ ਮੁਖੀਆਂ) ਨੂੰ ਸਨਮਾਨਿਤ ਕੀਤਾ। ਅਕਾਲ ਤਖ਼ਤ ਸਾਹਿਬ ਵਿਖੇ ਹੋਏ ਸਨਮਾਨ ਸਮਾਗਮ ਮੌਕੇ ਸ਼੍ਰੋਮਣੀ ਬੁੱਢਾ ਦਲ ਮੁਖੀ 96 ਕਰੋੜੀ ਬਾਬਾ ਬਲਬੀਰ ਸਿੰਘ, ਦਮਦਮੀ ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਬਾਬਾ ਬਿੱਧੀ ਚੰਦ ਤਰਨਾ ਦਲ ਸੁਰਸਿੰਘ ਦੇ ਮੁਖੀ ਬਾਬਾ ਅਵਤਾਰ ਸਿੰਘ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾ ਵਾਲੇ ਵੱਲੋਂ ਬਾਬਾ ਨਾਗਰ ਸਿੰਘ, ਤਰਨਾ ਦਲ ਬਾਬਾ ਬਕਾਲਾ ਵੱਲੋਂ ਬਾਬਾ ਗੱਜਣ ਸਿੰਘ, ਗਿਆਨੀ ਤਰਸੇਮ ਸਿੰਘ ਮੋਰਾਂਵਾਲੀ, ਬਾਬਾ ਤਰਲੋਕ ਸਿੰਘ ਖਿਆਲਾ ਵੱਲੋਂ ਬਾਬਾ ਸੁੱਖਾ ਸਿੰਘ, ਬਾਬਾ ਰਘਬੀਰ ਸਿੰਘ ਖਿਆਲਾ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਦਰਸ਼ਨ ਸਿੰਘ, ਬਾਬਾ ਮੇਜਰ ਸਿੰਘ ਲੁਧਿਆਣੇ ਵਾਲੇ, ਬਾਬਾ ਸਾਬ ਸਿੰਘ, ਬਾਬਾ ਤਾਰਾ ਸਿੰਘ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਬਾਬਾ ਬਲਦੇਵ ਸਿੰਘ ਮੁਸਤਫਾਬਾਦ, ਬਾਬਾ ਵੱਸਣ ਸਿੰਘ ਮੜ੍ਹੀਆਂਵਾਲਾ, ਬਾਬਾ ਵਰਿਆਮ ਸਿੰਘ ਮੜ੍ਹੀਆਂਵਾਲਾ, ਬਾਬਾ ਮਾਨ ਸਿੰਘ ਮੜ੍ਹੀਆਂਵਾਲਾ, ਬਾਬਾ ਤਰਸੇਮ ਸਿੰਘ ਮਹਿਤਾ ਚੌਕ ਦਾ ਦੁਸ਼ਾਲਾ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।
ਸ਼੍ਰੋਮਣੀ ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੁਲਾਜ਼ਮਾਂ ਤੇ ਅਧਿਕਾਰੀਆਂ ਦਾ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਸਨਮਾਨ ਕੀਤਾ ਗਿਆ। ਇਨ੍ਹਾਂ ਵਿੱਚ ਬਾਬਾ ਭਜਨ ਸਿੰਘ ਭਲਵਾਨ ਕਾਰ ਸੇਵਾ ਕਿਲਾ ਅਨੰਦਗੜ੍ਹ, ਸ੍ਰੀ ਅਨੰਦਪੁਰ ਸਾਹਿਬ, ਬਾਬਾ ਸੁਖਵਿੰਦਰ ਸਿੰਘ ਕਾਰ ਸੇਵਾ ਭੂਰੀਵਾਲੇ, ਬਾਬਾ ਧਰਮਜੀਤ ਸਿੰਘ ਕਾਰ ਸੇਵਾ ਬਾਬਾ ਅਟੱਲ ਰਾਏ, ਸ਼੍ਰੋਮਣੀ ਕਮੇਟੀ ਸਕੱਤਰ ਡਾ. ਰੂਪ ਸਿੰਘ, ਅਵਤਾਰ ਸਿੰਘ ਸੈਂਪਲਾ, ਸੁਲੱਖਣ ਸਿੰਘ ਭੰਗਾਲੀ ਸ਼ਾਮਲ ਸਨ।

## ਮੁਤਵਾਜ਼ੀ ਜਥੇਦਾਰਾਂ ਵਲੋਂ ਲਾਈ ਤਨਖ਼ਾਹ ਮਾਸਟਰ ਜੌਹਰ ਸਿੰਘ ਨੇ ਕੀਤੀ ਪੂਰੀ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਗੁਰਦੁਆਰਾ ਛੋਟਾ ਘੱਲੂਕਾਰਾ ਕਾਹਨੂੰਵਾਨ ਦੇ ਆਗੂ ਮਾਸਟਰ ਜੌਹਰ ਸਿੰਘ ਨੇ ਮੁਤਵਾਜ਼ੀ ਜਥੇਦਾਰਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿੱਚ 7 ਦਿਨਾਂ ਦੀ ਸੇਵਾ ਕਰਨ ਦੀ ਲਾਈ ਤਨਖ਼ਾਹ ਪੂਰੀ ਕਰਨ ਮਗਰੋਂ ਇੱਥੇ ਕੜਾਹ ਪ੍ਰਸ਼ਾਦ ਦੀ ਦੇਗ ਭੇਟ ਕਰ ਕੇ ਆਪਣੀ ਖਿਮਾ ਯਾਚਨਾ ਦੀ ਅਰਦਾਸ ਕੀਤੀ।
ਗੁਰਦੁਆਰਾ ਸਾਹਿਬ ਵਿੱਚ ਵਾਪਰੀ ਬਦਇਖਲਾਕੀ ਦੀ ਘਟਨਾ ਕਾਰਨ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਮਾਸਟਰ ਜੌਹਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਆਪਣਾ ਪੱਖ ਪੇਸ਼ ਕਰਨ ਲਈ ਹਾਜ਼ਰ ਨਾ ਹੋਣ 'ਤੇ ਤਨਖਾਹੀਆ ਐਲਾਨਿਆ ਗਿਆ ਸੀ ਅਤੇ ਜਨਰਲ ਸਕੱਤਰ ਬੂਟਾ ਸਿੰਘ ਨੂੰ ਪੰਥ ਵਿੱਚੋਂ ਖਾਰਜ ਕਰ ਦਿੱਤਾ ਗਿਆ ਸੀ। ਦੂਜੇ ਪਾਸੇ ਮੁਤਵਾਜ਼ੀ ਜਥੇਦਾਰਾਂ ਨੇ ਇਸ ਮਾਮਲੇ ਵਿੱਚ ਪਹਿਲਕਦਮੀ ਕਰਦਿਆਂ ਸ੍ਰੀ ਅਕਾਲ ਤਖ਼ਤ ਦੀ ਕਾਰਵਾਈ ਤੋਂ ਇੱਕ ਦਿਨ ਪਹਿਲਾਂ ਬੂਟਾ ਸਿੰਘ ਨੂੰ ਪੰਥ ਵਿੱਚੋਂ ਛੇਕਣ ਦਾ ਐਲਾਨ ਅਤੇ ਮਾਸਟਰ ਜੌਹਰ ਸਿੰਘ ਨੂੰ ਸੱਤ ਦਿਨਾਂ ਦੀ ਤਨਖਾਹ ਅਤੇ ਇੱਕ ਅਖੰਡ ਪਾਠ ਕਰਾਉਣ ਦੇ ਆਦੇਸ਼ ਦਿੱਤੇ ਸਨ। ਸ਼੍ਰੋਮਣੀ ਕਮੇਟੀ ਨੇ ਮੁਤਵਾਜ਼ੀ ਜਥੇਦਾਰਾਂ ਨੂੰ ਮਾਨਤਾ ਦੇਣ ਤੋਂ ਨਾਂਹ ਕਰਦਿਆਂ ਮਾਸਟਰ ਜੌਹਰ ਸਿੰਘ ਨੂੰ ਮੁਤਵਾਜ਼ੀ ਜਥੇਦਾਰਾਂ ਵੱਲੋਂ ਲਾਈ ਤਨਖਾਹ ਨੂੰ ਸ੍ਰੀ ਹਰਿਮੰਦਰ ਸਾਹਿਬ ਵਿੱਚ ਪੂਰਾ ਕਰਨ ਤੋਂ ਰੋਕ ਦਿੱਤਾ ਸੀ। ਸਿੱਟੇ ਵਜੋਂ ਉਨ੍ਹਾਂ ਸੱਤ ਦਿਨ ਪਲਾਜ਼ਾ ਦੇ ਬਾਹਰ ਝਾੜੂ ਮਾਰਨ ਅਤੇ ਉੱਥੇ ਬੈਠ ਕੇ ਹੀ ਗੁਰਬਾਣੀ ਕੀਰਤਨ ਸੁਣਨ ਦੀ ਸੇਵਾ ਪੂਰੀ ਕੀਤੀ। ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਮੁਤਵਾਜ਼ੀ ਜਥੇਦਾਰਾਂ ਵੱਲੋਂ ਸੱਤ ਦਿਨ ਸ੍ਰੀ ਹਰਿਮੰਦਰ ਸਾਹਿਬ ਵਿੱਚ ਸੇਵਾ ਕਰਨ ਦੀ ਲਾਈ ਗਈ ਤਨਖਾਹ ਪੂਰੀ ਕਰ ਲਈ ਗਈ ਹੈ ਅਤੇ ਇੱਕ ਅਖੰਡ ਪਾਠ ਗੁਰਦੁਆਰਾ ਛੋਟਾ ਘੱਲੂਘਾਰਾ ਵਿਖੇ ਕੱਲ੍ਹ ਤੋਂ ਆਰੰਭ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜਥੇਦਾਰਾਂ ਦੇ ਆਦੇਸ਼ ਮੁਤਾਬਕ ਉਨ੍ਹਾਂ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਪਹਿਲਾਂ ਹੀ ਅਸਤੀਫ਼ਾ ਦੇ ਦਿੱਤਾ ਸੀ ਅਤੇ ਹੁਣ ਉਹ ਸਾਧਾਰਨ ਮੈਂਬਰ ਵਜੋਂ ਹੀ ਵਿਚਰਨਗੇ।

## ਸਿਆਟਲ 'ਚ ਮਨਾਈ ਦੀਵਾਲੀ ਤੇ ਬੰਦੀ ਛੋੜ ਦਿਵਸ

**ਸਿਆਟਲ/ਬਿਊਰੋ ਨਿਊਜ਼ :** ਸਿਆਟਲ ਦੇ ਗੁਰੂ ਘਰਾਂ ਵਿਚ ਨਿੱਤਨੇਮ ਦੇ ਪਾਠ, ਕਥਾ-ਕੀਰਤਨ ਤੋਂ ਬਾਅਦ ਦੀਵੇ ਜਗਾ ਕੇ ਤੇ ਮਠਿਆਈਆਂ ਵੰਡ ਕੇ ਦੀਵਾਲੀ ਮਨਾਈ ਗਈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 52 ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਕਰਵਾ ਕੇ ਅੰਮ੍ਰਿਤਸਰ ਪਹੁੰਚੇ ਸਨ, ਜਿਥੇ ਬਾਬਾ ਬੁੱਢਾ ਜੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਸਿੱਖਾਂ ਨੇ ਦੀਵੇ ਜਗਾ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ, ਜਿਸ ਨੂੰ ਸਿੱਖ ਕੌਮ 'ਬੰਦੀ ਛੋੜ ਦਿਵਸ' ਵਜੋਂ ਮਨਾਉਂਦੀ ਹੈ। ਗੁਰਦੁਆਰਾ ਸੱਚਾ ਮਾਰਗ ਭਾਈ ਕੁਲਵਿੰਦਰ ਸਿੰਘ ਦੇ ਜਥੇ ਨੇ ਕੀਰਤਨ ਕਰਕੇ ਬੰਦੀ ਛੋੜ ਦਿਵਸ ਬਾਰੇ ਚਾਨਣਾ ਪਾਇਆ। ਗੁਰਦੁਆਰਾ ਦੇ ਮੁਖੀ ਹਰਜਿੰਦਰ ਸਿੰਘ ਸੰਧੂ ਨੇ ਸਮੂਹ ਸੰਗਤ ਨੂੰ ਸਟੇਜ ਤੋਂ ਦੀਵਾਲੀ ਤੇ ਬੰਦੀ ਛੋੜ ਦਿਵਸ ਦੀ ਵਧਾਈ ਦਿੱਤੀ। ਇਸ ਮੌਕੇ ਗੁਰਦੁਆਰਾ ਸੱਚਾ ਮਾਰਗ ਵਿਚ ਸੰਗਤ ਨੇ ਦੀਵੇ ਜਗਾ ਦੀਵਾਲੀ ਬੰਦੀ ਛੋੜ ਦਿਵਸ ਦੇ ਰੂਪ ਵਿਚ ਮਨਾਈ।



## ਦਲ ਖ਼ਾਲਸਾ ਵੱਲੋਂ 'ਸਿੱਖ ਨਸਲਕੁਸ਼ੀ ਯਾਦਗਾਰੀ ਮਾਰਚ' 1 ਨਵੰਬਰ ਨੂੰ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਨਵੰਬਰ 1984 ਵਿੱਚ ਦਿੱਲੀ ਅਤੇ ਹੋਰ ਸ਼ਹਿਰਾਂ ਵਿੱਚ ਸਿੱਖ ਨਸਲਕੁਸ਼ੀ ਕਤਲੇਆਮ ਵਿੱਚ ਮਾਰੇ ਗਏ ਨਿਰਦੋਸ਼ ਸਿੱਖਾਂ ਨੂੰ ਸ਼ਰਧਾਂਜਲੀ ਦੇਣ ਅਤੇ ਚੁੱਪ ਧਾਰੀ ਬੈਠੇ ਸੰਯੁਕਤ ਰਾਸ਼ਟਰ ਸਮੇਤ ਅੰਤਰਰਾਸ਼ਟਰੀ ਭਾਈਚਾਰੇ ਨੂੰ ਹਲੂਣਾ ਦੇਣ ਲਈ ਦਲ ਖ਼ਾਲਸਾ ਵੱਲੋਂ ਪਹਿਲੀ ਨਵੰਬਰ ਨੂੰ ਬਠਿੰਡਾ ਵਿੱਚ 'ਸਿੱਖ ਨਸਲਕੁਸ਼ੀ ਯਾਦਗਾਰੀ ਮਾਰਚ' ਕੱਢਿਆ ਜਾਵੇਗਾ। ਇਹ ਫ਼ੈਸਲਾ ਪਾਰਟੀ ਦੀ ਨਵ-ਗਠਿਤ ਅੰਤਰਿੰਗ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਹਰਪਾਲ ਸਿੰਘ ਚੀਮਾ ਨੇ ਕੀਤੀ। ਮਾਰਚ ਦੀ ਆਰੰਭਤਾ ਦੁਪਹਿਰ 12 ਵਜੇ ਗੁਰਦੁਆਰਾ ਹਾਜੀ ਰਤਨ ਤੋਂ ਹੋਵੇਗੀ ਅਤੇ ਸਮਾਪਤੀ ਗੁਰਦੁਆਰਾ ਕਲਗੀਧਰ ਪਾਤਸ਼ਾਹੀ ਦਸਵੀਂ (ਕਿਲਾ ਮੁਬਾਰਕ) ਵਿਖੇ ਕੀਤੀ ਜਾਵੇਗੀ। ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ ਨੇ ਦੱਸਿਆ ਕਿ ਨਵੰਬਰ 1984 ਵਿੱਚ ਦੁਨੀਆ ਦੇ ਸਭ ਤੋਂ ਵੱਡੇ ਜਮਹੂਰੀ ਮੁਲਕ ਵਿਚ ਨਿਰਦੋਸ਼ ਸਿੱਖ ਬੱਚੇ-ਬੱਚੀਆਂ, ਔਰਤਾਂ ਅਤੇ ਮਰਦਾਂ ਦਾ ਕਤਲੇਆਮ ਕੀਤਾ ਗਿਆ ਸੀ, ਪਰ ਹੁਣ ਤਕ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ ਹਨ। ਪਾਰਟੀ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ ਨੇ ਕਿਹਾ ਕਿ 1984 ਦਾ ਕਤਲੇਆਮ ਨਸਲਕੁਸ਼ੀ ਸੀ, ਨਾ ਕਿ ਦੰਗੇ।

## ਭਾਈ ਜਗਤਾਰ ਸਿੰਘ ਹਵਾਰਾ ਦੀ ਪਿੱਠ ਦਾ ਦਰਦ ਵਧਿਆ, ਬੈਠਣਾ ਵੀ ਮੁਸ਼ਕਲ ਹੋਇਆ

**ਖਮਾਣੋਂ/ਬਿਊਰੋ ਨਿਊਜ਼ :** ਸਿੱਖ ਆਗੂ ਅਤੇ ਸਰਬੱਤ ਖ਼ਾਲਸਾ ਵਲੋਂ ਥਾਪੇ ਗਏ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਪਿੱਠ ਦਾ ਦਰਦ ਐਨਾ ਵੱਧ ਚੁੱਕਾ ਹੈ ਕਿ ਉਨ੍ਹਾਂ ਦਾ ਬੈਠਣਾ ਵੀ ਮੁਸ਼ਕਲ ਹੈ ਅਤੇ ਉਨ੍ਹਾਂ ਦੇ ਇਲਾਜ ਸਬੰਧੀ ਦਿੱਲੀ ਸਥਿਤ ਤਿਹਾੜ ਜੇਲ੍ਹ ਪ੍ਰਸ਼ਾਸਨ ਵਲੋਂ ਅਣਦੇਖੀ ਕੀਤੀ ਜਾ ਰਹੀ ਹੈ। ਉੱਥੇ ਹੀ ਦਿੱਲੀ ਹਾਈਕੋਰਟ ਵਿਚ ਭਾਈ ਹਵਾਰਾ ਦੇ ਵਕੀਲ ਅਮਰ ਸਿੰਘ ਚਾਹਲ ਵਲੋਂ ਇਲਾਜ ਸਬੰਧੀ ਵਾਰ-ਵਾਰ ਅਰਜ਼ੀ ਦਾਖਲ ਕਰਨ 'ਤੇ ਅਦਾਲਤ ਵਲੋਂ ਸਵੀਕਾਰਨ ਦੀ ਬਜਾਏ ਲੰਮੇ ਸਮੇਂ ਦੀ ਸੁਣਵਾਈ 'ਤੇ ਰੱਖੀ ਜਾ ਰਹੀ ਹੈ। ਅਜਿਹੀ ਹੀ ਇਕ ਅਰਜ਼ੀ ਦੀ ਸੁਣਵਾਈ 6 ਦਸੰਬਰ ਨੂੰ ਹੋਣੀ ਹੈ। ਜਥੇਦਾਰ ਹਵਾਰਾ ਦੇ ਵਕੀਲ ਅਮਰ ਸਿੰਘ ਚਾਹਲ ਨੇ ਦੱਸਿਆ ਕਿ ਲੰਮੇ ਸਮੇਂ ਤੋਂ ਪੁਲੀਸ ਤਸ਼ੱਦਦ ਸਹਿਣ ਕਰਦੇ ਆ ਰਹੇ ਭਾਈ ਹਵਾਰਾ ਦੀ ਰੀੜ੍ਹ ਦੀ ਹੱਡੀ 'ਤੇ ਬਹੁਤ ਬੁਰਾ ਅਸਰ ਪਿਆ ਹੋਇਆ ਹੈ। ਜਿਸ ਦੇ ਚਲਦੇ ਉਹ ਕਾਫ਼ੀ ਤਕਲੀਫ਼ ਮਹਿਸੂਸ ਕਰ ਰਹੇ ਹਨ। ਪਰ ਜੇਲ੍ਹ ਪ੍ਰਸ਼ਾਸਨ ਉਨ੍ਹਾਂ ਦੇ ਇਲਾਜ ਲਈ ਗੰਭੀਰ ਨਹੀਂ ਹੈ। ਜਿਸ ਬਾਰੇ ਉਹ ਦਿੱਲੀ ਹਾਈਕੋਰਟ ਨੂੰ ਮੈਡੀਕਲ ਰਿਪੋਰਟ ਵੀ ਵਾਰ-ਵਾਰ ਦੇ ਚੁੱਕੇ ਹਨ ਅਤੇ ਅਦਾਲਤ ਉਸ ਨੂੰ ਦੇਖਣ ਦੀ ਬਜਾਏ ਸੁਣਵਾਈ ਦੀ ਤਰੀਕ ਲੰਮੇ ਸਮੇਂ 'ਤੇ ਪਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਜੇ ਕੁਝ ਦਿਨ ਪਹਿਲਾਂ ਹੀ ਇਸ ਸਬੰਧੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਉਹ ਕੁਝ ਹੋਰ ਸਿੱਖ ਆਗੂਆਂ ਦੇ ਵਫ਼ਦ ਸਮੇਤ ਉੱਥੋਂ ਦੇ ਇਕ ਵਿਧਾਇਕ ਜਰਨੈਲ ਸਿੰਘ ਨਾਲ ਮਿਲ ਕੇ ਭਾਈ ਹਵਾਰਾ ਦੀ ਰੀੜ੍ਹ ਦੀ ਹੱਡੀ ਦੀ ਤਕਲੀਫ਼ ਸਬੰਧੀ ਦੱਸ ਕੇ ਆਏ ਹਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਦੱਸਿਆ ਕਿ ਭਾਈ ਹਵਾਰਾ 'ਤੇ ਪਿਛਲੇ 7-8 ਮਹੀਨੇ ਤੋਂ ਦਿੱਲੀ ਵਿਚ ਕੋਈ ਮੁਕੱਦਮਾ ਹੀ ਨਹੀਂ ਚੱਲ ਰਿਹਾ ਤਾਂ ਇਨ੍ਹਾਂ ਨੂੰ ਇੱਥੇ ਜੇਲ੍ਹ ਵਿਚ ਰੱਖਣ ਦੀ ਤੁਕ ਨਹੀਂ ਰਹਿ ਜਾਂਦੀ। ਪਰ ਅਜੇ ਤੱਕ ਦਿੱਲੀ ਸਰਕਾਰ ਨੇ ਇਸ ਬਾਰੇ ਕੋਈ ਫ਼ੈਸਲਾ ਨਹੀਂ ਲਿਆ ਹੈ।



# Sir Speedy Tustin® Printers to the Community




**Outdoor 3'x11' Promo Flag**

**Only $29/-**

Pole & Spike $55/-




**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW

# ਅਗਲੇ ਡੇਢ ਸਾਲ ਮੋਦੀ ਦੀ ਅਗਨੀ ਪ੍ਰੀਖਿਆ

**ਅਜਿਹਾ ਨਹੀਂ ਹੈ ਕਿ ਮੋਦੀ ਦਾ ਕੋਈ ਬਦਲ ਹੋ ਹੀ ਨਹੀਂ ਸਕਦਾ। ਭਾਜਪਾ 'ਚ ਹੀ ਅਡਵਾਨੀ, ਜੋਸ਼ੀ, ਗਡਕਰੀ, ਰਾਜਨਾਥ ਸਿੰਘ, ਸੁਸ਼ਮਾ ਸਵਰਾਜ, ਸ਼ਿਵਰਾਜ ਚੌਹਾਨ ਜਿਹੇ ਕਈ ਲੋਕ ਹਨ, ਜੋ ਚੰਗੇ ਬਦਲ ਹੋ ਸਕਦੇ ਹਨ, ਪਰ ਇਨ੍ਹਾਂ ਦੇ ਨਾਵਾਂ 'ਤੇ ਵਿਚਾਰ ਹੋਣਾ ਉਦੋਂ ਸ਼ੁਰੂ ਹੋਵੇਗਾ, ਜਦੋਂ ਗੁਜਰਾਤ ਜਿਹੇ ਸੂਬੇ 'ਚ ਭਾਜਪਾ ਦੀ ਸਰਕਾਰ ਡਿੱਗ ਜਾਵੇ, ਜਿਸ ਦੀ ਸੰਭਾਵਨਾ ਘੱਟ ਹੀ ਹੈ। ਪਰ ਇਸ 'ਚ ਸ਼ੱਕ ਨਹੀਂ ਕਿ ਗੁਜਰਾਤ ਚੋਣ ਨੇ ਭਾਜਪਾ ਦੇ ਸਾਹ ਔਖੇ ਕਰ ਦਿੱਤੇ ਹਨ। ਰਾਹੁਲ ਗਾਂਧੀ ਦੀਆਂ ਸਭਾਵਾਂ 'ਚ ਆਉਣ ਵਾਲੀ ਭੀੜ ਅਤੇ ਉਸ ਦੇ ਉਤਸ਼ਾਹ ਨੇ ਭਾਜਪਾ ਦੇ ਕੰਨ ਖੜ੍ਹੇ ਕਰ ਦਿੱਤੇ ਹਨ।**

**ਵੇਦ ਪ੍ਰਤਾਪ ਵੈਦਿਕ***

ਗੁਰਦਾਸਪੁਰ ਦੀ ਸੰਸਦੀ ਜ਼ਿਮਨੀ ਚੋਣ 'ਚ ਭਾਜਪਾ ਦੀ ਕਰਾਰੀ ਹਾਰ ਹੋਈ। ਇਸ ਦੇ ਨਾਲ ਹੀ ਮਹਾਰਾਸ਼ਟਰ ਦੀਆਂ ਕੁੱਝ ਸਥਾਨਕ ਚੋਣਾਂ ਅਤੇ ਇਲਾਹਾਬਾਦ, ਗੁਹਾਟੀ, ਦਿੱਲੀ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀਆਂ ਚੋਣਾਂ 'ਚ ਮਿਲੀ ਹਾਰ ਨੇ ਮੋਦੀ ਸਰਕਾਰ ਲਈ ਪ੍ਰੇਸ਼ਾਨੀ ਖੜ੍ਹੀ ਕਰ ਦਿੱਤੀ ਹੈ। ਹਾਲਾਂਕਿ ਇਹ ਸਰਕਾਰ ਪਿਛਲੇ 30 ਸਾਲਾਂ 'ਚ ਬਣੀ ਸਰਕਾਰਾਂ 'ਚੋਂ ਸਭ ਤੋਂ ਮਜ਼ਬੂਤ ਹੈ। ਪਰ ਰਾਜੀਵ ਗਾਂਧੀ ਦੀ ਸਰਕਾਰ ਜ਼ਿਆਦਾ ਮਜ਼ਬੂਤ ਸੀ। ਉਸ ਕੋਲ ਸੰਸਦ 'ਚ 410 ਸੀਟਾਂ ਸਨ। ਇਨ੍ਹਾਂ ਕੋਲ ਤਾਂ 300 ਸੀਟਾਂ ਵੀ ਨਹੀਂ ਹਨ, ਪਰ ਬੋਫੋਰਸ ਦਾ ਮਾਮਲਾ ਸੁਰਖੀਆਂ 'ਚ ਆ ਗਿਆ ਅਤੇ ਰਾਜੀਵ ਸਰਕਾਰ ਡਾਵਾਂਡੋਲ ਹੋਣ ਲੱਗੀ। ਰਾਜੀਵ ਨੇ 1989 ਦੀ ਜਿਹੜੀ ਚੋਣ ਆਪਣੇ ਹੌਸਲੇ 'ਤੇ ਲੜੀ, ਉਸ 'ਚ ਸੀਟਾਂ ਅੱਧੀਆਂ ਰਹਿ ਗਈਆਂ। ਕੀ ਨਰਿੰਦਰ ਮੋਦੀ ਨੂੰ ਵੀ 2019 'ਚ ਅਜਿਹੀ ਹੀ ਸਥਿਤੀ ਦਾ ਸਾਹਮਣਾ ਕਰਨਾ ਪਵੇਗਾ? ਜਵਾਬ ਆਸਾਨ ਨਹੀਂ ਹੈ। ਪਹਿਲਾ ਕਾਰਨ ਤਾਂ ਇਹ ਹੈ ਕਿ ਮੋਦੀ ਸਰਕਾਰ ਵਿਰੁੱਧ ਭ੍ਰਿਸ਼ਟਾਚਾਰ ਦਾ ਕੋਈ ਵੱਡਾ ਮਾਮਲਾ ਹਾਲੇ ਤਕ ਸਾਹਮਣੇ ਨਹੀਂ ਆਇਆ ਹੈ। ਲੋਕ ਇਹ ਵੀ ਮੰਨਦੇ ਹਨ ਕਿ ਇਸ ਸਰਕਾਰ ਦੇ ਮੰਤਰੀ ਵੀ ਸਾਵਧਾਨ ਹਨ। ਇਸ ਲਈ ਸਰਕਾਰ ਤੋਂ ਜਿਹੜੇ ਲੋਕ ਸੰਤੁਸ਼ਟ ਨਹੀਂ ਹਨ, ਉਨ੍ਹਾਂ ਨੂੰ ਅਗਲੇ ਡੇਢ ਸਾਲ 'ਚ ਕੁੱਝ ਚੰਗੇ ਨਤੀਜਿਆਂ ਦੀ ਉਮੀਦ ਹੈ। ਦੂਜਾ, ਰਾਜੀਵ ਗਾਂਧੀ ਅਚਾਨਕ ਨੇਤਾ ਬਣੇ ਸਨ। ਪ੍ਰਧਾਨ ਮੰਤਰੀ ਅਹੁਦਾ ਹੀ ਉਨ੍ਹਾਂ ਦਾ ਪਹਿਲਾ ਅਹੁਦਾ ਸੀ, ਜਦਕਿ ਮੋਦੀ ਛੋਟੀ ਉਮਰ ਤੋਂ ਹੀ ਰਾਸ਼ਟਰੀ ਸਵੈ ਸੇਵਕ ਸੰਘ ਦੇ ਮੈਂਬਰ ਹੋਣ ਕਾਰਨ ਜਨਤਕ ਜ਼ਿੰਦਗੀ 'ਚ ਸਰਗਰਮ ਰਹੇ। ਭਾਜਪਾ ਦੇ ਅਹੁਦੇਦਾਰ ਅਤੇ ਗੁਜਰਾਤ ਦੇ ਮੁੱਖ ਮੰਤਰੀ ਰਹੇ। ਰਾਜੀਵ ਗਾਂਧੀ ਨੂੰ ਜਿੱਤ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਮਿਲੀ, ਜਦਕਿ ਮੋਦੀ ਨੂੰ ਮਿਲੇ ਵੋਟ ਉਨ੍ਹਾਂ ਦੇ ਆਪਣੇ ਸਨ। ਹਾਲਾਂਕਿ ਉਹ ਕੁਲ ਵੋਟਾਂ ਦੇ ਸਿਰਫ 31 ਫ਼ੀਸਦੀ ਹੀ ਸਨ। ਭਾਜਪਾ ਨੇ ਕਈ ਸੂਬਿਆਂ 'ਚ ਸਰਕਾਰਾਂ ਬਣਾ ਲਈਆਂ।

ਤੀਜਾ, ਇਸ ਸਮੇਂ ਭਾਜਪਾ 'ਤੇ ਮੋਦੀ ਦੀ ਪਕੜ ਮਜ਼ਬੂਤ ਹੈ। ਕੋਈ ਮੰਤਰੀ ਜਾਂ ਪਾਰਟੀ ਅਹੁਦੇਦਾਰ ਇੰਨੀ ਹਿੰਮਤ ਨਹੀਂ ਕਰ ਸਕਦਾ ਕਿ ਉਹ ਅਸਹਿਮਤੀ ਦੀ ਆਵਾਜ਼ ਚੁੱਕ ਸਕੇ ਜਾਂ ਚੁਗਲੀ ਹੀ ਕਰ ਸਕੇ। ਆਰ.ਐਸ.ਐਸ. ਦੇ ਸਨਮਾਨ 'ਚ ਕੋਈ ਢਿੱਲ ਜਾਂ ਗਲਤੀ ਨਹੀਂ ਵਿਖਾਈ ਦੇ ਰਹੀ। ਉਹ ਦਬੀ ਜ਼ੁਬਾਨ 'ਚ




ਮਾਰਗਦਰਸ਼ਨ ਕਰਦਾ ਰਹਿੰਦਾ ਹੈ। ਅਡਵਾਨੀ ਅਤੇ ਡਾ. ਜੋਸ਼ੀ ਵਾਲਾ ਮਾਰਗਦਰਸ਼ਕ ਮੰਡਲ, ਮਾਰਗ ਤਾਂ ਸਿਰਫ ਦਰਸ਼ਨ ਕਰਨ ਲਈ ਬਣਿਆ ਹੈ। ਭਾਜਪਾ 'ਤੇ ਅੱਜ ਮੋਦੀ ਦੀ ਪਕੜ ਉਵੇਂ ਦੀ ਹੈ, ਜਿਵੇਂ 1975-77 'ਚ ਕਾਂਗਰਸ 'ਤੇ ਇੰਦਰਾ ਗਾਂਧੀ ਦੀ ਸੀ। ਚੌਥਾ, ਇੰਦਰਾ ਗਾਂਧੀ ਨੇ 1966 'ਚ ਜਦੋਂ ਸੱਤਾ ਸੰਭਾਲੀ, ਉਦੋਂ ਤੋਂ ਲੈ ਕੇ ਉਨ੍ਹਾਂ ਦੇ ਅੰਤ ਸਮੇਂ ਤਕ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਪਹਿਲਾਂ ਡਾ. ਲੋਹੀਆ, ਫਿਰ ਬਜ਼ੁਰਗ ਕਾਂਗਰਸੀ ਨੇਤਾ ਅਤੇ ਫਿਰ ਜੈਪ੍ਰਕਾਸ਼ ਨਾਰਾਇਣ ਨਾਲ ਉਨ੍ਹਾਂ ਨੂੰ ਟੱਕਰ ਲੈਣੀ ਪਈ। ਪਰ ਮੋਦੀ ਦੇ ਸਾਹਮਣੇ ਕੌਣ ਹੈ? ਨੀਤਿਸ਼ ਹੋ ਸਕਦੇ ਸਨ, ਪਰ ਉਹ ਢੇਰ ਹੋ ਚੁੱਕੇ ਹਨ। ਅਖਿਲੇਸ਼ ਯਾਦਵ ਪਰਿਵਾਰਕ ਤਾਣੇ-ਬਾਣੇ 'ਚ ਉਲਝ ਗਏ। ਮਮਤਾ ਬੈਨਰਜੀ 'ਏਕਲਾ ਚਲੋ' ਦਾ ਹੀ ਗੀਤ ਗਾਉਂਦੀ ਰਹੀ ਹੈ। ਕਮਿਊਨਿਸਟ ਪਾਰਟੀ ਦੇ ਨੇਤਾਵਾਂ ਨੂੰ ਆਪਣੇ ਅੰਦਰੂਨੀ ਦੰਗਲ ਤੋਂ ਹੀ ਵਿਹਲ ਨਹੀਂ ਹੈ। ਮਾਇਆਵਤੀ ਦੀ ਕੋਈ ਗਿਣਤੀ ਹੀ ਨਹੀਂ। ਹੁਣ ਰਹਿ ਗਈ ਕਾਂਗਰਸ। ਉਹ ਇੰਨੀ ਛੋਟੀ ਹੋ ਗਈ ਹੈ ਕਿ ਉਸ ਨੂੰ ਸੰਸਦ 'ਚ ਪੂਰਨ ਵਿਰੋਧੀ ਪਾਰਟੀ ਦਾ ਦਰਜਾ ਵੀ ਪ੍ਰਾਪਤ ਨਹੀਂ ਹੈ। ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਨੂੰ ਜਿਵੇਂ ਦਾ ਸਮਰਥਨ ਮਿਲਿਆ ਸੀ, ਉਸ ਦੇ ਮੁਕਾਬਲੇ ਮੋਦੀ ਦਾ ਸਮਰਥਨ ਬਹੁਤ ਵੱਡਾ ਹੈ। ਇਸ ਲਈ ਉਹ 2019 ਦੀ ਨਹੀਂ, 2024 ਦੀ ਗੱਲ ਕਰਦੇ ਹਨ। ਪੰਜਵਾਂ ਇੰਦਰਾ ਅਤੇ ਰਾਜੀਵ ਨਾਲ ਟੱਕਰ ਲੈਣ ਲਈ 1967, 1977 ਅਤੇ 1989 'ਚ ਵਿਰੋਧੀ ਧਿਰ ਦੀ ਏਕਤਾ ਨੇ ਫੈਸਲਾਕੁਨ ਭੂਮਿਕਾ ਨਿਭਾਈ ਸੀ। ਪਰ ਅੱਜ ਸਾਰਾ ਵਿਰੋਧੀ ਧਿਰ ਇੱਕਜੁਟ ਹੋਣ ਲਈ ਤਿਆਰ ਹੀ ਨਹੀਂ ਹੈ। ਜੇ ਉਹ ਇਕ ਹੋ ਵੀ ਜਾਣ ਤਾਂ ਵੀ ਉਨ੍ਹਾਂ ਕੋਲ ਕੀ ਲੋਹੀਆ ਜਾਂ ਜੈਪ੍ਰਕਾਸ਼ ਜਾਂ ਵਿਸ਼ਵਨਾਥਪ੍ਰਤਾਪ ਸਿੰਘ ਜਿਹਾ ਕੋਈ ਚੰਗਾ ਨੇਤਾ ਹੈ? ਅਜਿਹੇ 'ਚ ਦੇਸ਼ ਦੇ ਲੋਕ, ਜਿੰਨਾ ਵੀ ਅਸੰਤੁਸ਼ਟ ਹੋਣ, ਉਹ ਮੋਦੀ ਦਾ ਬਦਲ ਕਿਸ ਨੂੰ ਬਣਾਉਣਗੇ?

ਅਜਿਹਾ ਨਹੀਂ ਹੈ ਕਿ ਮੋਦੀ ਦਾ ਕੋਈ ਬਦਲ ਹੋ ਹੀ ਨਹੀਂ ਸਕਦਾ। ਭਾਜਪਾ 'ਚ ਹੀ ਅਡਵਾਨੀ, ਜੋਸ਼ੀ, ਗਡਕਰੀ, ਰਾਜਨਾਥ ਸਿੰਘ, ਸੁਸ਼ਮਾ ਸਵਰਾਜ, ਸ਼ਿਵਰਾਜ ਚੌਹਾਨ ਜਿਹੇ ਕਈ ਲੋਕ ਹਨ, ਜੋ ਚੰਗੇ ਬਦਲ ਹੋ ਸਕਦੇ ਹਨ, ਪਰ ਇਨ੍ਹਾਂ ਦੇ ਨਾਵਾਂ 'ਤੇ ਵਿਚਾਰ ਹੋਣਾ ਉਦੋਂ ਸ਼ੁਰੂ ਹੋਵੇਗਾ, ਜਦੋਂ ਗੁਜਰਾਤ ਜਿਹੇ ਸੂਬੇ 'ਚ ਭਾਜਪਾ ਦੀ ਸਰਕਾਰ ਡਿੱਗ ਜਾਵੇ, ਜਿਸ ਦੀ ਸੰਭਾਵਨਾ ਘੱਟ ਹੀ ਹੈ। ਪਰ ਇਸ 'ਚ ਸ਼ੱਕ ਨਹੀਂ ਕਿ ਗੁਜਰਾਤ ਚੋਣ ਨੇ ਭਾਜਪਾ ਦੇ ਸਾਹ ਔਖੇ ਕਰ ਦਿੱਤੇ ਹਨ। ਰਾਹੁਲ ਗਾਂਧੀ ਦੀਆਂ ਸਭਾਵਾਂ 'ਚ ਆਉਣ ਵਾਲੀ ਭੀੜ ਅਤੇ ਉਸ ਦੇ ਉਤਸ਼ਾਹ ਨੇ ਭਾਜਪਾ ਦੇ ਕੰਨ ਖੜ੍ਹੇ ਕਰ ਦਿੱਤੇ ਹਨ। ਜੀ.ਐਸ.ਟੀ. ਤਹਿਤ 27 ਚੀਜ਼ਾਂ 'ਤੇ ਛੋਟ ਦਿੱਤੀ ਗਈ ਹੈ। ਉਨ੍ਹਾਂ 'ਚ ਗੁਜਰਾਤੀ ਕਾਰੋਬਾਰੀਆਂ ਦਾ ਵਿਸ਼ੇਸ਼ ਜ਼ਿਕਰ ਹੈ। ਗੁਜਰਾਤ ਦੀ ਚੋਣ ਮਿਤੀ ਦੇ ਐਲਾਨ 'ਚ ਦੇਰੀ ਕਰਕੇ ਚੋਣ ਕਮਿਸ਼ਨ ਨੇ ਭਾਜਪਾ ਦੀ ਰਾਹ ਆਸਾਨ ਕਰ ਦਿੱਤੀ ਹੈ। ਗੁਜਰਾਤੀ ਵੋਟਾਂ ਨੂੰ ਅਰਬਾਂ ਰੁਪਏ ਦੇ ਲੌਲੀਪੌਪ ਦਿੱਤੇ ਜਾ ਰਹੇ ਹਨ।

ਗੁਜਰਾਤ ਦੀ ਚੋਣ ਮੁਹਿੰਮ ਨੇ ਰਾਹੁਲ ਦੀ ਤਸਵੀਰ ਨੂੰ ਥੋੜ੍ਹਾ ਬਹੁਤ ਸੁਧਾਰ ਦਿੱਤਾ ਹੈ। ਪਰ ਮੋਦੀ ਵੱਲੋਂ ਗੁਜਰਾਤੀ ਸਵੈ-ਮਾਣ ਦੀ ਗੱਲ ਛੇੜਨਾ ਅਤੇ ਗੁਜਰਾਤ 'ਚ ਪੈਦਾ ਹੋਏ ਗਾਂਧੀ, ਪਟੇਲ, ਮੋਰਾਰਜੀ, ਮਾਧਵ ਸਿੰਘ ਸੋਲੰਕੀ ਜਿਹੇ ਨੇਤਾਵਾਂ ਨਾਲ ਕੀਤੀ ਗਈ ਕਾਂਗਰਸ ਦੀ ਬੇਇਨਸਾਫੀ ਦੇ ਮਾਮਲੇ ਨੂੰ ਚੁੱਕਣਾ ਕਾਫੀ ਮਦਦਗਾਰ ਹੋ ਸਕਦਾ ਹੈ। ਮੰਨ ਲਓ ਕਿ ਭਾਜਪਾ ਗੁਜਰਾਤ ਨੂੰ ਜਿੱਤ ਲਵੇਗੀ, ਫਿਰ ਵੀ ਅਗਲਾ ਡੇਢ ਸਾਲ ਮੋਦੀ ਸਰਕਾਰ ਦੀ ਅਗਨੀ ਪ੍ਰੀਖਿਆ ਦਾ ਸਮਾਂ ਰਹੇਗਾ। ਲਗਭਗ ਅੱਧਾ ਦਰਜਨ ਸੂਬਿਆਂ 'ਚ ਚੋਣਾਂ ਅਗਲੇ ਸਾਲ ਹੋਣੀਆਂ ਹਨ। ਇਨ੍ਹਾਂ ਸਾਰੀਆਂ ਚੋਣਾਂ 'ਚ ਇਕ ਮੁੱਖ ਪ੍ਰਚਾਰਕ ਨਰਿੰਦਰ ਮੋਦੀ ਹੀ ਹੋਣਗੇ, ਜਿਵੇਂ ਬਿਹਾਰ, ਅਸਾਮ, ਉੱਤਰ ਪ੍ਰਦੇਸ਼ 'ਚ ਵੀ ਰਹੇ ਹਨ। ਅਜਿਹੇ 'ਚ ਸ਼ਾਸਨ ਚਲਾਉਣ ਲਈ ਉਹ ਕਿੰਨਾ ਸਮਾਂ ਦੇਣਗੇ, ਇਹ ਵੇਖਣਾ ਹੋਵੇਗਾ।

ਪਿਛਲੇ ਤਿੰਨ ਸਾਲ 'ਚ ਇਸ ਸਰਕਾਰ ਨੇ ਜੋ ਵੀ ਇਤਿਹਾਸਕ ਕਦਮ ਚੁੱਕੇ ਹਨ, ਉਨ੍ਹਾਂ ਦਾ ਉਦੇਸ਼ ਤਾਂ ਲੋਕਾਂ ਦੀ ਭਲਾਈ ਹੀ ਸੀ, ਪਰ ਉਨ੍ਹਾਂ ਦੇ ਫੌਰੀ ਨਤੀਜੇ ਕੁੱਝ ਚੰਗੇ ਨਹੀਂ ਆਏ ਹਨ। ਨੋਟਬੰਦੀ ਅਤੇ ਜੀ.ਐਸ.ਟੀ. ਕਾਰਨ ਸਰਕਾਰ ਦੀ ਜੇਬ ਤਾਂ ਮੋਟੀ ਹੋ ਰਹੀ ਹੈ, ਪਰ ਲੱਖਾਂ ਲੋਕ ਬੇਰੁਜ਼ਗਾਰ ਹੋਏ ਹਨ। ਸੈਂਕੜੇ ਲੋਕ ਮੌਤ ਦੇ ਸ਼ਿਕਾਰ ਹੋਏ ਹਨ ਅਤੇ ਕਈ ਕੰਮ-ਧੰਦੇ ਬੰਦ ਹੋ ਗਏ ਹਨ। ਦੇਸ਼ ਦੇ ਸਮਾਜਿਕ ਅਤੇ ਸਭਿਆਚਾਰਕ ਢਾਂਚੇ 'ਚ ਜੋ ਮੌਲਿਕ ਪਰਿਵਰਤਨ ਆਏ ਸਨ, ਉਹ ਸੁਪਨਾ ਬਣ ਕੇ ਰਹਿ ਗਏ ਹਨ। ਰਾਜਨੀਤਕ ਢਾਂਚੇ, ਚੋਣ ਪ੍ਰੀਕਿਰਿਆ, ਪਾਰਟੀ ਲੋਕਤੰਤਰ 'ਚ ਜੋ ਬੁਨਿਆਦੀ ਸੁਧਾਰ ਹੋਣੇ ਸਨ, ਉਨ੍ਹਾਂ ਦਾ ਕੋਈ ਨਾਂ ਤਕ ਨਹੀਂ ਲੈਂਦਾ। ਸਭਿਆਚਾਰਕ ਰਾਸ਼ਟਰਵਾਦ 'ਤੇ ਅਮਲ ਹੋਣਾ ਤਾਂ ਦੂਰ, ਦੇਸ਼ 'ਚ ਫਿਰਕੂਵਾਦ, ਜਾਤੀ ਤਣਾਅ, ਪੱਛਮ ਦੀ ਨਕਲ, ਅੰਗਰੇਜ਼ੀ ਦਾ ਦਬਦਬਾ ਅਤੇ ਹੇਠਲੇ ਪੱਧਰ 'ਤੇ ਭ੍ਰਿਸ਼ਟਾਚਾਰ ਹਾਲੇ ਵੀ ਮੌਜੂਦ ਹਨ। ਵਿਦੇਸ਼ ਨੀਤੀ ਦੇ ਖੇਤਰ 'ਚ ਬੇਭਰੋਸਗੀ ਦਾ ਮਾਹੌਲ ਬਣਿਆ ਹੋਇਆ ਹੈ। ਗੁਆਂਢੀ ਦੇਸ਼ਾਂ ਨਾਲ ਸਾਡੇ ਸੰਬੰਧ ਠੀਕ ਨਹੀਂ ਹਨ। ਚੀਨ ਨੇ ਵੀ ਪਲਟੀ ਮਾਰ ਲਈ ਅਤੇ ਅਮਰੀਕਾ ਦੇ ਡੋਨਲਡ ਟਰੰਪ ਦਾ ਕੋਈ ਭਰੋਸਾ ਨਹੀਂ। ਅਜਿਹੇ 'ਚ 2019 ਤਕ ਪਤਾ ਨਹੀਂ, ਦੇਸ਼ ਦੀ ਸਥਿਤੀ ਕੀ ਹੋਵੇਗੀ? ਉਦੋਂ ਬਦਲ ਦਾ ਸਵਾਲ ਉਠੇ ਤਾਂ ਉਠੇ।

*ਭਾਰਤੀ ਵਿਦੇਸ਼ ਨੀਤੀ ਪ੍ਰੀਸ਼ਦ ਦੇ ਮੁਖੀ

dr.vaidik@gmail.com

# ਸਰਦਾਰੀ ਤੇ ਰੁਤਬੇ ਬਰਕਰਾਰ ਰੱਖਣ ਲਈ ਮਹਾਰਾਜਿਆਂ ਨੇ ਵਿਕਟੋਰੀਆ ਦੇ ਲਾਡਲੇ ਅੱਗੇ ਵਰ੍ਹਾਇਆ ਸੀ ਤੋਹਫ਼ਿਆਂ ਦਾ ਮੀਂਹ

**ਚੰਡੀਗੜ੍ਹ/ ਵਿਕਰਮਦੀਪ ਜੌਹਲ :** ਮਹਾਰਾਣੀ ਵਿਕਟੋਰੀਆ, ਜੋ ਤਕਰੀਬਨ 25 ਵਰ੍ਹੇ ਭਾਰਤ ਦੀ ਸ਼ਾਸਕ ਰਹੀ, ਨੇ ਕਦੇ ਵੀ ਇਸ ਉਪ-ਮਹਾਦੀਪ 'ਤੇ ਪੈਰ ਨਹੀਂ ਧਰਿਆ ਸੀ। ਹਾਲਾਂਕਿ ਉਨ੍ਹਾਂ ਦੇ ਵੱਡੇ ਪੁੱਤਰ ਸ਼ਹਿਜ਼ਾਦਾ ਐਡਵਰਡ, ਜੋ ਬਾਅਦ ਵਿੱਚ ਮਹਾਰਾਜਾ ਐਡਵਰਡ 7ਵਾਂ ਬਣਿਆ, ਨਵੰਬਰ 1875 ਵਿੱਚ ਚਾਰ ਮਹੀਨਿਆਂ ਦੀ ਲੰਬੀ ਫੇਰੀ ਉਤੇ ਭਾਰਤ ਆਇਆ ਸੀ। ਸੰਨ 1876 ਵਿੱਚ ਪੰਜਾਬ ਫੇਰੀ ਦੌਰਾਨ ਸ਼ਹਿਜ਼ਾਦੇ ਉਤੇ ਸੂਬੇ ਦੀਆਂ ਰਿਆਸਤਾਂ ਦੇ ਸ਼ਾਸਕਾਂ ਨੇ ਤੋਹਫ਼ਿਆਂ ਦਾ ਮੀਂਹ ਵਰ੍ਹਾਇਆ ਸੀ।

ਲੈਸਟਰ ਵਿੱਚ 'ਸਿੱਖ ਹਥਿਆਰਾਂ ਤੇ ਬਖ਼ਤਰਬੰਦ' ਬਾਰੇ ਭਾਸ਼ਣ ਵਿੱਚ ਯੂਕੇ ਰਹਿੰਦੇ ਇਤਿਹਾਸਕਾਰ ਤੇ ਲੇਖਕ ਗੁਰਿੰਦਰ ਸਿੰਘ ਮਾਨ ਨੇ ਦੱਸਿਆ ਕਿ ਕਿਵੇਂ ਇਹ ਵਸਤਾਂ ਸ਼ਾਹੀ ਸੰਗ੍ਰਹਿ ਦਾ ਹਿੱਸਾ ਬਣੀਆਂ। ਇਹ ਤਕਰੀਰ ਬਰਤਾਨੀਆ ਵਿੱਚ ਸਾਲ ਭਰ ਚੱਲਣ ਵਾਲੀ ਪ੍ਰਦਰਸ਼ਨੀ 'ਉਪ-ਮਹਾਦੀਪ ਦੇ ਜਲੌਅ: ਸ਼ਹਿਜ਼ਾਦੇ ਦੀ ਭਾਰਤ ਫੇਰੀ 1875-76' ਦਾ ਹਿੱਸਾ ਸੀ। ਗੁਰਿੰਦਰ ਸਿੰਘ ਮਾਨ, ਜੋ ਸਿੱਖ ਮਿਊਜ਼ੀਅਮ ਇਨੀਸ਼ੀਏਟਿਵ ਦੇ ਮੁਖੀ ਹਨ, ਨੇ ਦੱਸਿਆ, 'ਆਪਣੀ ਸਰਦਾਰੀ ਅਤੇ ਰੁਤਬੇ ਬਰਕਰਾਰ ਰੱਖਣ ਲਈ ਇਨ੍ਹਾਂ ਮਹਾਰਾਜਿਆਂ ਦਾ ਬਹੁਤ ਕੁੱਝ



ਦਾਅ 'ਤੇ ਲੱਗਾ ਹੋਇਆ ਸੀ। ਇਸ ਵਾਸਤੇ ਸ਼ਹਿਜ਼ਾਦੇ ਐਡਵਰਡ ਰਾਹੀਂ ਮਹਾਰਾਣੀ ਵਿਕਟੋਰੀਆ ਨੂੰ ਖ਼ਜ਼ਾਨਾ ਭੇਟ ਕਰਨ ਦੀ ਦੌੜ ਲੱਗੀ ਹੋਈ ਸੀ।'

ਇਹ ਤੋਹਫ਼ੇ ਭੇਟ ਕਰਨ ਵਾਲਿਆਂ ਵਿੱਚ ਪਟਿਆਲਾ ਦੇ ਮਹਾਰਾਜਾ ਮਹਿੰਦਰ ਸਿੰਘ, ਜੀਂਦ ਦੇ ਮਹਾਰਾਜਾ ਰਘੁਬੀਰ ਸਿੰਘ, ਫ਼ਰੀਦਕੋਟ ਦੇ ਮਹਾਰਾਜਾ ਬਿਕਰਮ ਸਿੰਘ, ਨਾਭਾ ਦੇ ਮਹਾਰਾਜਾ ਹੀਰਾ ਸਿੰਘ ਅਤੇ ਕਪੂਰਥਲਾ ਦੇ ਮਹਾਰਾਜਾ ਖੜਕ ਸਿੰਘ ਸ਼ਾਮਲ ਸਨ। ਮਹਿੰਦਰ ਸਿੰਘ, ਜੋ ਪਟਿਆਲਾ ਦੇ ਸਰਕਾਰੀ ਮਹਿੰਦਰਾ ਕਾਲਜ ਦੇ ਬਾਨੀ ਸਨ, ਨੇ ਗੈਂਡੇ ਦੀ ਖੱਲ ਦੀ ਬਣੀ ਢਾਲ ਭੇਟ ਕੀਤੀ ਸੀ। ਇਸ ਢਾਲ 'ਚ ਹੀਰੇ ਜੜੇ ਗਏ ਸਨ ਅਤੇ ਮੀਨਾਕਾਰੀ ਕੀਤੀ ਹੋਈ ਸੀ। ਇਸ ਤੋਂ ਕੁੱਝ ਸਮੇਂ ਬਾਅਦ ਹੀ ਮਹਾਰਾਜੇ ਦੀ 23 ਸਾਲ ਦੀ ਉਮਰ ਵਿੱਚ ਮੌਤ ਹੋ ਗਈ ਸੀ। ਜੀਂਦ ਦੇ ਮਹਾਰਾਜਾ ਨੇ 'ਯੂਰੋਪੀਅਨ ਬਲੇਡ ਅਤੇ ਸੋਨੇ ਦੀ ਮੁੱਠ' ਵਾਲੀ ਤਲਵਾਰ ਤੋਹਫੇ ਵਿੱਚ ਦਿੱਤੀ ਸੀ। ਉਂਗਲਾਂ ਨੂੰ ਬਚਾਉਣ ਵਾਲੇ ਗਾਰਡ ਅਤੇ ਮੁੱਠੇ ਦੇ ਸਿਰੇ 'ਤੇ ਹੀਰੇ, ਲਾਲ ਅਤੇ ਪੰਨਾ ਜੜੇ ਹੋਏ ਹਨ। ਇਸ ਤਲਵਾਰ ਦੇ ਸੁਰਖ ਮਖਮਲ ਵਿੱਚ ਲਿਪਟੇ ਲੱਕੜ ਦੇ ਮਿਆਨ ਉਤੇ ਸੋਨੇ ਦੀ ਪੱਟੀ ਲਗਾ ਕੇ ਉਸ 'ਤੇ ਲਾਲ ਤੇ ਹੀਰੇ ਜੜੇ ਹੋਏ ਹਨ। ਇਸ ਰੁਝੇਵਿਆਂ ਭਰੀ ਫੇਰੀ, ਜਿਸ ਨੂੰ ਸਫ਼ਾਰਤੀ ਤੌਰ 'ਤੇ ਸਫ਼ਲ ਦੱਸਿਆ ਗਿਆ ਸੀ, ਦੌਰਾਨ ਸ਼ਹਿਜ਼ਾਦੇ ਐਡਵਰਡ ਨੇ ਇਸ ਮਹਾਰਾਜੇ ਨੂੰ 'ਭਾਰਤ ਦਾ ਸਿਤਾਰਾ' ਐਜਾਜ਼ ਦਿੱਤਾ ਸੀ। ਗੁਰਿੰਦਰ ਸਿੰਘ ਮਾਨ ਨੇ ਸ਼ਾਹੀ ਸੰਗ੍ਰਹਿ ਵਿੱਚ ਚੱਕਰ ਤੇ ਛਾਤੀ ਕਵਚ ਸਮੇਤ ਪਏ ਸਿੱਖਾਂ ਦੇ ਹੋਰ ਹਥਿਆਰਾਂ ਬਾਰੇ ਵੀ ਜਾਣਕਾਰੀ ਦਿੱਤੀ। ਇਨ੍ਹਾਂ ਵਿੱਚੋਂ ਜ਼ਿਆਦਾਤਰ ਵਸਤਾਂ ਹੁਣ ਨੌਰਫੋਕ ਵਿੱਚ ਮਹਾਰਾਣੀ ਦੀ ਅਸਟੇਟ ਸੈਂਡਰਿੰਘਮ ਹਾਊਸ ਤੋਂ ਇਲਾਵਾ ਵਿੰਡਸਰ ਕਾਸਲ ਅਤੇ ਟਾਵਰ ਆਫ ਲੰਡਨ ਵਿੱਚ ਰੱਖੀਆਂ ਗਈਆਂ ਹਨ।

## ਵਿਸ਼ਵ ਨਿਸ਼ਾਨੇਬਾਜ਼ੀ 'ਚ ਹੀਨਾ ਸਿੱਧੂ ਤੇ ਜੀਤੂ ਰਾਏ ਨੇ ਭਾਰਤ ਦੀ ਝੋਲੀ ਪਾਏ ਸੋਨ ਤਗਮੇ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਜੀਤੂ ਰਾਏ ਤੇ ਹੀਨਾ ਸਿੱਧੂ ਨੇ ਅੰਤਰਰਾਸ਼ਟਰੀ ਨਿਸ਼ਾਨੇਬਾਜ਼ੀ ਖੇਡ ਸੰਘ (ਆਈ.ਐਸ.ਐਸ.ਐਫ.) ਵਿਸ਼ਵ ਕੱਪ ਫਾਈਨਲ ਵਿਚ ਇੱਥੇ ਭਾਰਤ ਨੂੰ ਪਹਿਲਾ ਸੋਨ ਤਗਮਾ ਦਿਵਾਉਂਦੇ ਹੋਏ 10 ਮੀਟਰ ਏਅਰ ਪਿਸਟਲ ਮਿਕਸ ਟੀਮ ਮੁਕਾਬਲੇਬਾਜ਼ੀ ਵਿਚ ਬਾਜ਼ੀ ਮਾਰੀ। ਰਾਸ਼ਟਰਮੰਡਲ ਤੇ ਏਸ਼ੀਆਈ ਖੇਡਾਂ ਦੇ ਸੋਨ ਤਗਮਾ ਜੇਤੂ ਰਾਏ ਤੇ ਸਾਬਕਾ ਰਾਸ਼ਟਰਮੰਡਲ ਖੇਡ ਸੋਨ ਤਗਮਾ ਜੇਤੂ ਸਿੱਧੂ ਦਾ ਮਿਕਸ ਟੀਮ ਮੁਕਾਬਲੇ ਵਿਚ ਇਹ ਤੀਜਾ ਸੋਨ ਤਗਮਾ ਹੈ। ਆਈ. ਐਸ.ਐਸ.ਐਫ. ਵਿਸ਼ਵ ਕੱਪ ਵਿਚ ਪਹਿਲੀ ਵਾਰ ਅਧਿਕਾਰਕ ਤੌਰ 'ਤੇ ਮਿਕਸ ਟੀਮ ਮੁਕਾਬਲੇ ਨੂੰ ਸ਼ਾਮਲ ਕੀਤਾ ਗਿਆ ਹੈ। ਟੋਕਿਓ ਉਲੰਪਿਕ-2020 ਵਿਚ ਪਹਿਲੀ ਵਾਰ ਮਿਕਸ ਟੀਮ ਮੁਕਾਬਲੇ ਨੂੰ ਜੋੜਿਆ ਜਾਵੇਗਾ। ਰਾਏ ਤੇ ਸਿੱਧੂ ਕੁਆਲੀਫਾਇੰਗ ਦੌਰ ਵਿਚ ਚੋਟੀ 'ਤੇ ਰਹਿ ਕੇ ਫਾਈਨਲ ਵਿਚ ਪਹੁੰਚੇ ਤੇ ਉਨ੍ਹਾਂ ਨੇ ਫਰਾਂਸ ਨੂੰ ਹਰਾ ਕੇ ਸੋਨ ਤਗਮਾ ਜਿੱਤਿਆ, ਜਦਕਿ ਚੀਨ ਨੂੰ ਕਾਂਸੇ ਦੇ ਤਗਮੇ ਨਾਲ ਸੰਤੁਸ਼ਟ ਰਹਿਣਾ ਪਿਆ। ਆਈ.ਐਸ.ਐਸ.ਐਫ. ਵਿਸ਼ਵ ਕੱਪ ਫਾਈਨਲ (ਰਾਈਫਲ/ ਪਿਸਟਲ/ ਸ਼ਾਟਗਨ) ਦੀ ਸ਼ੁਰੂਆਤ ਦਿੱਲੀ ਦੇ ਕਰਣੀ ਸਿੰਘ ਸ਼ੂਟਿੰਗ ਰੇਂਜ ਵਿਚ ਹੋਈ।

# ਯੂਥ ਅਕਾਲੀ ਦਲ ਨੇ ਭਿਆਨਕ ਅੱਗ ਨਾਲ ਬੇਘਰ ਹੋਏ ਲੋੜਵੰਦਾਂ ਨੂੰ ਸਹਾਇਤਾ ਸਮੱਗਰੀ ਵੰਡੀ

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼:**

ਯੂਥ ਅਕਾਲੀ ਦਲ ਵੈਸਟ ਕੋਸਟ ਅਮਰੀਕਾ ਨੇ ਸੈਂਟਾ ਰੋਜ਼ਾ 'ਚ ਲੱਗੀ ਭਿਆਨਕ ਅੱਗ ਤੋਂ ਬਾਅਦ ਬੇਘਰੇ ਹੋਏ ਲੋੜਵੰਦਾਂ ਨੂੰ ਕੰਬਲ, ਬੱਚਿਆਂ ਦਾ ਸਮਾਨ ਤੇ ਹੋਰ ਸਹਾਇਤਾ ਸਮੱਗਰੀ ਕੀਤੀ ਭੇਂਟ। ਵਰਨਣਯੋਗ ਹੈ ਕਿ ਕੈਲੀਫੋਰਨੀਆ ਦੇ ਸੈਂਟਾ ਰੋਜ਼ਾ ਅਤੇ ਲਾਗਲੇ ਇਲਾਕੇ 'ਚ ਬੀਤੇ ਦਿਨੀਂ ਲੱਗੀ ਭਿਆਨਕ ਅੱਗ ਨੇ ਕਰੀਬ 7 ਹਜ਼ਾਰ ਘਰਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਸੀ, ਉਥੇ ਕਈ ਲੋਕ ਇਸ ਅੱਗ ਦੇ ਹੋਏ ਨੁਕਸਾਨ ਕਾਰਨ ਸੜਕਾਂ ਤੇ ਆ ਗਏ। ਆਪਣੇ ਘਰਾਂ 'ਚ ਅਰਾਮ ਦੀ



ਨੀਂਦ ਸੌਣ ਵਾਲੇ ਇਨ੍ਹਾਂ ਲੋਕਾਂ 'ਤੇ ਕੁਦਰਤ ਦਾ ਕਹਿਰ ਹਰ ਇਕ ਨੂੰ ਹਲੂਣ ਕੇ ਰੱਖ ਗਿਆ। ਇਨ੍ਹਾਂ ਬੇਘਰੇ ਲੋਕਾਂ ਦੀ ਸਹਾਇਤਾ ਲਈ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਕੋਸਟ ਨੇ ਬੀਤੇ ਦਿਨ ਚੀਫ਼ ਕੋਆਰਡੀਨੇਟਰ ਯੂਥ ਵਿੰਗ ਅਮਰੀਕਾ ਅਰਵਿੰਦਰ ਸਿੰਘ ਲਾਖਨ ਦੀ ਅਗਵਾਈ 'ਚ ਸਨੋਮਾ ਕਾਊਂਟੀ ਦੇ ਸੁਪਰਵਾਈਜ਼ਰ ਸ੍ਰੀ ਜੇਮਜ਼ ਗੋਰ ਨੂੰ ਇਹ ਸਹਾਇਤਾ ਭੇਂਟ ਕੀਤੀ ਅਤੇ ਸ੍ਰੀ ਜੇਮਜ਼ ਗੋਰ ਨਾਲ ਅੱਗ ਦੀ ਲਪੇਟ 'ਚ ਆਏ ਇਲਾਕੇ ਅਤੇ ਸੜੇ ਘਰਾਂ ਦਾ ਨਿਰੀਖਣ ਵੀ ਕੀਤਾ। ਇਸ ਮੌਕੇ ਸ੍ਰੀ ਜੇਮਜ਼ ਗੋਰ ਨੇ ਕਿਹਾ ਕਿ ਜੋ ਪਾਰਟੀ ਬੇਸਹਾਰਾ ਤੇ ਲੋੜਵੰਦਾਂ ਦੀ ਮੱਦਦ ਕਰਨਾ ਸਿਖਾਉਂਦੀ ਹੈ, ਉਹ ਪਾਰਟੀ ਵਾਕਿਆ ਹੀ ਕਾਬਲੇ ਤਾਰੀਫ਼ ਹੋਵੇਗੀ। ਇਸ ਤੋਂ ਇਲਾਵਾ ਯੂਥ ਆਗੂਆਂ ਨੇ ਸੈਂਟਾਰੋਜ਼ਾ ਗੁਰੂ ਨੂੰ ਵੀ ਮਾਇਕ ਸਹਾਇਤਾ ਭੇਂਟ ਕੀਤੀ ਜਿਸ ਤੇ ਗੁਰੂਘਰ ਪ੍ਰਧਾਨ ਸ. ਮੰਗਲ ਸਿੰਘ ਢਿੱਲੋਂ ਨੇ ਸਮੂਹ ਯੂਥ ਆਗੂਆਂ ਦਾ ਸਿਰੋਪਾਓ ਭੇਂਟ ਕਰਕੇ ਸਨਮਾਨ ਕੀਤਾ। ਇਸ ਮੌਕੇ ਰਵਿੰਦਰ ਸਿੰਘ ਬੋਇਲ ਮਕਸੂਦਪੁਰ ਪ੍ਰਧਾਨ ਯੂਥ ਵਿੰਗ ਵੈਸਟ ਕੋਸਟ, ਪਰਮਿੰਦਰਪਾਲ ਸਿੰਘ ਰਾਠੌਰ ਸਕੱਤਰ ਜਨਰਲ ਯੂਥ ਵਿੰਗ ਵੈਸਟ ਕੋਸਟ, ਸੁਖਵਿੰਦਰ ਸਿੰਘ ਹੁੰਦਲ ਪ੍ਰਧਾਨ ਔਰੇਗਨ ਸਟੇਟ, ਸਤਵੀਰ ਸਿੰਘ ਹੀਰ ਮੀਡੀਆ ਇੰਚਾਰਜ ਵੈਸਟ ਕੋਸਟ, ਸੁਖਵਿੰਦਰ ਸਿੰਘ ਮੱਲ੍ਹੀਆਂ ਸੀਨੀਅਰ ਯੂਥ ਆਗੂ ਸਨੋਮਾ ਕਾਊਂਟੀ, ਅਵਤਾਰ ਸਿੰਘ ਬੋਇਲ, ਗੁਲਜ਼ਾਰ ਸਿੰਘ, ਬਿੱਟੂ ਚੌਹਾਨ, ਬੌਬੀ ਬੀਸਲਾ, ਜੋਤੀ ਨਵਾਂਸ਼ਹਿਰ ਤੇ ਕੁਲਵੀਰ ਸਿੰਘ ਦੁਸਾਂਝ ਹਾਜ਼ਰ ਸਨ।

### 48ਵੀਂ ਬਰਸੀ ਤੇ ਵਿਸ਼ੇਸ਼

# ਅਰਦਾਸ ਦੀ ਮਹਾਨਤਾ ਦਰਸ਼ਨ ਸਿੰਘ ਫੇਰੂਮਾਨ

**ਜਸਵੰਤ ਸਿੰਘ ਸੰਧੂ**

ਆਜ਼ਾਦੀ ਤੋਂ ਪਹਿਲਾਂ ਸਾਡੇ ਦੇਸ਼ ਦੇ ਮਹਾਨ ਲੀਡਰਾਂ ਨੇ ਰਾਵੀ ਦੇ ਕੰਢੇ ਲਾਹੌਰ ਵਿਖੇ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਅਤੇ ਦੇਸ਼ ਵਾਸੀਆਂ ਨਾਲ ਵਾਅਦਾ ਕੀਤਾ ਕਿ ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਾਰੇ ਸੂਬਿਆਂ ਦਾ ਭਾਸ਼ਾ ਦੇ ਅਧਾਰ ਤੇ ਪੁਨਰ ਗਠਨ ਕਰ ਦਿੱਤਾ ਜਾਵੇਗਾ। ਪੰਜਾਬੀਆਂ ਤੇ ਖ਼ਾਸ ਕਰ ਸਿੱਖਾਂ ਨਾਲ ਤਾਂ ਇਹ ਵੀ ਵਾਅਦਾ ਕੀਤਾ ਗਿਆ ਕਿ ਉੱਤਰੀ ਭਾਰਤ ਵਿਚ ਸਿੱਖਾਂ ਨੂੰ ਇਕ ਅਜਿਹਾ ਖਿੱਤਾ ਦਿੱਤਾ ਜਾਵੇਗਾ ਜਿੱਥੇ ਉਹ ਵੀ ਆਜ਼ਾਦੀ ਦਾ ਨਿੱਘ ਮਾਣ ਸਕਣ।

ਆਜ਼ਾਦੀ ਵਾਸਤੇ ਪੰਜਾਬੀਆਂ (ਖਾਸ ਕਰ ਸਿੱਖਾਂ ਨੇ) 90 ਫ਼ੀ ਸਦੀ ਕੁਰਬਾਨੀਆਂ ਕੀਤੀਆਂ। 15 ਅਗਸਤ 1947 ਨੂੰ ਦੇਸ਼ ਆਜ਼ਾਦ ਹੋ ਗਿਆ। ਬਦਕਿਸਮਤੀ ਨਾਲ ਪੰਜਾਬ ਵੰਡਿਆ ਗਿਆ। ਪੱਛਮੀ ਪੰਜਾਬ (ਪਾਕਿਸਤਾਨ) 'ਚ ਉਜੜ ਕੇ ਪੰਜਾ ਬੀਆ ਨੂੰ ਪੂਰਬੀ ਪੰਜਾਬ (ਭਾਰਤ) ਵਿਚ ਆਉਣਾ ਪਿਆ। ਅਕਤੂਬਰ 1947 ਵਿਚ ਭਾਰਤ ਸਰਕਾਰ ਨੇ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਰਾਹੀਂ ਇਕ ਆਰਡੀਨੈਂਸ ਜਾਰੀ ਕੀਤਾ ਗਿਆ, ਜਿਸ ਵਿਚ ਸਿੱਖ ਕੌਮ ਨੂੰ ਜਰਾਇਮ ਪੇਸ਼ਾ ਕੌਮ ਕਰਾਰ ਦਿੱਤਾ ਗਿਆ। ਜੋ ਲੋਕ ਆਪਣੇ ਲਹੂ ਪਸੀਨੇ ਨਾਲ ਆਬਾਦ ਕੀਤੇ, ਲਾਇਲਪੁਰ ਤੇ ਮਿੰਟਗੁਮਰੀ 'ਚ ਮੁਰੱਬੇ ਛੱਡ ਕੇ, ਧੀਆਂ ਭੈਣਾਂ ਖੁਹਾ ਕੇ, ਅਸਹਿ ਤੇ ਅਕਹਿ ਜ਼ੁਲਮ ਸਹਿ ਕੇ ਪੂਰਬੀ ਪੰਜਾਬ (ਭਾਰਤ) ਪੁੱਜੇ ਸਨ, ਉਨ੍ਹਾਂ ਤੇ ਖਾਸ ਨਜ਼ਰ ਰੱਖਣ ਲਈ ਕਿਹਾ ਗਿਆ ਪੂਰਬੀ ਪੰਜਾਬ ਵਿਚ ਇਸ ਆਰਡੀਨੈਂਸ ਦਾ ਵਿਰੋਧ ਕਾਂਗੜੇ ਦੇ ਤਤਕਾਲੀਨ ਸਿੱਖ ਡਿਪਟੀ ਕਮਿਸ਼ਨਰ ਤੇ ਮਹਾਨ ਸਿੱਖ ਵਿਦਵਾਨ ਕਪੂਰ ਸਿੰਘ ਆਈ.ਸੀ.ਐਸ. ਨੇ ਕੀਤਾ। ਇਸ ਵਿਰੋਧ ਕਾਰਨ ਹੀ ਉਨ੍ਹਾਂ ਨੂੰ ਡਿਪਟੀ ਕਮਿਸ਼ਨਰ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਗਿਆ। ਸਿਵਾਏ ਮਦਰਾਸ (ਅਜਕਲ੍ਹ ਤਾਮਲਿਨਾਡੂ) ਅਤੇ ਪੰਜਾਬ ਦੇ ਭਾਰਤ ਵਿਚ ਸਾਰੇ ਸੂਬਿਆਂ ਦਾ ਭਾਸ਼ਾ ਦੇ ਆਧਾਰ ਤੇ ਪੁਨਰ ਗਠਨ ਕਰ ਦਿੱਤਾ ਗਿਆ। ਮਦਰਾਸ ਨੂੰ ਭਾਸ਼ਾ ਦੇ ਆਧਾਰ ਤੇ ਸੂਬਾ ਉਸ ਵਕਤ ਬਣਾ ਦਿੱਤਾ ਗਿਆ ਜਦ ਰਮੋਲੋ ਨਾਂ ਦੇ ਇਕ ਮਦਰਾਸੀ ਨੇ ਭਾਸ਼ਾਈ ਸੂਬਾ ਬਨਾਉਣ ਲਈ ਆਤਮਦਾਹ ਕਰ ਲਿਆ ਪਰ ਪੰਜਾਬੀ ਸੂਬਾ ਨਾ ਬਣਾਇਆ।

ਜਦ ਪੰਜਾਬ ਦੇ ਅਕਾਲੀ ਲੀਡਰਾਂ ਨੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਆਜ਼ਾਦੀ ਤੋਂ ਪਹਿਲਾਂ ਦਾ ਕੀਤਾ ਵਾਅਦਾ ਯਾਦ ਕਰਾਇਆ ਤਾਂ ਨਹਿਰੂ ਸਾਹਿਬ ਨੇ ਇਕ ਵਾਕ ਨਾਲ ਹੀ ਗੱਲ ਮੁਕਾ ਦਿੱਤੀ ਕਿ "ਹੁਣ ਹਾਲਾਤ ਬਦਲ ਗਏ ਹਨ"।

ਅਖੀਰ ਸ੍ਰਅਕਾਲੀ ਦਲ ਨੇ ਪੰਜਾਬ ਨਾਲ ਇਸ ਵਿਤਕਰੇ ਦੇ ਖਿਲਾਫ਼ ਪੰਜਾਬੀ ਸੂਬਾ ਬਨਾਉਣ ਲਈ ਮੋਰਚਾ ਲਾ ਦਿੱਤਾ। ਸਰਕਾਰ ਨੇ ਪੰਜਾਬੀ ਸੂਬੇ ਦੇ ਨਾਅਰੇ ਤੇ ਪਾਬੰਦੀ ਲਾ ਦਿੱਤੀ। ਪੰਜਾਬੀਆਂ ਨੇ ਗ੍ਰਿਫ਼ਤਾਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਭਰ ਗਈਆਂ ਪਰ ਲੋਕ ਅਜੇ ਵੀ ਗ੍ਰਿਫ਼ਤਾਰੀਆਂ ਦੇ ਰਹੇ ਸਨ ਉਸ ਵਕਤ 57129 ਲੋਕ ਜੇਲ੍ਹਾਂ ਵਿਚ ਗਏ। ਇਸੇ ਦੌਰਾਨ ਪਾਕਿਸਤਾਨ ਨਾਲ ਸੰਨ 1965 ਦੀ ਲੜਾਈ ਸ਼ੁਰੂ ਹੋ ਗਈ। ਪੰਜਾਬੀਆਂ ਨੇ ਪ੍ਰਧਾਨ ਮੰਤਰੀ ਲਾਲ ਬਹਾਦਰ ਜੀ ਦੀ ਅਪੀਲ ਤੇ ਮੋਰਚਾ ਕੁਝ ਚਿਰ ਲਈ ਦੇਸ ਦੇ ਸੰਕਟ ਨੂੰ ਮੁਖ ਰੱਖ ਕੇ ਮੁਲਤਵੀ ਕਰ ਦਿੱਤਾ। ਜੰਗ ਵਿਚ ਸਿੱਖਾਂ ਦੀ ਬਹਾਦਰੀ ਤੋਂ ਪ੍ਰਭਾਵਤ ਹੋ ਕੇ ਹੁਕਮ ਸਿੰਘ ਜੀ ਦੀ ਅਗਵਾਈ ਵਿਚ ਇਕ ਕਮੇਟੀ ਬਣਾ ਦਿੱਤੀ ਜਿਸ ਪੰਜਾਬੀ ਸੂਬੇ ਬਾਰੇ ਵਿਚਾਰ ਕਰਕੇ ਪੰਜਾਬੀ ਸੂਬਾ ਬਨਾਉਣ ਦੀ ਸਿਫ਼ਾਰਸ਼ ਕਰ ਦਿਤੀ। ਪੰਜਾਬ ਪੁਨਰ ਗਠਨ ਦਾ ਆਧਾਰ 1961 ਦੀ ਮਰਦਮ ਸ਼ੁਮਾਰੀ ਨੂੰ ਰਖਿਆ, ਜਿਸ ਵਿਚ ਹਿੰਦ ਸਮਾਚਾਰ ਸਮੂਹ ਦੇ ਅਖ਼ਬਾਰਾਂ ਰਾਹੀਂ ਪ੍ਰਚਾਰ ਕਰਕੇ ਪੰਜਾਬੀਆਂ ਦੇ ਇਕ ਹਿੱਸੇ ਨੂੰ ਆਪਣੀ ਮਾਂ ਬੋਲੀ ਹਿੰਦੀ ਲਿਖਵਾਉਣ ਨੂੰ ਕਿਹਾ ਗਿਆ ਸੀ ਪੰਜਾਬੀ ਸੂਬਾ ਬਣਾ ਤਾਂ ਦਿੱਤਾ ਗਿਆ ਪਰ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਹਿਮਾਚਲ ਤੇ ਹਰਿਆਣੇ ਵਿਚ ਚਲੇ ਗਏ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੇ ਹੈਡ ਵਰਕਸ ਕੇਂਦਰ ਨੇ ਪੰਜਾਬ ਤੋਂ ਖੋਹ ਲਏ। ਸਿਰਮੌਰ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਤੇ ਸੰਤ ਫਤਿਹ ਸਿੰਘ ਕਰਮਵਾਰ ਮਰਨ ਵਰਤ ਰੱਖੇ ਸੀ। ਅਕਾਲ ਤਖ਼ਤ ਸਾਹਿਬ ਤੇ ਆਤਮ ਦਾਹ ਕਰਨ ਲਈ ਹਵਨ ਕੁੰਡ ਬਣਾਏ ਗਏ। ਪਰ ਜਦ ਮੌਤ ਨੇ ਥੋੜਾ ਜਿਹਾ ਘੁੰਡ ਚੁਕਿਆ ਤਾਂ ਬਿਨਾਂ ਕੁਝ ਪ੍ਰਾਪਤ ਕੀਤਿਆਂ ਅਰਦਾਸਾਂ ਭੰਗ ਕੀਤੀਆਂ।

ਪੰਜਾਬੀ ਬੋਲਦੇ ਇਲਾਕੇ, ਚੰਡੀਗੜ੍ਹ ਰਾਜਧਾਨੀ ਪ੍ਰਾਪਤ ਕਰਨ ਅਤੇ ਆਨੰਦਪੁਰ ਦੇ ਮਤਾ, ਜੋ ਮਹਾਨ ਸਿੰਘ ਵਿਦਵਾਨ ਕਪੂਰ ਸਿੰਘ ਆਈ ਸੀ ਐਸ ਨੇ ਡਰਾਫਟ ਕੀਤਾ ਸੀ, ਜੋ ਰਾਜਾਂ ਨੂੰ ਖੁਦਮੁਖਤਾਰੀ ਦਿੰਦਾ ਸੀ, ਲਈ ਮੋਰਚਾ ਚਲ ਰਿਹਾ ਸੀ। ਗੁਰਦੁਆਰਾ ਮੰਜੀ ਸਾਹਿਬ ਦੇ ਦੀਵਾਨ ਹਾਲ ਵਿਚ ਦੀਵਾਨ ਸਜਿਆ ਹੋਇਆ। ਸਟੇਜ ਤੇ ਅਕਾਲੀ ਲੀਡਰਾਂ ਵਿਚ ਪ੍ਰਸਿੱਧ ਢਾਡੀ ਤੇ ਵਿਦਵਾਨ ਗਿਆਨੀ ਸੋਹਣ ਸਿੰਘ 'ਸੀਤਲ' ਵੀ ਢਾਡੀ ਜਥੇ ਸਮੇਤ ਬੈਠੇ ਸਨ। ਹਰਚਰਨ ਸਿੰਘ ਹੁਡਿਆਰਾ ਸਟੇਜ ਸੈਕਟਰੀ ਸਨ। ਸੀਤਲ ਜੀ ਦੇ ਜਥੇ ਨੂੰ ਟਾਈਮ ਦੇਂਦਿਆਂ ਸੀਤਲ ਜੀ ਨੂੰ ਸੰਬੋਧਨ ਹੁੰਦਿਆਂ ਕਿਹਾ 'ਸੀਤਲ ਜੀ! ਤੁਸੀਂ ਵੀ ਇਸ ਮੋਰਚੇ ਵਿਚ ਕੋਈ ਕੁਰਬਾਨੀ ਕਰੋ। ਸੀਤਲ ਜੀ ਸਟੇਜ ਤੋਂ ਕਿਹਾ, 'ਹੁਡਿਆਰਾ ਜੀ! ਕੁਰਬਾਨੀਆਂ ਕਰਨਾ ਤੁਹਾਡੀ ਸਿਆਸੀ ਲੀਡਰਾਂ ਦਾ ਕੰਮ ਹੈ। ਮੇਰਾ ਕੰਮ ਤਾਂ ਕੁਰਬਾਨੀਆਂ ਕਰਨ ਵਾਲਿਆਂ ਦੀ ਵਾਰਾਂ ਗਾਉਣ ਦਾ ਹੈ। ਤੁਸੀਂ ਮਰਨ ਵਰਤ ਰੱਖ ਕੇ ਮਰੋ ਵੀ। ਮੈਂ ਤੁਹਾਡੇ ਮਰਨ ਪਿਛੋਂ ਤੁਹਾਡੀ ਕੁਰਬਾਨੀਆਂ ਦੀ ਵਾਰਾਂ ਗਾਇਆ ਕਰਾਂਗਾ।



ਅਕਾਲੀ ਲੀਡਰਾਂ ਦੇ ਮਰਨ ਵਰਤ ਰਖ ਕੇ ਤੋੜਨ ਨਾਲ ਸਿੱਖ ਪੰਥ ਦੀ ਬਹੁਤ ਬਦਨਾਮੀ ਹੋਈ। ਇਸ ਬਦਨਾਮੀ ਦੇ ਦਾਗ ਧੋਣ ਲਈ ਦਰਸ਼ਨ ਸਿੰਘ ਫੇਰੂਮਾਨ ਮੈਦਾਨ ਵਿਚ ਨਿੱਤਰੇ। ਦਰਸ਼ਨ ਸਿੰਘ ਫੇਰੂਮਾਨ ਜੀ ਦਾ ਜਨਮ 1 ਅਗਸਤ 1885 ਨੂੰ ਪਿਓ ਚੰਦਾ ਸਿੰਘ ਤੇ ਮਾਤਾ ਰਾਜ ਕੌਰ ਜੀ ਦੇ ਘਰ ਪਿੰਡ ਫੇਰੂਮਾਨ ਵਿਖੇ ਹੋਇਆ। ਦਸਵੀਂ ਕਰਨ ਤੋਂ ਬਾਅਦ ਆਪ ਸੰਨ 1912 ਵਿਚ ਫੌਜ ਵਿਚ ਸਿਪਾਹੀ ਭਰਤੀ ਹੋ ਗਏ। ਫੌਜ ਦੀ ਦੋ ਸਾਲ ਨੌਕਰੀ ਕਰਨ ਪਿੱਛੋਂ ਹਿਸਾਰ ਵਿਚ ਰਹਿ ਕੇ ਠੇਕੇਦਾਰੀ ਕੀਤੀ। ਉਸ ਵਕਤ ਦੁਰਾਚਾਰੀ ਮਹੰਤ ਤੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਲਈ ਅਕਾਲੀ ਲਹਿਰ ਚੱਲ ਰਹੀ ਸੀ। ਆਪ ਜੀ ਨੇ ਵੀ ਅਕਾਲੀ ਲਹਿਰ ਵਿਚ ਕੁੱਦਣ ਦਾ ਫੈਸਲਾ ਕਰ ਲਿਆ। ਚਾਬੀਆਂ ਦੇ ਮੋਰਚੇ ਵਿਚ ਸੰਨ 1921 ਈਸਵੀ ਵਿਚ ਗ੍ਰਿਫ਼ਤਾਰ ਹੋਏ। ਮੁਕੱਦਮਾ ਚਲਿਆ ਜਿਸ ਵਿਚ ਆਪ ਨੂੰ ਇਕ ਸਾਲ ਦੀ ਕੈਦ ਹੋਈ। ਸੰਨ 1924 ਵਿਚ ਗੰਗਸਰ ਜੈਤੋਂ ਦਾ ਮੋਰਚਾ ਲੱਗ ਗਿਆ। ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਪੰਜ ਸੌ ਦੇ ਜਥੇ ਜਾਣੇ ਸ਼ੁਰੂ ਹੋ ਗਏ। ਆਪ ਨੂੰ ਚੌਧਵੇਂ ਜੱਥੇ ਦਾ ਜਥੇਦਾਰ ਥਾਪਿਆ ਗਿਆ। ਜਥੇ ਦੀ ਗ੍ਰਿਫ਼ਤਾਰੀ ਪਿਛੋਂ 10 ਮਹੀਨੇ ਦੀ ਕੈਦ ਹੋਈ।

ਸੰਨ 1926 ਵਿਚ ਦਰਸ਼ਨ ਸਿੰਘ ਫੇਰੂਮਾਨ ਮਲਾਇਆ ਚਲੇ ਗਏ। ਉਥੇ ਵੀ ਸੰਘਰਸ਼ ਨੂੰ ਢਿੱਲਾ ਨਹੀਂ ਪੈਣ ਦਿੱਤਾ। ਜੇਲ੍ਹ ਜਾਣਾ ਪਿਆ। ਜੇਲ੍ਹ ਵਿਚ ਕਛਹਿਰਾ ਪਹਿਨਣ ਦੀ ਮਨਾਹੀ ਸੀ। 21 ਦਿਨ ਭੁੱਖ ਪੜਤਾਲ ਕਰਕੇ ਜੇਲ੍ਹ ਵਿਚ ਕਛਹਿਰਾ ਪਹਿਨਣ ਦੀ ਮੰਗ ਮੰਨਵਾਈ। ਇਸ ਤੋਂ ਬਾਅਦ ਵਤਨ ਵਾਪਸ ਆ ਗਏ। ਆਜ਼ਾਦੀ ਲਹਿਰ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਕਾਂਗਰਸ ਦੀ ਚਲਾਈ ਸਿਵਲ ਨਾ ਫੁਰਮਨੀ ਅਤੇ 'ਭਾਰਤ ਛੱਡੋ' ਅੰਦੋਲਨ ਵਿਚ ਭਰਪੂਰ ਹਿੱਸਾ ਪਾਇਆ।

ਕਾਂਗਰਸ ਵੱਲੋਂ ਰਾਜ ਸਭਾ ਦੇ ਮੈਂਬਰ ਬਣੇ ਪਰ ਕਾਂਗਰਸ ਨਾਲ ਮਤਭੇਦ ਪੈਦਾ ਹੋ ਜਾਣ ਕਾਰਨ ਕਾਂਗਰਸ ਛੱਡ ਕੇ ਸੁਤੰਤਰ ਪਾਰਟੀ ਵਿਚ ਸ਼ਾਮਲ ਹੋ ਗਏ। ਤਰਨਤਾਰਨ ਲੋਕ ਸਭਾ ਹਲਕੇ ਤੋਂ ਪਾਰਲੀਮੈਂਟ ਦੀ ਚੋਣ ਲੜੀ ਪਰ ਹਾਰ ਗਏ। ਚੰਡੀਗੜ੍ਹ ਰਾਜਧਾਨੀ ਦੀ ਪ੍ਰਾਪਤੀ ਲਈ ਆਪ ਜੀ ਨੇ 15 ਅਗਸਤ 1969 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਅਰਦਾਸ ਕਰਕੇ ਮਰਨ ਵਰਤ ਸ਼ੁਰੂ ਕਰ ਦਿੱਤਾ। ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਦੀਵਾਨ ਹਾਲ ਮੰਜੀ ਸਾਹਿਬ ਵਿਖੇ (ਇਸ ਦੀਵਾਨ ਵਿਚੋਂ ਮੈਂ ਖੁਦ ਹਾਜ਼ਰ ਸੀ) ਇਸ ਮਰਨ ਵਰਤ ਨੂੰ ਸਟੰਟ ਕਰਾਰ ਦਿੱਤਾ।

ਫੇਰੂਮਾਨ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਜਬਰਦਸਤੀ ਖੁਰਾਕ ਦੇਣ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਇਸ ਦਾ ਵਿਰੋਧ ਕੀਤਾ ਤੇ ਮਰਨ ਵਰਤ ਜਾਰੀ ਰਖਿਆ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਗਿਆਨੀ ਗੁਰਮੁਖ ਸਿੰਘ ਜੀ 'ਮੁਸਾਫ਼ਿਰ' ਜੀ ਨੂੰ ਉਨ੍ਹਾਂ ਪਾਸ ਭੇਜਿਆ ਕਿ ਉਨ੍ਹਾਂ ਨੂੰ ਮਰਨ ਵਰਤ ਛੱਡ ਦੇਣ ਲਈ ਪ੍ਰੇਰਣ। ਫੇਰੂਮਾਨ ਜੀ ਨੇ 'ਮੁਸਾਫ਼ਿਰ' ਜੀ ਨੂੰ ਕਿਹਾ, "ਮੁਸਾਫਿਰ ਜੀ! ਤੁਸੀਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਰਹੇ ਹੋ, ਜਿਸ ਮਕਸਦ ਲਈ ਇਸ ਸਿੱਖਾਂ ਦੇ ਮਹਾਨ ਤਖ਼ਤ ਅੱਗੇ ਅਰਦਾਸ ਕੀਤੀ ਹੋਵੇ, ਉਸ ਨੂੰ ਪ੍ਰਾਪਤ ਕੀਤੇ ਬਿਨਾਂ ਅਰਦਾਸ ਭੰਗ ਕਰ ਦੇਣੀ ਚਾਹੀਦੀ ਹੈ? ਮੈਨੂੰ ਚੰਡੀਗੜ੍ਹ ਪੰਜਾਬ ਵਿਚ ਸ਼ਾਮਿਲ ਕਰਨ ਦਾ ਲਿਖਤੀ ਸਬੂਤ ਬੀਬੀ ਇੰਦਰਾ ਤੋਂ ਲਿਆ ਦਿਓ। ਮੈਂ ਮਰਨ ਵਰਤ ਛੱਡ ਦਿਆਂਗਾ।" ਮੁਸਾਫਿਰ ਜੀ ਪਾਸ ਇਸ ਦਾ ਕੋਈ ਉੱਤਰ ਨਹੀਂ ਸੀ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਇੰਦਰਾ ਦਾ ਬਿਆਨ ਆਇਆ ਕਿ ਮਰਨ ਵਰਤ ਨਾਲ ਚੰਡੀਗੜ੍ਹ ਪੰਜਾਬ ਨੂੰ ਨਹੀਂ ਮਿਲੇਗਾ। ਇਸ ਬਿਆਨ ਤੋਂ ਬਾਅਦ ਫੇਰੂਮਾਨ ਜੀ ਨੇ ਬੀਬੀ ਇੰਦਰਾ ਨੂੰ ਜਵਾਬ ਦਿੱਤਾ। 'ਬੀਬੀ ਇੰਦਰਾ! ਤੂੰ ਮੇਰੀਆਂ ਬੇਟੀਆਂ ਵਰਗੀ ਏ। ਤੇਰਾ ਬਾਪ ਮੇਰਾ ਦੋਸਤ ਸੀ। ਦੇਸ਼ ਨੂੰ ਆਜ਼ਾਦ ਕਰਾਉਣ ਲਈ ਅਸਾਂ ਇਕੱਠਿਆ ਸੰਘਰਸ਼ ਕੀਤਾ ਹੈ। ਤੂੰ ਮੈਨੂੰ ਚੰਡੀਗੜ੍ਹ ਨਾ ਦਏਂਗੀ ਪਰ ਮੈਨੂੰ ਮਰਨ ਤੋਂ ਤਾਂ ਨਹੀਂ ਰੋਕ ਸਕਦੀ"।

ਜਦ ਫੇਰੂਮਾਨ ਜੀ ਦਾ ਮਰਨ ਵਰਤ ਚਲ ਰਿਹਾ ਸੀ। 22 ਅੱਸੂ ਹਰ ਸਾਲ ਬੀੜ ਬਾਬਾ ਬੁੱਢਾ ਜੀ ਗੁਰਦੁਆਰਾ (ਝਬਾਲ ਨੇੜੇ) ਵਿਖੇ ਸਾਲਾਨਾ ਧਾਰਮਿਕ ਮੇਲਾ ਲਗਦਾ ਹੈ। ਬਾਬਾ ਖੜਕ ਸਿੰਘ ਬੀੜ ਸਾਹਿਬ ਵਾਲਿਆਂ ਨਾਲ ਕੀਤੇ ਪ੍ਰਣ ਮੁਤਾਬਿਕ ਸੋਹਣ ਸਿੰਘ ਸੀਤਲ ਜੀ ਢਾਡੀ ਜਥੇ ਸਮੇਂ ਹਰ ਸਾਲ ਸਾਲਾਨਾ ਦੀਵਾਨ ਵਿਚ ਸ਼ਾਮਲ ਹੁੰਦੇ ਸਨ। ਮੈਂ, ਮੇਰਾ ਦੋਸਤ ਸੁਪ੍ਰਸਿੱਧ ਪੰਜਾਬੀ ਕਹਾਣੀਕਾਰ ਵਰਿਆਮ ਸਿੰਘ ਸੰਧੂ ਤੇ ਢਾਡੀ ਕਲਾ ਦੇ ਪ੍ਰੇਮੀ ਦੋਸਤ ਮਿੱਤਰ ਹਰ ਸਾਲ ਸੀਤਲ ਜੀ ਨੂੰ ਸੁਣਨ ਲਈ ਬੀੜ ਬਾਬਾ ਬੁੱਢਾ ਦੇ ਸਾਲਾਨਾ ਜੋੜ ਮੇਲੇ ਤੇ ਆਉਂਦੇ ਸੀ। ਅਸੀਂ ਸਾਰਿਆਂ ਸੀਤਲ ਜੀ ਨੂੰ ਫੇਰੂਮਾਨ ਜੀ ਦੇ ਮਰਨ ਵਰਤ ਬਾਰੇ ਪੁਛਿਆ ਤਾਂ ਉਨ੍ਹਾਂ ਦਾ ਜਵਾਬ ਸੀ। "ਜਿੱਥੋਂ ਤੱਕ ਮੇਰਾ ਆਪਣਾ ਵਿਚਾਰ ਹੈ, ਉਹ ਬਹੁਤ ਸਿਰੜੀ ਆਦਮੀ ਹੈ ਉਹ ਬਿਨਾਂ ਚੰਡੀਗੜ੍ਹ ਪ੍ਰਾਪਤ ਕੀਤੇ ਮਰਨ ਵਰਤ ਨਹੀਂ ਛੱਡੇਗਾ"।

ਸੀਤਲ ਜੀ ਦੀ ਇਹ ਪੇਸ਼ੀਨਗੋਈ ਸੱਚ ਸਾਬਿਤ ਹੋਈ। ਇਸ ਮਹਾਨ ਸਿਰੜੀ ਯੋਧੇ ਨੇ ਅਰਦਾਸ ਦੀ ਮਹਾਨਤਾ ਨੂੰ ਕਾਇਮ ਰਖਦਿਆਂ ਲਗਾਤਾਰ 74 ਦਿਨ ਭੁਖੇ ਰਹਿ ਕੇ 27 ਅਕਤੂਬਰ 1969 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹੀ। ਇਸ ਕੁਰਬਾਨੀ ਤੋਂ ਪ੍ਰਭਾਵਤ ਹੋ ਕੇ ਫੇਰੂਮਾਨ ਜੀ ਬਾਰੇ ਕਵਿਤਾ ਦੀਆਂ ਚਾਰ ਲਾਈਨਾਂ ਲਿਖੀਆਂ :

ਪਿਛੇ ਜਹੇ ਕੁਝ ਢਿੱਲੜਾ ਜਾਂ ਢਿੱਲ ਵਿਖਾਈ<br>
ਮਿਹਣੇ ਦੇਣ ਲੱਗ ਪਈ, ਪੰਥ ਨੂੰ ਲੋਕਾਈ।<br>
ਧੰਨ ਫੇਰੂਮਾਨ ਹੈ ਧੰਨ ਉਸ ਦੀ ਮਾਈ,<br>
ਜਿਨ੍ਹੇਂ ਪਾਈ ਸੀਤਲਾ ਮਰ ਕੇ ਹੀ ਪਾਈ।

ਪੰਜਾਬੀਆਂ ਨੇ ਹਮੇਸ਼ਾ ਆਪਣੇ ਲੀਡਰਾਂ ਦੇ ਹੁਕਮ ਤੇ ਫੁੱਲ ਚੜ੍ਹਾਏ ਪਰ ਲੀਡਰਾਂ ਨੇ ਹਮੇਸ਼ਾ ਆਪਣੀਆਂ ਖੁਦਗਰਜ਼ੀਆਂ ਲਈ 1947 ਤੋਂ ਲੈ ਕੇ ਅੱਜ ਤੱਕ ਪੰਜਾਬੀ ਗਰੀਬ ਅਵਾਮ ਨਾਲ ਧੋਖਾ ਕੀਤਾ ਹੈ। ਜੇ ਫੇਰੂਮਾਨ ਜੀ ਨੇ ਵੀਹਵੀਂ ਸਦੀ ਵਿਚੋਂ ਪੰਜਾਬ ਦੀ ਰਾਜਧਾਨੀ ਲਈ ਆਪਣੀ ਜਾਨ ਵਾਰੀ ਤਾਂ ਧੜਿਆ ਵਿਚ ਵੰਡੇ ਲੀਡਰਾਂ ਨੇ ਆਪਣੀ ਕੁਰਸੀ ਤੇ ਮਾਇਆ ਇਕੱਠੀ ਕਰਨ ਦੀ ਲਾਲਸਾ ਨੇ ਉਨ੍ਹਾਂ ਦੀ ਕੁਰਬਾਨੀ ਨੂੰ ਰੋਲ ਕੇ ਰੱਖ ਦਿੱਤਾ। ਜੇ ਸਾਰਾ ਪੰਜਾਬ 'ਰਾਜਨੀਤੀ' ਤੋਂ ਉਪਰ ਉਠਕੇ ਉਨ੍ਹਾਂ ਦੀ ਕੁਰਬਾਨੀ ਪਿੱਛੇ ਇਕ ਹੋ ਜਾਂਦਾ ਤਾਂ ਚੰਡੀਗੜ੍ਹ ਕੀ ਪੰਜਾਬ ਦੀਆਂ ਸਾਰੀਆਂ ਮੰਗਾਂ ਪੂਰੀਆਂ ਹੋ ਜਾਣੀਆਂ ਸਨ। ਆਨੰਦਪੁਰ ਦਾ ਮਤਾ ਹੀ ਸਾਰੀਆਂ ਸਮਸਿਆ ਦਾ ਇਕੋ ਇਕ ਹੱਲ ਹੈ ਕਿ ਰਾਜਾਂ ਨੂੰ ਖੁਦ ਮੁਖਤਾਰੀ ਮਿਲੇ। ਕਪੂਰ ਸਿੰਘ ਜੀ ਆਈ.ਸੀ.ਐਸ. ਦੀ ਇਹ ਦੂਰ ਅੰਦੇਸ਼ੀ ਸੀ। ਬਚਪਨ ਵਿਚ ਤਰਨਤਾਰਨ ਦੇ ਸੈਂਟਰਲ ਮਾਝਾ ਦੀਵਾਨ ਵਿਚ ਢਾਡੀਆਂ ਕਵੀਸ਼ਰਾਂ ਤੋਂ ਸੁਣ ਦੇ ਹੁੰਦੇ ਸਾਂ। "ਭੁਲ੍ਹੋ ਜਾਂ ਖੂਹ ਸ਼ਹੀਦਾਂ ਦਾ ਤਕਦੀਰ ਬਦਲ ਦੀ ਕੌਮਾਂ ਦੀ"। 1947 ਤੋਂ ਲੈ ਕੇ ਅੱਜ ਤੱਕ ਬੜਾ ਖੂਨ ਡੁਲ੍ਹਾ ਬੜੀਆਂ ਕੁਰਬਾਨੀਆਂ ਹੋਈਆਂ। ਗ਼ਦਾਰ ਲੀਡਰਾਂ ਦੀ ਗਦਾਰੀ ਕਾਰਨ ਪੰਜਾਬੀ ਕੌਮ ਤਕਦੀਰ ਬਦਲਣ ਦੀ ਥਾਂ ਨਿਘਾਰ ਦੀ ਡੂੰਘੀ ਖੱਡ ਵਿਚ ਸੁੱਟ ਦਿੱਤਾ ਹੈ। ਲੋੜ ਹੈ ਅੱਜ ਸੱਚੇ ਸੁਚੇ ਲੀਡਰ ਫੇਰੂਮਾਨ ਵਰਗੇ ਦੀ। ਕੁਰਬਾਨੀਆਂ ਹੋਣ ਦੇ ਬਾਵਜੂਦ ਪੰਜਾਬ ਦਾ ਕੁਝ ਨਹੀਂ ਸੌਰਿਆ। ਜਿਵੇਂ ਸ਼ਾਹ ਮੁਹੰਮਦ ਨੇ ਲਿਖਿਆ ਹੈ : ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜ ਜਿਤ ਕੇ ਅੰਤ ਨੂੰ ਹਾਰੀਆਂ ਨੇ।

### ਬਰਸੀ 'ਤੇ ਵਿਸ਼ੇਸ਼

# ਨਿੰਦਾ ਹੋਇ ਤ ਬੈਕੁੰਠਿ ਜਾਈਐ

## (ਪ੍ਰੋ.ਪ੍ਰੀਤਮ ਸਿੰਘ ਦੀ ਨਸੀਹਤ)

**ਡਾ. ਹਰਸ਼ਿੰਦਰ ਕੌਰ, ਐਮ. ਡੀ.**
ਫੋਨ ਨੰ: 0175-2216783

ਸਮਾਂ ਤਾਂ ਚੇਤੇ ਨਹੀਂ ਪਰ ਇਕ ਦਿਨ ਮੈਨੂੰ ਉਦਾਸ ਵੇਖ ਕੇ ਭਾਪਾ ਜੀ ਨੇ ਕਾਰਨ ਪੁੱਛਿਆ ਤਾਂ ਮੈਂ ਦੱਸਿਆ ਕਿ ਫਲਾਣੇ ਨੇ ਮੇਰੇ ਬਾਰੇ ਮਾੜਾ ਕਿਹਾ। ਮੈਨੂੰ ਬਹੁਤ ਭੈੜਾ ਮਹਿਸੂਸ ਹੋ ਰਿਹਾ ਹੈ। ਦਿਲ ਕਰਦਾ ਹੈ ਕਿ ਉਸਦਾ ਮੂੰਹ ਤੋੜ ਆਵਾਂ। ਉਹ ਮੇਰੇ ਬਾਰੇ ਉੱਕਾ ਹੀ ਝੂਠ ਬੋਲ ਰਿਹਾ ਹੈ।

ਭਾਪਾ ਜੀ ਨੇ ਗੱਲ ਇੱਧਰ-ਉੱਧਰ ਕਰਨ ਦੀ ਕੋਸ਼ਿਸ਼ ਕੀਤੀ ਤੇ ਹੋਰ ਗੱਲਾਂ ਵਿਚ ਮੈਨੂੰ ਉਲਝਾਉਣ ਦੀ ਕੋਸ਼ਿਸ਼ ਵੀ ਕੀਤੀ। ਪਰ, ਮੈਂ ਘੁੰਮ ਫਿਰ ਕੇ ਉਸੇ ਨੁਕਤੇ ਉੱਤੇ ਆ ਰੁਕਦੀ ਸੀ।

ਅਖ਼ੀਰ ਭਾਪਾ ਜੀ ਕਮਰੇ ਅੰਦਰ ਗਏ ਤੇ ਮੇਰੇ ਅੱਗੇ ਮੇਰੇ ਨਾਨਾ ਜੀ ਪ੍ਰੋ. ਸਾਹਿਬ ਸਿੰਘ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ ਦੀ ਪੋਥੀ ਲਿਆ ਧਰੀ। ਵਰਕੇ ਪਲਟ ਕੇ ਮੇਰੇ ਅੱਗੇ ਧਰ ਦਿੱਤੇ ਕਿ ਇਹ ਪੜ੍ਹ ਕੇ ਦਸ ਇਸ ਦਾ ਕੀ ਅਰਥ ਲਿਖਿਆ ਹੈ!

ਮੈਂ ਪੜ੍ਹਿਆ, "ਨਿੰਦਉ ਨਿੰਦਉ ਮੋਕਉ ਲੋਗੁ ਨਿੰਦਉ।"

ਭਾਪਾ ਜੀ ਕਹਿਣ ਲੱਗੇ, "ਤੈਨੂੰ ਅਜੀਬ ਨਹੀਂ ਲੱਗਦਾ ਕਿ ਗੁਰਬਾਣੀ ਵਿਚ ਭਗਤ ਕਬੀਰ ਜੀ ਕਹਿ ਰਹੇ ਹਨ ਕਿ ਲੋਕ ਉਨ੍ਹਾਂ ਦੀ ਨਿੰਦਿਆ ਕਰਨ? ਇਕ ਗੱਲ ਤਾਂ ਸਪਸ਼ਟ ਹੋ ਗਈ ਕਿ ਤੇਰੇ ਜੰਮਣ ਤੋਂ ਪਹਿਲਾਂ ਵੀ ਲੋਕ ਨਿੰਦਿਆ ਕਰਦੇ ਹੁੰਦੇ ਸਨ! ਪਰ ਭਗਤ ਕਬੀਰ ਜੀ ਵਰਗੇ ਵੀ ਆਪਣੀ ਨਿੰਦਿਆ ਮੰਗਦੇ ਹੋਣ ਤਾਂ ਉਸਦਾ ਮਤਲਬ ਕਿੰਨਾ ਡੂੰਘਾ ਹੋਵੇਗਾ। ਕੋਈ ਖ਼ਾਸ ਗੱਲ ਤਾਂ ਜ਼ਰੂਰ ਹੋਵੇਗੀ। ਲੋਕ ਆਪਣੀ ਤਾਰੀਫ਼ ਸੁਣਨਾ ਚਾਹੁੰਦੇ ਹਨ, ਨਿੰਦਾ ਨਹੀਂ। ਅੱਗੇ ਪੜ੍ਹ।"

ਮੈਂ ਪੜ੍ਹਿਆ,"ਜਗਤ ਬੇਸ਼ੱਕ ਮੇਰੀ ਨਿੰਦਾ ਕਰੇ। ਬੇਸ਼ੱਕ ਮੇਰੇ ਔਗੁਣ ਭੰਡੇ। ਪ੍ਰਭੂ ਦੇ ਸੇਵਕ ਨੂੰ ਆਪਣੀ ਨਿੰਦਿਆ ਹੁੰਦੀ ਚੰਗੀ ਲੱਗਦੀ ਹੈ ਕਿਉਂਕਿ ਨਿੰਦਿਆ ਸੇਵਕ ਦਾ ਮਾਂ ਪਿਓ ਹੈ। ਜਿਵੇਂ ਮਾਪੇ ਆਪਣੇ ਬਾਲ ਵਿਚ ਸ਼ੁਭ ਗੁਣ ਵਧਦੇ ਵੇਖਣਾ ਲੋੜਦੇ ਹਨ, ਤਿਵੇਂ ਨਿੰਦਿਆ ਭੀ ਔਗੁਣ ਨਸ਼ਰ ਕਰ ਕੇ ਭਲੇ ਗੁਣਾਂ ਲਈ ਸਹਾਇਤਾ ਕਰਦੀ ਹੈ।



"ਜੇ ਲੋਕ ਔਗੁਣ ਨਸ਼ਰ ਕਰਨ, ਤਾਂ ਹੀ ਔਗੁਣ ਛੱਡੇ ਜਾ ਸਕਦੇ ਹਨ ਤੇ ਬੈਕੁੰਠ ਵਿਚ ਜਾ ਸਕੀਦਾ ਹੈ। ਜੇ ਹਿਰਦਾ ਸ਼ੁੱਧ ਹੁੰਦਿਆਂ ਸਾਡੀ ਨਿੰਦਿਆ ਹੋਵੇ ਤਾਂ ਨਿੰਦਕ ਸਾਡੇ ਮਨ ਨੂੰ ਪਵਿੱਤਰ ਕਰਨ ਵਿਚ ਸਹਾਇਤਾ ਕਰਦਾ ਹੈ। ਜੋ ਮਨੁੱਖ ਸਾਨੂੰ ਭੰਡਦਾ ਹੈ, ਉਹ ਸਾਡਾ ਮਿੱਤਰ ਹੈ ਕਿਉਂਕਿ ਸਾਡੀ ਸੁਰਤ ਆਪਣੇ ਨਿੰਦਕ ਵਿਚ ਰਹਿੰਦੀ ਹੈ ਤੇ ਅਸੀਂ ਆਪਣੇ ਨਿੰਦਕ ਦੀ ਗੱਲ ਬੜੇ ਧਿਆਨ ਨਾਲ ਸੁਣਦੇ ਹਾਂ। ਅਸਲ ਵਿਚ ਸਾਡਾ ਮੰਦਾ ਚਿਤਵਣ ਵਾਲਾ ਮਨੁੱਖ ਉਹ ਹੈ ਜੋ ਸਾਡੇ ਐਬ ਨਸ਼ਰ ਹੋਣੋਂ ਰੋਕਦਾ ਹੈ। ਨਿੰਦਕ ਤਾਂ ਸਗੋਂ ਇਹ ਚਾਹੁੰਦਾ ਹੈ ਕਿ ਸਾਡਾ ਜੀਵਨ ਚੰਗਾ ਬਣੇ।

"ਸਾਡੀ ਨਿੰਦਿਆ ਸਾਨੂੰ ਔਗੁਣਾਂ ਵੱਲੋਂ ਬਚਾਉਂਦੀ ਹੈ। ਇਸੇ ਲਈ ਭਗਤ ਕਬੀਰ ਜੀ ਅਨੁਸਾਰ ਔਗੁਣਾਂ ਦਾ ਨਸ਼ਰ ਹੋਣਾ ਸਭ ਤੋਂ ਵਧੀਆ ਗੱਲ ਹੈ ਕਿਉਂਕਿ ਨਿੰਦਕ ਆਪ ਦੂਜਿਆਂ ਦੇ ਔਗੁਣਾਂ ਦੀਆਂ ਗੱਲਾਂ ਕਰ-ਕਰ ਕੇ ਆਪ ਹੀ ਉਨ੍ਹਾਂ ਵਿਚ ਡੁੱਬ ਜਾਂਦਾ ਹੈ ਤੇ ਅਸੀਂ ਆਪਣੇ ਔਗੁਣਾਂ ਦੀ ਚੇਤਾਵਨੀ ਨਾਲ ਉਨ੍ਹਾਂ ਤੋਂ ਬਚ ਨਿਕਲਦੇ ਹਾਂ।"

ਭਾਪਾ ਜੀ ਨੇ ਮੇਰੇ ਹੱਥੋਂ ਦਰਪਨ ਦੀ ਪੋਥੀ ਫੜਦਿਆਂ ਕਿਹਾ, "ਇਸ ਤੋਂ ਵਧੀਆ ਤਰੀਕੇ ਹੋਰ ਕੋਈ ਦੁਨਿਆਵੀ ਇਨਸਾਨ ਜਾਂ ਉੱਚ ਕੋਟੀ ਦਾ ਮਨੋਵਿਗਿਆਨਿਕ ਡਾਕਟਰ ਵੀ ਨਹੀਂ ਸਮਝਾ ਸਕਣ ਲੱਗਿਆ। ਬਸ ਮੇਰਾ ਏਨਾ ਕੁ ਕਿਹਾ ਮੰਨ ਲਵੀਂ ਕਿ ਜੇ ਕੋਈ ਮਨੁੱਖ ਠੰਡੇ ਜਿਗਰੇ ਨਾਲ ਆਪਣੇ ਐਬ ਨਸ਼ਰ ਹੁੰਦਾ ਸੁਣ ਲਵੇ ਅਤੇ ਆਪਣੇ ਗੁੱਸੇ ਨੂੰ ਮਨ ਉੱਤੇ ਹਾਵੀ ਨਾ ਹੋਣ ਦੇਵੇ ਤਾਂ ਉਹ ਆਪਣੇ ਮਨ ਅੰਦਰੋਂ ਐਬ ਦੂਰ ਕਰ ਸਕਦਾ ਹੈ ਤੇ ਆਪਣਾ ਜੀਵਨ ਤੇ ਚਰਿਤਰ ਵਧੀਆ ਬਣਾ ਸਕਦਾ ਹੈ। ਪਰ, ਅਸਲ ਨੁਕਤਾ ਇਹ ਹੈ ਕਿ ਦੂਜਿਆਂ ਦੇ ਐਬ ਫਰੋਲਣ ਵਾਲਾ ਬੰਦਾ ਆਪਣੇ ਮਨ ਅੰਦਰ ਸ਼ਾਤੀ ਮਾਨਣ ਤੋਂ ਅਸਮਰਥ ਹੁੰਦਾ ਹੈ। ਇਸੇ ਲਈ ਉਹ ਦੂਜਿਆਂ ਦੇ ਐਬਾਂ ਦਾ ਬਖਾਨ ਕਰਦਿਆਂ ਉਨ੍ਹਾਂ ਹੀ ਐਬਾਂ ਵਿਚ ਡੁੱਬ ਕੇ ਮਰ ਖੱਪ ਜਾਂਦਾ ਹੈ ਕਿਉਂਕਿ ਅਜਿਹੇ ਇਨਸਾਨਾਂ ਤੋਂ ਸਿਰਫ਼ ਸੜਿਆਂਦ ਹੀ ਆਉਂਦੀ ਰਹਿੰਦੀ ਹੈ। ਇਸੇ ਲਈ ਅੱਜ ਤੋਂ ਬਾਅਦ ਨਿੰਦਿਆ ਤੋਂ ਘਾਬਰਨਾ ਨਹੀਂ, ਬਲਕਿ ਖ਼ੁਸ਼ ਹੋਣਾ ਹੈ ਕਿਉਂਕਿ ਨਿੰਦਕ ਦਾ ਸਾਡੇ ਮੈਲੇ ਕਪੜੇ ਧੋ ਰਿਹਾ ਹੁੰਦਾ ਹੈ। ਸ਼ੁਕਰ ਕਰ! ਇਹ ਸੋਚ ਕਿ ਪ੍ਰਮਾਤਮਾ ਦੀ ਤੇਰੇ ਉੱਤੇ ਮਿਹਰ ਹੋਈ ਹੈ ਜੋ ਕੋਈ ਨਿੰਦਕ ਤੇਰੇ ਮੈਲੇ ਕਪੜੇ ਧੋਣ ਲਈ ਅਗਾਂਹ ਆਇਆ ਹੈ।"

ਮੇਰੇ ਕੋਲ ਬੋਲਣ ਨੂੰ ਕੋਈ ਸ਼ਬਦ ਬਚਿਆ ਹੀ ਨਹੀਂ ਸੀ। ਅੱਜ ਸਿਰਫ਼ ਇਸ ਉਮੀਦ ਨਾਲ ਇਹ ਯਾਦ ਲਿਖੀ ਹੈ ਕਿ ਸ਼ਾਇਦ ਮੇਰੇ ਵਾਂਗ ਹੀ ਕੋਈ ਹੋਰ ਵੀ ਆਪਣੀ ਨਿੰਦਿਆ ਸੁਣ ਕੇ ਜੇ ਦੁਖ ਮਹਿਸੂਸ ਕਰ ਰਿਹਾ ਹੈ ਤਾਂ ਝਟਪਟ ਆਪਣੀ ਸੋਚ ਬਦਲ ਕੇ, ਖ਼ੁਸ਼ੀ ਮਹਿਸੂਸ ਕਰ ਸਕਦਾ ਹੈ।

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

(ਭਾਗ- 24)

## ਆਵੋ ਨੀ ਭੈਣੋ

ਸ਼ਿਮਲੇ - ਇੱਥੇ ਸਾਡੇ ਘਰ ਦੇ ਕੋਲ ਇਕ ਮੰਦਰ ਹੈ ਤੇ ਇਕ ਗੁਰਦੁਆਰਾ। ਗੁਰਦੁਆਰੇ ਤਾਂ ਅਸੀਂ ਨੇਮ ਨਾਲ ਜਾਂਦੇ ਹੀ ਹਾਂ - ਕਦੇ ਸਕੂਲ ਜਾਂਦੇ ਆਉਂਦੇ ਤੇ ਕਦੀ ਰਾਤ ਨੂੰ ਵੀ।

ਭਾਪਾ ਜੀ ਨੇ ਮੇਜ਼ ਦੇ ਦਰਾਜ ਵਿਚ - ਪੈਸੇ ਟਕੇ - ਕਿੰਨੀ ਸਾਰੀ 'ਭਾਨ' ਰੱਖੀ ਹੋਈ ਹੈ - ਇਕ ਡੱਬੇ ਵਿਚ ਪਾ ਕੇ - ਮੱਥਾ ਟੇਕਣ ਲਈ, ਇਹ ਅਸੀਂ ਬਿਨਾਂ ਪੁੱਛੇ ਵੀ ਲੈ ਸਕਦੇ ਹਾਂ ਪਰ ਇਹ ਪੈਸੇ ਸਿਰਫ਼ ਮੱਥਾ ਟੇਕਣ ਲਈ ਹੀ ਹੁੰਦੇ ਹਨ, ਖਰਚਣ ਲਈ ਨਹੀਂ। ਸਖ਼ਤ ਮਨਾਹੀ ਹੈ ਤੇ ਅਸੀਂ ਸਾਰੇ ਇੰਜ ਹੀ ਕਰਦੇ ਹਾਂ। ਇਨ੍ਹਾਂ ਪੈਸਿਆਂ ਵਿਚੋਂ ਕਦੀ ਇਕ ਵੀ ਖਰਚਣ ਲਈ ਨਹੀਂ ਲੈਂਦੇ ਹਾਂ - ਕੋਈ ਲੈ ਵੀ ਨਹੀਂ ਸਕਦਾ - ਤਾੜਦਾ ਜੋ ਰਹਿੰਦਾ ਹੈ ਇਕ ਦੂਜੇ ਨੂੰ - ਹਰ ਕੋਈ।

ਉਂਜ ਇੱਥੇ ਮੇਰੀਆਂ ਸਾਰੀਆਂ ਸਹੇਲੀਆਂ ਹਿੰਦੂ ਹਨ। ਮੈਂ ਇਨ੍ਹਾਂ ਨਾਲ ਮੰਦਰ ਵੀ ਬਹੁਤ ਜਾਂਦੀ ਹਾਂ, ਖਾਸ ਕਰ ਤਿੱਥ-ਤਿਓਹਾਰ ਵੇਲੇ - ਇੱਥੋਂ ਦੀ ਜਨਮ -ਅਸ਼ਟਮੀ - ਮਾਲ-ਪੂੜੇ, ਖੀਰ ਦੇ ਕੱਟੇ ਫਲਾਂ ਵਾਲੀ ਪੰਜੀਰੀ ਦਾ ਪ੍ਰਸ਼ਾਦ ਤਾਂ ਅਸੀਂ ਰੱਜ ਰੱਜ ਖਾਂਦੇ ਹਾਂ। ਭੀੜ ਵਿਚ ਵੜ ਵੜ ਕੇ ਵੀ - ਪ੍ਰਸ਼ਾਦ ਦੇ ਚਾਅ ਵਿਚ ਤਾਂ ਅਸੀਂ ਰੋਜ਼ ਸ਼ਾਮ ਨੂੰ ਆਰਤੀ ਵੇਲੇ ਵੀ ਆ ਜਾਂਦੇ ਹਾਂ - ਭਾਂਤ ਸੁਭਾਂਤ ਪ੍ਰਸ਼ਾਦ - ਖਾਣ ਲਈ ਤੇ ਰਾਤ ਨੂੰ ਕਥਾ ਸੁਣਨ ਵੀ - ਸਤਿ ਨਰਾਇਣ ਦੀ ਤੇ ਕਦੇ ਰਾਮਾਇਣ ਦੀ - ਕਥਾ।

ਰਾਮਾਇਣ ਦੀ ਕਥਾ - ਸੁਨਣ ਲਈ ਤਾਂ ਅਸੀਂ ਬਿਨਾਂ ਨਾਗਾ ਆਉਂਦੇ ਹਾਂ - ਉਹ ਵੀ ਵੇਲੇ ਸਿਰ ਕਿ ਵਿਚੋਂ ਕੁਝ ਰਹਿ ਹੀ ਨਾ ਜਾਏ, ਅਣਸੁਣਿਆ - ਬਾਲਕਾਨੀ ਵਿਚ ਬੈਠ - ਬਾਲਕਾਨੀ ਵਿਚ ਤਾਂ ਅਸੀਂ ਉਪਰੋਂ ਸਿੱਧੇ ਹੀ ਆ ਜਾਂਦੇ ਹਾਂ - ਆਪਣੇ ਘਰ ਵੱਲੋਂ ਉਪਰਲੇ ਦਰਵਾਜ਼ਿਓਂ - ਜੋ ਕਦੇ ਕਦਾਈਂ ਹੀ ਖੁਲ੍ਹਦਾ ਹੈ। ਉਂਜ ਮੰਦਰ ਦਾ ਵੱਡਾ ਦਰਵਾਜ਼ਾ ਹੇਠਾਂ ਬਾਜ਼ਾਰ ਵੱਲ ਹੈ ਜੋ ਸਾਨੂੰ ਘੁੰਮ ਕੇ ਜਾਣਾ ਪੈਂਦਾ ਹੈ ਫੇਰ ਪੌੜੀਆਂ ਚੜ੍ਹ ਕੇ ਹੈ, ਉਪਰ ਮੰਦਰ।

ਹੁਣ ਕਥਾ ਦੀ ਸਮਾਪਤੀ ਤੋਂ ਬਾਅਦ ਪੰਡਤ ਜੀ ਹਰ ਰੋਜ਼ 'ਭਗਤ ਸਿੰਘ ਦੀ ਘੋੜੀ' ਗਾਉਂਦੇ ਹਨ ਤੇ ਬਾਕੀ ਸਭ ਵੀ ਉਨ੍ਹਾਂ ਦੇ ਪਿੱਛੇ-ਪਿੱਛੇ - ਇਹ ਘੋੜੀ - ਇਹਦੀ ਟੁੰਭਣ ਵਾਲੀ ਤਰਜ਼ - ਮੈਨੂੰ ਚੰਗੀ ਲਗਦੀ ਹੈ - ਉਂਜ ਭਾਵੇਂ ਇਹਦੇ ਡੂੰਘੇ ਅਰਥਾਂ ਤੋਂ ਅਸੀਂ ਕੋਰੇ ਹੀ ਹਾਂ ਅਜੇ -

"ਆਵੋ ਨੀ ਭੈਣੋ
ਰਲਮਿਲ ਗਾਵੀਏ ਘੋੜੀਆਂ
ਜੰਜ ਤੇ ਹੋਈ ਏ ਤਿਆਰ - ਵੇ... ਹਾਂ-
ਰਾਜਗੁਰੂ, ਸੁਖਦੇਵ ਸਰਬਾਲਾ
ਲਾੜਾ ਭਗਤ ਸਿੰਘ, ਸਰਦਾਰ ਵੇ... ਹਾਂ-"

ਕੁਝ ਇਸ ਤਰ੍ਹਾਂ -

ਥੋੜ੍ਹੀ ਚੜ੍ਹਾਈ ਚੜ੍ਹ ਕੇ ਅੱਗੇ ਗੁਰਦੁਆਰਾ ਸਾਹਿਬ ਹੈ ਛੋਟੇ ਸ਼ਿਮਲੇ ਦਾ - ਵੱਡੀ ਚੌੜੀ ਸੜਕ 'ਤੇ (ਜੋ ਸੈਕਟਰੀਏਟ ਤੇ ਫੇਰ ਅੱਗੋਂ ਸੰਜੌਲੀ ਵੱਲ ਨਿਕਲ ਜਾਂਦੀ ਹੈ)

ਗੁਰਦੁਆਰਾ ਬਹੁਤ ਵੱਡਾ ਨਹੀਂ ਹੈ - ਅੰਦਰ ਵੜਦੇ ਸਾਰ ਥੋੜ੍ਹਾ ਵੱਡਾ ਕਮਰਾ ਹੈ - ਜੋੜੇ ਛੱਤਰੀਆਂ ਬਰਸਾਤੀਆਂ ਤੇ ਹੋਰ ਸਮਾਨ ਰੱਖਣ ਲਈ - ਪਿੱਛੇ ਦੋ ਕਮਰੇ ਹਨ - ਸੱਜੇ ਹੱਥ ਵਾਲਾ, ਗ੍ਰੰਥੀ ਸਾਹਿਬ ਦਾ ਹੈ, ਜਿਥੇ ਹੁਣ ਭਾਈ ਸਾਹਿਬ ਭਾਈ ਗੋਪਾਲ ਸਿੰਘ ਜੀ ਰਹਿੰਦੇ ਹਨ - ਖੱਬੇ ਹੱਥ ਵਾਲਾ ਰਾਗੀ ਸਾਹਿਬਾਨ ਜਾਂ ਬਾਹਰੋਂ ਆਏ ਗਏ ਵਾਸਤੇ ਹੈ - ਬਾਹਰੋਂ ਇਕ ਪੌੜੀ ਜਾਂਦੀ ਹੈ ਉਪਰ ਵੱਲ - ਦੂਸਰੀ ਮੰਜ਼ਲ 'ਤੇ, ਇੱਥੇ ਇਕ ਹਾਲ ਕਮਰਾ ਹੈ - ਜਿੱਥੇ ਦੀਵਾਨ ਸਜਦੇ ਹਨ - ਮਹਾਰਾਜ ਜੀ ਦਾ ਪ੍ਰਕਾਸ਼ ਹੁੰਦਾ ਹੈ - ਸਾਰਾ ਕੁਝ ਪੌੜੀਆਂ, ਕੰਧਾਂ, ਫਰਸ਼ ਸਭ ਲੱਕੜ ਦੇ ਬਣੇ ਹੋਏ ਹਨ - ਕੰਧਾਂ 'ਤੇ ਹਲਕੇ ਗੁਲਾਬੀ ਰੰਗ ਦਾ, ਗੁਲਾਬ ਦੇ ਫੁੱਲਾਂ ਵਾਲਾ, ਕਾਗਜ਼ ਵੀ ਲੱਗਾ ਹੋਈਆ ਹੈ - ਚਾਰੇ ਪਾਸੇ, ਹਾਲ ਕਮਰੇ ਦੀਆਂ ਸਾਰੀਆਂ ਖਿੜਕੀਆਂ ਪਿੱਛੇ ਬਾਜ਼ਾਰ ਵੱਲ ਤੇ ਮੂਹਰੇ ਨੂੰ ਖੁਲ੍ਹਦੀਆਂ ਹਨ।

ਹੇਠਾਂ ਆ - ਸੱਜੇ ਹੱਥ ਫੇਰ ਪੌੜੀਆਂ ਉਤਰਦੀਆਂ ਹਨ, ਬਾਜ਼ਾਰ ਵੱਲ - ਥੋੜ੍ਹਾ ਹੀ ਹੇਠਾਂ ਉਤਰ ਕੇ। ਇਸੇ ਬਿਲਡਿੰਗ ਦੇ ਹੇਠਾਂ ਇਕ ਹੋਰ ਕਮਰਾ ਵੀ ਹੈ - ਲੰਗਰ ਦਾ।

ਜਦੋਂ ਵੀ ਕੋਈ ਗੁਰਪੁਰਬ ਹੁੰਦਾ ਹੈ - ਬਾਹਰ ਚੌੜੀ ਸੜਕ 'ਤੇ ਕਨਾਤਾਂ ਲਾ ਦੀਵਾਨ ਸਜਦੇ ਹਨ - ਸੜਕ ਦੇ ਦੂਜੇ ਪਾਸੇ ਸਾਹਮਣੇ ਫੇਰ ਇਕ ਪਹਾੜੀ ਹੈ, ਉੱਧਰ ਉੱਪਰ ਵੱਲ ਹੈ - ਬਾਰ ਨੈਸ-ਕੋਰਟ - ਗਵਰਨਰ ਦੀ ਕੋਠੀ, ਸਰਕਾਰੀ ਦਫ਼ਤਰ ਤੇ ਪਰ੍ਹਾਂ - ਮੁਲਾਜ਼ਮਾਂ ਦੇ ਘਰ ਵੀ ਹਨ - ਤੇਜਾ ਤਾਇਆ ਜੀ ਤੇ ਭਾਪਾ ਜੀ ਦੇ ਬਹੁਤ ਨਿੱਘੇ ਮਿੱਤਰ ਲਛਮਣ ਸਿੰਘ, ਜੋ ਗਵਰਨਰ ਹਾਊਸ ਕੰਮ ਕਰਦੇ ਹਨ - ਇਨ੍ਹਾਂ ਘਰਾਂ ਵਿਚ ਹੀ ਰਹਿੰਦੇ ਹਨ।

ਪਤਾ ਨਹੀਂ ਉਹ ਕਿਹੜਾ ਦਿਨ ਹੁੰਦਾ ਜਦੋਂ ਗਵਰਨਰ ਹਾਊਸ ਵਿਚ ਵੱਡੀਆਂ ਵੱਡੀਆਂ ਕੀਪਨੁਮਾ ਟੋਕਰੀਆਂ ਮਠਿਆਈਆਂ ਦੀਆਂ ਭਰੀਆਂ ਬੱਚਿਆਂ ਨੂੰ ਵੰਡੀਆਂ ਜਾਂਦੀਆਂ ਤਾਂ ਤੇਜਾ ਤਾਇਆ ਜੀ ਸਾਨੂੰ ਵੀ ਲੈ ਜਾਂਦੇ ਹਨ, ਉੱਥੋਂ ਦੇ ਬੱਚਿਆਂ ਨਾਲ। ਲਾਲ ਹਰੇ ਪੀਲੇ ਪੰਨਿਆਂ ਵਿਚ ਲਪੇਟੀਆਂ ਟੋਕਰੀਆਂ ਲੈ ਟਪੂਸੀਆਂ ਮਾਰਦੇ ਆਉਂਦੇ ਅਸੀਂ - ਅੰਤਾਂ ਦੇ ਖੁਸ਼ ਜਿਵੇਂ ਮਿਲਖਾਂ ਲੁੱਟ ਕੇ ਲਿਆਏ ਹੋਈਏ।

ਅੱਜ ਇੱਥੇ ਗੁਰਦੁਆਰੇ ਵਿਚ ਵੀ ਬਾਹਰ ਦੀਵਾਨ ਸਜਿਆ ਹੈ - ਬਾਬੇ ਨਾਨਕ ਦਾ ਜਨਮ ਦਿਹਾੜਾ ਜੁ ਹੈ - ਕੱਤੇ ਦੀ ਪੂਰਨਮਾਸ਼ੀ। ਦੁਪਹਿਰ ਦਾ ਦੀਵਾਨ ਹੈ। ਸ਼ਬਦ, ਕੀਰਤਨ, ਕਥਾ, ਲੈਕਚਰ ਤੇ ਹੁਣ ਭੋਗ ਤੋਂ ਪਹਿਲਾਂ ਬੱਚਿਆਂ ਦੀ ਵਾਰੀ ਕਵਿਤਾਵਾਂ ਕਹਿਣ ਦੀ - ਬੀੜ ਸਾਹਿਬ ਕੋਲ ਐਧਰ ਲਾਲ ਲਾਲ ਸੇਬਾਂ ਦਾ ਟੋਕਰਾ ਤੇ ਮਠਿਆਈ ਦੇ ਡੱਬੇ ਆ ਗਏ ਹਨ, ਵਾਰੀ ਵਾਰ ਬੱਚੇ ਕਵਿਤਾ ਪੜ੍ਹ ਰਹੇ ਹਨ- ਜੋ ਜੋ ਬੱਚਾ ਕਵਿਤਾ ਸੁਣਾਈ ਜਾ ਰਿਹਾ ਹੈ ਐਧਰ ਇਕ ਸੇਵਾਦਾਰ ਉਨ੍ਹਾਂ ਨੂੰ, ਇਕ ਇਕ ਸੇਬ ਉੱਤੇ ਬਰਫ਼ੀ ਦੀ ਟੁਕੜੀ ਧਰ - ਥਾਪੜਾ ਦੇਹ 'ਸ਼ਾਬਾਸ਼ - ਸ਼ਾਬਾਸ਼' ਕਹਿ ਤੋਰੀ ਜਾਂਦਾ ਹੈ - ਮੈਂ ਆਪਣੀ ਵਾਰੀ 'ਤੇ ਕਵਿਤਾ ਪੜ੍ਹਦੀ ਹਾਂ -

"ਨਨਕਾਣੇ ਵਿਚ ਮੱਝੀਆਂ ਚਾਰੇ,
ਨਾਨਕ ਮੇਰਾ ਨਿੱਕਾ ਜਿਹਾ..."

ਸੇਬ ਬਰਫ਼ੀ ਲੈ ਅਸੀਂ ਦੀਵਾਨ ਤੋਂ ਬਾਹਰ ਆ - ਸਾਹਮਣੀ ਪਹਾੜੀ 'ਤੇ ਬੈਠੀ ਜਾਂਦੇ ਹਾਂ - ਉਥੋਂ ਵੀ ਹੇਠਾਂ ਸਾਹਮਣੇ ਦੀਵਾਨ ਦੀ ਸਾਰੀ ਕਾਰਗੁਜ਼ਾਰੀ ਦਿਖ ਰਹੀ ਹੈ - ਉਥੇ ਬੈਠ ਅਸੀਂ ਬਾਕੀ ਸਾਥੀਆਂ ਦਾ ਇੰਤਜ਼ਾਰ ਕਰੀ ਜਾ ਰਹੇ ਹਾਂ ਤੇ ਨਾਲ ਨਾਲ ਬਾਂਦਰਾਂ ਵਾਂਗ ਦੰਦੀਆਂ ਵੱਢ ਵੱਢ ਸੇਬ ਖਾਈ ਜਾ ਰਹੇ ਹਾਂ - ਚਾਮ੍ਹਲੇ ਚਾਮ੍ਹਲੇ - ਜਿਵੇਂ ਪਤਾ ਨਹੀਂ ਕਿੱਡਾ ਵੱਡਾ ਕਾਰਨਾਮਾ ਕੀਤਾ ਹੋਵੇ ਅਸੀਂ, ਜੋ ਇਸ



ਇਨਾਮ ਦੀ ਖੁਸ਼ੀ ਵਿਚ ਫੁੱਲੇ ਨਹੀਂ ਸਮਾ ਰਹੇ ਹਾਂ। ਲੋਕੀਂ ਵੀ ਤਾਂ ਐਧਰ ਨੂੰ ਦੇਖ ਦੇਖ ਹੱਸੀ ਜਾ ਰਹੇ ਹਨ- ਪਤਾ ਨਹੀਂ ਕਿਉਂ। ਲਗਦਾ ਹੈ, ਹੁਣ ਐਧਰ ਪਹਾੜੀ 'ਤੇ ਵੀ ਇਕ ਦੀਵਾਨ ਸਜ ਗਿਆ ਹੈ - ਨਿਆਣਿਆਂ ਦਾ ਆਪਣਾ ਦੀਵਾਨ - ਆਨੰਦ ਮੰਗਲਾਚਾਰ....।

**ਬਨਫ਼ਸ਼ਾ ਦੇ ਫੁੱਲ**

ਕਦੇ ਕਦੇ ਐਤਵਾਰ ਵਾਲੇ ਦਿਨ ਘੁੰਮਣ ਚਲੇ ਜਾਂਦੇ ਹਾਂ ਅਸੀਂ-

ਕਦੀ ਕੁਸੁਮਟੀ ਵੱਲ ਪਰ੍ਹਾਂ 'ਪਰੀ - ਮਹਿਲ' ਤੱਕ ਜਾਂ ਉਸ ਤੋਂ ਵੀ ਅੱਗੇ ਪਿੰਡਾਂ ਖੇਤਾਂ ਵੱਲ।

ਕਦੇ ਵੱਡੇ ਸ਼ਿਮਲੇ - ਲੱਕੜ-ਬਾਜ਼ਾਰ ਤੋਂ ਹੁੰਦੇ ਉੱਧਰ ਸੰਜੌਲੀ ਵੱਲ ਵੀ ਕਦੇ ਜਾਖੂ ਮੰਦਰ ਤੱਕ ਕਦੇ ਐਧਰ ਕੈਥੂ ਲੰਘ ਹੇਠਾਂ 'ਅੰਡਾਡੇਲ' ਵੱਡੀ ਖੁਲ੍ਹੀ ਗਰਾਊਂਡ ਵੱਲ - ਉਂਜ ਇੱਥੇ ਤਾਂ ਅਸੀਂ ਦੁਸਹਿਰੇ ਨੂੰ ਹੀ ਆਉਂਦੇ ਹਾਂ ਖਾਸ ਤੌਰ 'ਤੇ।

- ਤੇ ਕਦੇ ਕਦੇ ਖਲੀਣੀ ਮਾਸੜ ਈਸ਼ਰ ਸਿੰਘ ਹੋਰਾਂ ਦੇ ਘਰ - ਕਦੀ ਸਾਡੇ ਨਾਲ ਬੀਜੀ ਭਾਪਾ ਜੀ ਹੋਣੀ ਵੀ ਹੁੰਦੇ ਹਨ ਤੇ ਕਦੀ ਅਸੀਂ ਤਿੰਨੇ ਭੈਣ ਭਰਾ ਇਕੱਠੇ ਵੀ ਚਲੇ ਜਾਂਦੇ ਹਾਂ।

ਅੱਜ ਐਤਵਾਰ ਹੀ ਹੈ ਤੇ ਅਸੀਂ ਤਿੰਨੇ ਹੀ ਇਕੱਲੇ ਸਿਰ ਨਹਾ ਧੋ - ਖਾ, ਪੀ ਤੁਰ ਪੈਂਦੇ ਹਾਂ, ਐਧਰ ਸੰਜੌਲੀ ਵੱਲ -

ਸੈਕਟਰੀਏਟ ਦੇ ਖੱਬੇ ਪਾਸਿਓਂ ਹੇਠਾਂ ਨੂੰ ਇਕ ਕੱਚਾ ਰਸਤਾ ਉਤਰਦਾ ਹੈ - ਪੈਦਲ ਆਉਣ ਜਾਣ ਲਈ ਤੇ ਇਹ ਰਾਹਮ ਘੁੰਮ ਕੇ ਅੱਗੋਂ ਫੇਰ ਸੰਜੌਲੀ ਵਾਲੀ ਪੱਕੀ ਸੜਕ ਨੂੰ ਜਾ ਮਿਲਦਾ ਹੈ। ਜਾਣ ਵੇਲੇ ਅਸੀਂ ਕੱਚੇ ਰਸਤੇ ਤੋਂ ਜਾਂਦੇ ਹਾਂ ਤੇ ਵਾਪਸੀ ਵੇਲੇ ਉੱਧਰੋਂ ਪੱਕੀ ਸੜਕ ਤੋਂ ਈ ਮੁੜਦੇ ਹਾਂ। ਉਂਜ - ਇੱਥੇ ਪਹਿਲਾਂ ਅਸੀਂ ਘਰਦਿਆਂ ਨਾਲ ਵੀ ਆਏ ਹਾਂ - ਕਈ ਵਾਰ।

ਥੋੜ੍ਹਾ ਅੱਗੇ ਜਾ, ਖੱਬੇ ਪਾਸੇ ਜੋ ਨਾਲ ਨਾਲ ਪਹਾੜੀ ਹੈ ਇਥੇ 'ਬਨਫਸ਼ਾ' ਬਹੁਤ ਲੱਗੀ ਹੁੰਦੀ ਹੈ- ਜੀਹਨੂੰ ਅਸੀਂ ਗਲਬਾਤ ਵਿਚ ਤਾਂ 'ਬਨਖਸ਼' ਹੀ ਕਹਿੰਦੇ ਹਾਂ - ਅੱਜ ਵੀ ਅਸੀਂ ਇਹ 'ਬਨਖਸ਼ਾ' ਹੀ ਤੋੜਨ ਆਏ ਹਾਂ, ਤਿੰਨ ਜਣੇ- ਸਿੰਦਰ ਮੋਹਤ ਤੇ ਮੈਂ।

ਨਿੱਕੀਆਂ ਨਿੱਕੀਆਂ ਪਗਡੰਡੀਆਂ ਤੋਂ ਅਸੀਂ ਬਚ ਬਚਾ ਉੱਪਰ ਚੜ੍ਹ ਜਾਂਦੇ ਹਾਂ। ਆਸੇ ਪਾਸੇ ਹੋਰ ਵੀ ਬਹੁਤ ਤਰ੍ਹਾਂ ਦੀਆਂ ਬੂਟੀਆਂ ਹਨ - ਸਾਡੀਆਂ ਜਾਣੀਆਂ ਪਛਾਣੀਆਂ ਵੀ ਜਿਵੇਂ ਬਿੱਛੂ-ਬੂਟੀ, ਸੱਪ-ਬੂਟੀ ਤੇ ਕਈ ਤਰ੍ਹਾਂ ਦਾ ਸਾਗ-ਪੱਤਾ ਵੀ - ਚੁਲਾਈ ਕੁਲਫਾ ਬਾਥੂ ਆਦਿ। ਬਿਛੂ ਬੂਟੀ ਤਾਂ ਲੜਨ ਵਾਲੀ ਹੁੰਦੀ ਹੈ ਇਸ ਤੋਂ ਬੱਚ ਬੱਚ ਕੇ ਚਲਦੇ ਹਾਂ ਅਸੀਂ - ਜਿੱਥੇ ਮਾੜੀ ਜੀ ਨਾਲ ਲੱਗ ਗਈ ਵੱਡੇ ਵੱਡੇ ਧੱਪੜ ਬਣ ਜਾਂਦੇ ਹਨ ਤੇ ਸੱਪ-ਬੂਟੀ ਇਹਦੀ ਸ਼ਕਲ ਸੱਪ ਵਰਗੀ ਹੁੰਦੀ ਹੈ - ਵੱਡਾ ਸਾਰਾ ਪੱਤਾ ਸੱਪ ਦੇ ਫਣ ਵਰਗਾ ਤੇ ਮੂਹਰੇ ਨੂੰ ਇਕ ਤਾਰ ਨਿਰਕਲੀ ਹੁੰਦੀ ਹੈ ਸੱਪ ਦੀ ਜੀਭ ਵਰਗੀ ਤੇ ਇਹਦੇ ਢਿੱਡ 'ਤੇ ਇਕ ਬਹੁਤ ਵੱਡੀ ਛੱਲੀ ਲੱਗੀ ਹੁੰਦੀ ਹੈ - ਲਾਲ ਸੁਰਖ ਦਾਣਿਆਂ ਵਾਲੀ - ਕਹਿੰਦੇ ਬਹੁਤ ਜ਼ਹਿਰੀਲੀ ਹੁੰਦੀ ਹੈ ਇਹ - ਇਸ ਬੂਟੀ ਨੂੰ ਤਾਂ ਬਸ ਦੇਖ ਕੇ ਹੀ ਬਹੁਤ ਡਰ ਲਗਦਾ ਹੈ।

ਤੇ ਹੁਣ ਅਸੀਂ ਬਰੀਕ ਬਰੀਕ ਧਾਗਿਆਂ ਵਰਗੀਆਂ ਡੰਡੀਆਂ - ਜਿਨ੍ਹਾਂ ਤੇ ਨੀਲੇ ਨੀਲੇ ਥੋੜੇ ਜਾਮਣੀ ਜਿਹੇ ਰੰਗ ਦੇ ਫੁੱਲ ਲੱਗੇ ਹੁੰਦੇ ਹਨ। ਇਹ ਤੋੜਦੇ ਹਾਂ - ਇਹੋ 'ਬਨਫਸ਼ਾ' ਦੇ ਫੁੱਲ ਹਨ - ਤੋੜ ਤੋੜ ਅਸੀਂ ਹੱਥਾਂ ਵਿਚ ਇਕੱਠੇ ਕਰੀ ਜਾਂਦੇ ਹਾਂ- ਨਿੱਕੇ ਨਿੱਕੇ 'ਗੁਲਦਸਤੇ' ਬਣਾ। ਉਚੇ ਨੀਵੇਂ ਜਿੱਧਰ ਫੁੱਲ ਦਿਖਦਾ ਅਸੀਂ ਨੱਠ ਨੱਠ ਤੋੜਦੇ ਹਾਂ ਬਚ ਬਚ ਕੇ ਕਿ ਕਿਤੇ ਡਿੱਗ ਹੀ ਨਾ ਜਾਈਏ। ਇਕ ਵਾਰ ਮੋਹਣ 'ਤੇ ਡਿੱਗਿਆ ਵੀ ਸੀ ਜਦੋਂ ਬੀਜੀ ਹੋਰਾਂ ਨਾਲ ਆਏ ਸਾਂ ਅਸੀਂ - ਰੁੜ੍ਹਦਾ ਰੁੜ੍ਹਦਾ ਹੇਠਾਂ ਚਲਾ ਗਿਆ ਸੀ। ਜੇ ਰਾਹ ਵਿਚ ਉਹ ਵੱਡੀ ਝਾੜੀ ਵਿਚ ਨਾ ਅਟਕ ਜਾਂਦਾ ਤਾਂ ਹੇਠਾਂ ਜਾਂਦਾ ਸਿੱਧਾ - ਰਾਹ ਵਿਚ ਆ ਕੇ ਡਿੱਗਣਾਂ ਸੀ ਉਸ ਤੇ ਫੇਰ ਤਾਂ ਖ਼ਬਰਨੀ ਕਿੰਨੀਆਂ ਕੁ ਸੱਟਾਂ ਲਗਦੀਆਂ ਪਰ ਉਹ ਕਿਹੜਾ ਹਟਿਆ ਹੈ - ਅੱਜ ਫੇਰ ਆ ਗਿਆ ਹੈ ਸਾਡੇ ਨਾਲ, ਜਿੱਦ ਕਰਕੇ - ਟੇਢਾ ਟੇਢਾ ਜਿਹਾ ਤੁਰਦਾ ਤੁਰਦਾ...।

ਘਰ ਲਿਆ - ਸੁਖਾ - ਇਹ ਫੁੱਲ ਅਸੀਂ ਪਿੰਡ ਵੀ ਲੈ ਜਾਂਦੇ ਹਾਂ - ਨਾਨਕੀਂ- ਦਾਦਕੀਂ - ਬੀਜੀ ਜਿੱਥੇ ਅਨਾਰਦਾਣਾ, ਅਖਰੋਟ ਸਾਰਿਆਂ ਨੂੰ ਵੰਡਦੇ ਹਨ, ਉੱਥੇ ਨਾਲ ਨਾਲ ਥੋੜ੍ਹਾ ਥੋੜ੍ਹਾ 'ਬਨਖਸ਼ਾ' ਵੀ ਦਿੰਦੇ ਹਨ। ਉਂਜ ਅਨਾਰਦਾਣਾ ਵੀ ਤਾਂ ਅਸੀਂ ਘਰ ਹੀ ਬਣਾ ਲੈਂਦੇ ਹਾਂ - ਬਾਜ਼ਾਰ ਤੋਂ ਦਾੜੂ (ਕੱਚੇ ਅਨਾਰ) ਲਿਆ ਜਾਂ ਕਿਲਟਿਆਂ (ਪਹਾੜੀ - ਲੰਮੀਆਂ ਲੰਮੀਆਂ ਟੋਕਰੀਆਂ ਜੋ ਉਨ੍ਹਾਂ ਪਿੱਠਾਂ 'ਤੇ ਬੰਨ੍ਹੀਆਂ ਹੁੰਦੀਆਂ ਹਨ) ਵਿਚ ਭਰੀ 'ਪਹਾੜੀਏ' ਗਲੀਆਂ ਵਿਚ ਵੇਚ ਜਾਂਦੇ ਹਨ। ਉਨ੍ਹਾਂ ਤੋਂ ਖਰੀਦ ਜਾਂ ਜਦੋਂ ਕਦੀ ਉੱਧਰ ਪਿੰਡਾਂ ਵੱਲ ਸੈਰ ਕਰਨ ਜਾਂਦੇ ਹਾਂ - ਉੱਥੇ ਲੈ ਆਉਂਦੇ ਹਾਂ। ਭੋਰ ਭੋਰ ਘਰ ਮੰਜੀਆਂ ਤੇ ਸੁਖਾ - ਅਨਾਰ ਦਾਣਾ ਬਣਾ ਲੈਂਦੇ ਹਾਂ। ਸੱਚ ਮੈਂ ਦਸਣਾ ਤਾਂ ਭੁੱਲ ਹੀ ਗਈ ਹਾਂ ਬੀਜੀ ਐਧਰ ਤੋਂ ਤਾਂ ਅਖਰੋਟ ਦਾ ਸੱਕ ਵੀ ਲੈ ਜਾਂਦੇ ਹਨ, ਉਹ ਵੀ ਸੁਕਾ- ਪਿੰਡ ਮਾਮੀ ਜੀ ਹੋਰਾਂ ਤਾਈ ਜੀ ਹੋਰਾਂ ਨੂੰ ਦਿੰਦੇ ਹਨ - 'ਦੰਦਾਸੇ' ਵਾਸਤੇ।

ਕਸੁਮਟੀ ਤਾਂ ਇਕ ਵਾਰ ਜਦੋਂ ਅਸੀਂ ਐਧਰ ਖੇਤਾਂ ਵੱਲ ਘੁੰਮਣ ਆਏ -ਇਕ 'ਪਹਾੜੀਏ' ਨੇ ਆਪਣੀਆਂ -ਆਪਣੇ ਨਿਆਣਿਆਂ ਦੀਆਂ ਫੋਟੋਆਂ ਖਿਚਵਾਉਣ ਬਦਲੇ ਸਾਨੂੰ ਢੇਰ ਸਾਰੀਆਂ ਨਾਖਾਂ, ਸੇਬ, 'ਲੂਚੇ, ਖੁਰਮਾਣੀਆਂ ਵੀ ਦਿੱਤੀਆਂ ਸਨ ਤੇ ਨਾਲ ਲੀਂਗੜੂਆਂ ਦੀਆਂ ਗੰਦਲਾਂ ਵੀ (ਲੀਂਗੜੂ ਲੰਮੀਆਂ ਲੰਮੀਆਂ ਗੰਦਲਾਂ ਹੀ ਹੁੰਦੀਆਂ ਹਨ ਮੂਹਰੇ ਤੋਂ ਚਕਰੀਆਂ ਵਾਂਗ ਗੋਲ ਮੁੜੀਆਂ) ਕੱਟ ਕੇ ਸਰ੍ਹੋਂ ਦੇ ਤੇਲ ਵਿਚ ਤੁੜਕ ਕੇ ਭੁਰਜੀ ਬਣਦੀ ਹੈ - ਇਨ੍ਹਾਂ ਦੀ - ਇਹ ਇਕ ਪਹਾੜੀ ਫ਼ਸਲ ਹੈ - ਸਾਗ ਵਾਂਗ। ਜਿੰਨੇ ਕੁ ਫੁੱਲ ਲੱਭਦੇ ਅਸੀਂ ਤੋੜ ਅੱਗੇ ਚੱਲੇ ਜਾਂਦੇ ਹਾਂ। ਅੱਗੇ ਪੱਕੀ ਸੜਕ 'ਤੇ -ਐਧਰ ਸੱਜੇ ਹੱਥ ਇਕ ਕਬਰਿਸਤਾਨ ਹੈ ਅੰਗਰੇਜ਼ਾਂ ਦਾ - ਵੱਡੇ ਪੱਕੇ ਲੋਹੇ ਦਾ ਗੇਟ ਵਾਲਾ - ਅੰਦਰ ਲੰਘ ਅਸੀਂ ਵੱਡੀਆਂ ਛੋਟੀਆਂ ਕਬਰਾਂ ਵੇਖਦੇ ਹਾਂ ਜਿਨ੍ਹਾਂ 'ਤੇ ਨਾਂ, ਉਮਰਾਂ, ਮਿਤੀਆਂ ਹੋਰ ਪਤਾ ਨੀ ਕੀ ਕੀ ਲਿਖਿਆ ਹੋਇਆ ਹੈ। (ਹੁਣ ਮੈਂ ਥੋੜ੍ਹੀ ਥੋੜ੍ਹੀ ਅੰਗਰੇਜ਼ੀ ਵੀ ਪੜ੍ਹ ਲੈਂਦੀ ਹਾਂ।) ਇੱਥੇ ਘੁੰਮਦੇ ਹਾਂ ਬੈਠਦੇ ਹਾਂ ਪਰ ਇੱਥੇ ਸਾਨੂੰ ਕਦੀ ਡਰ ਨਹੀਂ ਲਗਦਾ ਹੈ - ਆਪਣੇ ਪਿੰਡ ਦੇ ਸਿਵਿਆ ਵਾਂਗ - ਚੁੜੇਲਾਂ ਦਾ, ਖ਼ਬਰੇ ਇੱਥੇ ਚੁੜੇਲਾਂ ਹੁੰਦੀਆਂ ਹੀ ਨਾ ਹੋਣ। ਹੁੰਦੀਆਂ ਵੀ ਹੋਣਗੀਆਂ, ਸਾਨੂੰ ਕਿਹੜਾ ਕਿਸੀ ਨੇ ਦਸਿਆ ਹੈ - ਨਾ ਰੋਕਿਆ ਹੈ ਇੱਥੇ ਆਉਣ ਤੋਂ - ਇੱਥੇ ਤਾਂ ਮੈਂ ਉਦੋਂ ਵੀ ਆ ਜਾਂਦੀ ਹਾਂ ਜਦੋਂ ਬੀਜੀ ਹੋਰਾਂ ਜਾਂ ਗੁਆਂਢਣਾਂ ਨਾਲ ਆਉਂਦੇ ਹਾਂ - ਤੇ ਇੰਜ ਬੇਫ਼ਿਕਰ, ਬੇਖੌਫ, ਘੁੰਮ ਘੁਮਾ - ਅਸੀਂ ਸੈਰ ਕਰਦੇ ਕਰਾਂਦੇ, ਆਰਾਮ ਨਾਲ ਘਰ ਪਰਤ ਜਾਂਦੇ ਹਾਂ-ਸੰਝਾਂ ਤੱਕ।

*(ਬਾਕੀ ਅਗਲੇ ਹ.ਫਤੇ)*

# ਸੰਪੂਰਨ ਸਟੀਕ ਰਿਲੀਜ਼ ਹੋਣ ਤੋਂ ਪਹਿਲਾਂ ਹੀ ਦਮਦਮੀ ਟਕਸਾਲ ਤੇ ਜਥਾ ਰੰਧਾਵਾ ਵਿਚਾਲੇ ਟਕਰਾਅ

**ਫ਼ਤਹਿਗੜ ਸਾਹਿਬ/ਬਿਊਰੋ ਨਿਊਜ਼ :** ਸਿੱਖ ਪ੍ਰਚਾਰਕ ਸੰਤ ਹਰੀ ਸਿੰਘ ਰੰਧਾਵਾ ਵਾਲਿਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਲਿਖੇ ਸੰਪੂਰਨ ਸਟੀਕ ਦੇ ਰਿਲੀਜ਼ ਹੋਣ ਤੋਂ ਪਹਿਲਾਂ ਹੀ ਦਮਦਮੀ ਟਕਸਾਲ ਅਤੇ ਜਥਾ ਰੰਧਾਵਾ ਵਿਚਕਾਰ ਟਕਰਾਅ ਵੱਧ ਗਿਆ ਹੈ।

ਜ਼ਿਕਰਯੋਗ ਹੈ ਕਿ ਦਮਦਮੀ ਟਕਸਾਲ ਦੇ ਮੁਖੀ ਸੰਤ ਹਰਨਾਮ ਸਿੰਘ ਖ਼ਾਲਸਾ (ਧੁੰਮਾ) ਵੱਲੋਂ ਅਖ਼ਬਾਰਾਂ ਰਾਹੀਂ ਬਿਆਨ ਦੇ ਕੇ ਜਥਾ ਰੰਧਾਵਾ 'ਤੇ ਦਮਦਮੀ ਟਕਸਾਲ ਦੇ ਸੰਪ੍ਰਦਾਇ ਅਰਥਾਂ ਸਮੇਤ ਟੀਕਾ ਪ੍ਰਕਾਸ਼ਿਤ ਕਰਨ ਨੂੰ ਤੱਥਾਂ ਤੋਂ ਸੱਖਣਾ ਦੱਸਿਆ ਗਿਆ ਹੈ। ਏਨਾ ਹੀ ਨਹੀਂ ਉਨਾਂ ਜਥਾ ਰੰਧਾਵਾ 'ਤੇ ਉਕਤ ਅਰਥਾਂ ਨੂੰ ਦਮਦਮੀ ਟਕਸਾਲ ਦੇ 12ਵੇਂ ਮੁਖੀ ਸੰਤ ਗੁਰਬਚਨ ਸਿੰਘ ਖ਼ਾਲਸਾ ਦੇ ਰਿਕਾਰਡ ਕੀਤੇ ਹੋਏ ਗੁਰਬਾਣੀ ਦੇ ਅਰਥਾਂ ਨੂੰ ਚੋਰੀ ਲਿਖਵਾ ਕੇ ਆਪਣੇ ਨਾਂ ਹੇਠ ਟੀਕਾ ਪ੍ਰਕਾਸ਼ਤ ਕਰਨ ਦੇ ਦੋਸ਼ ਵੀ ਲਾਏ ਹਨ।

ਉੱਧਰ, ਗੁਰਮਤਿ ਵਿਦਿਆਲਿਆ ਜਥਾ ਰੰਧਾਵਾ ਨੇ ਗਿਆਨੀ ਧੁੰਮਾ ਦੇਬਿਆਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨਾਂ ਕਿਹਾ ਕਿ ਜਿਸ ਵਿਦਿਆਰਥੀ ਕੋਲ ਵੀ ਟਕਸਾਲ ਦੀ ਗੁਰਮਤਿ ਵਿੱਦਿਆ ਦਾ ਖ਼ਜ਼ਾਨਾ ਹੈ ਭਾਵੇਂ ਉਸ ਨੇ ਕਿਸੇ ਵੀ ਟਕਸਾਲੀ ਵਿਦਵਾਨ ਕੋਲੋਂ ਪ੍ਰਾਪਤ ਕੀਤਾ ਹੋਵੇ, ਉਸ ਨੂੰ ਸੰਪ੍ਰਦਾਇ ਦਮਦਮੀ ਟਕਸਾਲ ਅਖਵਾਉਣ ਦਾ ਪੂਰਾ ਹੱਕ ਹੈ, ਇਸ ਲਈ ਜਥਾ ਰੰਧਾਵਾ ਨੂੰ ਕਿਸੇ ਖ਼ਾਸ ਸਿਆਸੀ ਧਿਰ ਨਾਲ ਸਬੰਧਤ ਇਕ ਨਿੱਜੀ ਡੇਰੇਦਾਰ ਕੋਲੋਂ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਹੈ। ਜਥਾ ਰੰਧਾਵਾ ਵੱਲੋਂ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਅਤੇ ਭਾਈ ਦਰਸ਼ਨ ਸਿੰਘ ਜਥੇਦਾਰ ਨੇ ਸੰਤ ਧੁੰਮਾ ਨੂੰ ਸਵਾਲ ਕੀਤਾ ਕਿ ਜਿਹੜਾ ਹੁਣ ਗੁਰਮਤਿ ਪ੍ਰਚਾਰ ਤੇ ਪ੍ਰਸਾਰ ਰੋਕਣ ਸਮੇਂ ਟਕਸਾਲੀਪੁਣਾ ਜਾਗਿਆ ਹੈ ਉਹ ਉਦੋਂ ਕਿਉਂ ਨਹੀਂ ਸੀ ਜਾਗਿਆ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋ ਰਹੀ ਸੀ ਅਤੇ ਨਿਰਦੋਸ਼ ਸਿੱਖ ਮਾਰੇ ਜਾ ਰਹੇ ਸਨ।

ਉਨਾਂ ਕਿਹਾ ਕਿ ਗਿਆਨੀ ਧੁੰਮਾ ਪ੍ਰਚਾਰਕਾਂ ਨੂੰ ਧਮਕੀਆਂ ਦੇਣੀਆਂ ਬੰਦ ਕਰੇ। ਗਿਆਨੀ ਗੁਰਬਚਨ ਸਿੰਘ ਖ਼ਾਲਸਾ ਦੇ ਟੇਪ ਰਿਕਾਰਡ ਤੋਂ ਇਲਾਵਾ ਹੋਰ ਗ੍ਰੰਥਾਂ ਤੇ ਸਟੀਕਾਂ ਆਦਿ ਦਾ ਡੂੰਘਾ ਅਧਿਐਨ ਕਰਨ ਤੋਂ ਬਾਅਦ ਹੀ ਟੀਕਾ ਲਿਖਿਆ ਗਿਆ ਹੈ। ਗੁਰਬਾਣੀ ਕੇਵਲ ਇਕ ਵਿਅਕਤੀ ਤੱਕ ਸੀਮਿਤ ਨਹੀਂ ਹੈ ਉਸ ਨੂੰ ਕੋਈ ਵੀ ਵਿਅਕਤੀ ਪੜ ਤੇ ਲਿਖ ਸਕਦਾ ਹੈ। ਜਥਾ ਰੰਧਾਵਾ ਨੇ ਪਹਿਲਾਂ ਹੀ ਐਲਾਨ ਕੀਤਾ ਸੀ ਕਿ ਸਟੀਕ ਦੀ ਪਹਿਲੀ ਐਡੀਸ਼ਨ ਕਥਾਕਾਰਾਂ ਅਤੇ ਪ੍ਰਚਾਰਕਾਂ ਨੂੰ ਬਿਨਾਂ ਭੇਦਭਾਵ ਤੋਂ ਮੁਫਤ ਭੇਟ ਕੀਤੀ ਜਾਵੇਗੀ।

ਉਨਾਂ ਕਿਹਾ ਕਿ ਹੋਰ ਕਈ ਲਾਲਚੀ ਸੰਤਾਂ ਵਾਂਗ ਗੁਰਬਾਣੀ ਦਾ ਮੁੱਲ ਨਹੀਂ ਵੱਟਿਆ ਜਾਵੇਗਾ ਜਿਸ ਕਾਰਨ ਗਿਆਨੀ ਧੁੰਮਾ ਵਿੱਚ ਉਕਤ ਈਰਖਾ ਜਾਗੀ ਹੈ। ਉਨਾਂ ਕਿਹਾ ਕਿ ਸਿਆਸੀ ਵਰਕਰ ਵਾਂਗ ਵਿਚਰ ਰਹੇ ਗਿਆਨੀ ਧੁੰਮਾ ਨੂੰ ਜਥਾ ਰੰਧਾਵਾ ਜਵਾਬਦੇਹ ਨਹੀਂ ਹੈ। ਉਨਾਂ ਦੀ ਜਵਾਬਦੇਹੀ ਸਿੱਖ ਸੰਗਤ ਅਤੇ ਸਮੁੱਚੇ ਪੰਥ ਨੂੰ ਹੈ।

## ਹਿੰਦ-ਪਾਕਿ ਵੰਡ ਦਾ ਦਰਦ...

ਭਾਰਤ ਅਤੇ ਪਾਕਿਸਤਾਨ ਆਜ਼ਾਦੀ ਦੀ 70ਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ ਕਰ ਰਹੇ ਹਨ। (ਪਾਕਿਸਤਾਨ ਵਿਚ 14 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਇਆ ਜਾਂਦਾ ਹੈ ਤੇ ਭਾਰਤ 15 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਉਂਦਾ ਹੈ।) ਇਸ ਵੰਡ ਕਾਰਨ ਜੋ ਜ਼ਖ਼ਮ ਦੋਹਾਂ ਮੁਲਕਾਂ 'ਤੇ ਲੱਗੇ, ਉਹ ਵਰ੍ਹਿਆਂ ਬਾਅਦ ਵੀ ਭਰੇ ਨਹੀਂ ਜਾ ਸਕੇ। ਇਸ ਮੌਕੇ ਭਾਰਤ ਵਿਚ ਬੀਬੀਸੀ ਦੇ ਸਾਬਕਾ ਪੱਤਰਕਾਰ ਐਂਡਰਿਊ ਵ੍ਹਾਈਟਹੈਡ ਅਤੇ ਬੀਬੀਸੀ ਦੇ ਪੱਤਰਕਾਰ ਇਸ਼ਲੀਨ ਕੌਰ ਤੇ ਸ਼ੀਰਾਜ ਵਲੋਂ ਭਾਰਤ ਦੀ ਵੰਡ ਦੀ ਵਿਰਾਸਤ ਅਤੇ ਇਸ ਦੇ ਅਸਰ ਉੱਤੇ ਆਪਣਾ ਨਜ਼ਰੀਆ ਪੇਸ਼ ਕਰ ਰਹੇ ਹਨ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ।

# ਵੰਡ ਇਕੱਠੇ ਹੋਈ, ਪਾਕਿਸਤਾਨ ਦੀ ਆਜ਼ਾਦੀ ਪਹਿਲਾਂ ਕਿਵੇਂ



**ਵੁਸਤੁਲਾਹ ਖਾਨ, ਪਾਕਿਸਤਾਨ ਤੋਂ**

ਪਾਕਿਸਤਾਨ ਆਪਣਾ ਆਜ਼ਾਦੀ ਦਿਹਾੜਾ 14 ਅਗਸਤ ਨੂੰ ਮਨਾਉਂਦਾ ਹੈ, ਜਦਕਿ ਭਾਰਤ ਇਕ ਦਿਨ ਬਾਅਦ 15 ਅਗਸਤ ਨੂੰ। ਅੰਗਰੇਜ਼ੀ ਤੋਂ ਇਕ ਹੀ ਦਿਨ ਆਜ਼ਾਦੀ ਮਿਲਣ ਤੋਂ ਬਾਅਦ ਵੀ ਭਾਰਤ ਅਤੇ ਪਾਕਿਸਤਾਨ ਵੱਖ-ਵੱਖ ਆਜ਼ਾਦੀ ਦਿਹਾੜੇ ਮਨਾਉਂਦੇ ਹਨ। ਕੀ ਪਾਕਿਸਤਾਨ ਅਸਲ 'ਚ ਇਕ ਦਿਨ ਪਹਿਲਾਂ ਆਜ਼ਾਦ ਹੋ ਗਿਆ ਸੀ? ਪਾਕਿਸਤਾਨ ਨੂੰ ਇਕ ਦਿਨ ਪਹਿਲਾਂ ਆਜ਼ਾਦੀ ਮਿਲੀ ਵੀ ਸੀ ਜਾਂ ਨਹੀਂ। ਆਜ਼ਾਦੀ ਦਿਹਾੜੇ 'ਤੇ ਤਾਂ ਗੱਲ ਹੁੰਦੀ ਰਹੇਗੀ, ਪਹਿਲਾਂ ਇਕ ਮਸਲਾ ਸੁਲਝਾਉਣ 'ਚ ਮੇਰੀ ਮਦਦ ਕਰੋ। ਇਹ ਦੱਸੋ ਕਿ ਜਦੋਂ ਤੁਸੀਂ ਇਕ ਤਰਬੂਜ਼ਾ ਚਾਕੂ ਨਾਲ ਕੱਟਦੇ ਹੋ ਤਾਂ ਕੀ ਉਸੇ ਸਮੇਂ ਉਸ ਦੇ ਦੋ ਟੁਕੜੇ ਹੋ ਜਾਂਦੇ ਹਨ ਜਾਂ ਫਿਰ ਇਕ ਟੁਕੜਾ ਮੰਗਲਵਾਰ ਨੂੰ ਹੁੰਦਾ ਹੈ ਅਤੇ ਦੂਜਾ ਬੁੱਧਵਾਰ ਨੂੰ?

ਤੁਸੀਂ ਭਾਵੇਂ ਕਹਿੰਦੇ ਰਹੋ ਕਿ ਇਹ ਕੀ ਪਾਗਲਪਨ ਦਾ ਸਵਾਲ ਹੈ, ਪਰ ਮੇਰੇ ਲਈ ਇਹ ਇਕ ਗੰਭੀਰ ਸਮੱਸਿਆ ਹੈ। ਕੋਈ ਹਾਸੇ ਵਾਲੀ ਗੱਲ ਨਹੀਂ। ਚਲੋ ਇਕ ਉਦਾਹਰਣ ਦਿੰਦਾ ਹਾਂ। ਇਹ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਅੰਗਰੇਜ਼ਾਂ ਨੇ ਇੰਡੀਅਨ ਇੰਡੀਪੈਂਡੇਂਸ ਐਕਟ ਅਨੁਸਾਰ ਭਾਰਤ ਅਤੇ ਪਾਕਿਸਤਾਨ ਨੂੰ 1947 'ਚ 14 ਅਤੇ 15 ਅਗਸਤ ਵਿਚਕਾਰ ਦੀ ਰਾਤ ਆਜ਼ਾਦ ਕੀਤਾ ਅਤੇ 12 ਵਜੇ ਦਾ ਹੂਟਰ ਵੱਜਦੇ ਹੀ ਦੋ ਦੇਸ਼ ਵਜੂਦ 'ਚ ਆ ਗਏ। ਜੇ ਇਕ ਦੇਸ਼ ਨੂੰ ਰਾਤ 12 ਵਜੇ ਦੋ ਹਿੱਸਿਆਂ 'ਚ ਵੰਡਿਆ ਗਿਆ ਤਾਂ ਫਿਰ ਇਹ ਕਿਵੇਂ ਹੋਇਆ ਕਿ ਪਾਕਿਸਤਾਨ ਆਪਣਾ ਆਜ਼ਾਦੀ ਦਿਹਾੜਾ 14 ਅਤੇ ਭਾਰਤ 15 ਅਗਸਤ ਨੂੰ ਮਨਾਉਂਦਾ ਹੈ? ਪਾਕਿਸਤਾਨ ਬਣਨ ਤੋਂ ਬਾਅਦ ਮੁਹੰਮਦ ਅਲੀ ਜਿਨਾਹ ਸਾਹਿਬ 13 ਮਹੀਨੇ ਜ਼ਿੰਦਾ ਰਹੇ ਅਤੇ ਇਹੀ ਸਮਝਦੇ ਰਹੇ ਕਿ ਪਾਕਿਸਤਾਨ ਅਤੇ ਭਾਰਤ ਬਿਲਕੁਲ ਇਕ ਹੀ ਦਿਨ ਇਕ ਹੀ ਸਮੇਂ ਆਜ਼ਾਦ ਹੋਏ ਹਨ। ਰੇਡੀਓ ਪਾਕਿਸਤਾਨ ਹਰ ਸਾਲ ਜਿਨਾਹ ਸਾਹਿਬ ਦੀ ਆਵਾਜ਼ 'ਚ ਪਹਿਲਾ ਵਧਾਈ ਸੰਦੇਸ਼ ਸੁਣਾਉਂਦਾ ਹੈ, ਜਿਸ 'ਚ ਉਹ ਕਹਿ ਰਹੇ ਹਨ ਕਿ 15 ਅਗਸਤ ਦੀ ਆਜ਼ਾਦ ਸਵੇਰ ਦੀ ਪੂਰੇ ਦੇਸ਼ ਨੂੰ ਵਧਾਈ। ਪਰ ਜਿਨਾਹ ਸਾਹਿਬ ਦੀ ਇਹ ਵਧਾਈ ਹਰ ਸਾਲ 15 ਦੀ ਥਾਂ 14 ਅਗਸਤ ਨੂੰ ਸੁਣਾਈ ਜਾਂਦੀ ਹੈ। ਪਾਕਿਸਤਾਨ ਬਣਨ ਤੋਂ ਬਾਅਦ ਦੋ ਆਜ਼ਾਦੀ ਦਿਹਾੜੇ 15 ਅਗਸਤ ਨੂੰ ਹੀ ਮਨਾਏ ਗਏ, ਪਰ ਜਿਨਾਹ ਸਾਹਿਬ ਦੀਆਂ ਅੱਖਾਂ ਬੰਦ ਹੁੰਦਿਆਂ ਹੀ, ਪਤਾ ਨਹੀਂ ਕਿਸੇ ਨੇ ਚੋਰਿਉਂ ਆਜ਼ਾਦੀ ਵਾਲੀ

ਬਾਕੀ ਸਫ਼ਾ 30 'ਤੇ

## ਨਰਿੰਦਰ ਮੋਦੀ ਨੇ ਸਾਬਤ ਕੀਤਾ ਕਿ ਭਾਰਤ ਦੀ ਵੰਡ ਸਹੀ ਸੀ : ਇਮਰਾਨ ਖਾਨ

ਪਾਕਿਸਤਾਨ 'ਚ ਕ੍ਰਿਕਟਰ ਤੋਂ ਰਾਜਨੇਤਾ ਬਣੇ ਇਮਰਾਨ ਖਾਨ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਬੰਧ ਆਪਣੇ ਸਭ ਤੋਂ ਬੁਰੇ ਦੌਰ 'ਤੇ ਹਨ। ਭਾਰਤ ਵੰਡ ਦੇ 70 ਸਾਲ ਹੋਣ 'ਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਦੇ ਇਸ ਨੇਤਾ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਸਰਕਾਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਵੰਡ ਦਾ ਫੈਸਲਾ ਸਹੀ ਸੀ। ਬੀਬੀਸੀ ਦੇ ਇਜਮਾਮ ਰਾਸ਼ਿਦ ਨੇ ਖ਼ਾਸ ਗੱਲਬਾਤ 'ਚ ਕਿਹਾ, "ਮੈਂ ਇਹ ਸੋਚਦਾ ਹਾਂ ਕਿ ਦੋਨਾਂ ਦੇਸ਼ਾਂ ਵਿਚਕਾਰ ਰਿਸ਼ਤਾ ਆਪਣੇ ਸਭ ਤੋਂ ਬੁਰੇ ਦੌਰ 'ਚ ਹੈ। ਇਸ ਦਾ ਮੁੱਖ ਕਾਰਨ ਹੈ ਭਾਰਤ ਦੇ ਵਰਤਮਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ। ਇਮਰਾਨ ਖਾਨ ਨੇ ਕਿਹਾ, "ਨਰਿੰਦਰ ਮੋਦੀ ਦੀ ਸੋਚ ਫਿਰਕੂਵਾਦੀ ਹੈ ਅਤੇ ਉਨ੍ਹਾਂ ਦੇ ਸਬੰਧ ਹਿੰਦੂ ਕੱਟੜਪੰਥੀਆਂ ਤੋਂ ਹੈ। ਜਦੋਂ ਉਹ ਗੁਜਰਾਤ ਦੇ ਮੁੱਖ ਮੰਤਰੀ ਸਨ, ਉਦੋਂ ਤੋਂ ਹੀ ਉਨ੍ਹਾਂ ਦਾ ਮੁਸਲਿਮ ਵਿਰੋਧੀ ਅਕਸ ਸਾਹਮਣੇ ਆਇਆ ਸੀ।



**ਵਾਜਪਈ ਦਾ ਕਾਰਜਕਾਲ ਵਧੀਆ**

ਖਾਨ ਕਹਿੰਦੇ ਹਨ, "ਅਸੀਂ ਇਹ ਸੋਚਿਆ ਸੀ ਕਿ ਜਦੋਂ ਉਹ ਪ੍ਰਧਾਨ ਮੰਤਰੀ ਬਣਨਗੇ ਤਾਂ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਉੱਪਰ ਉਠ ਜਾਣਗੇ। ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਵੀ ਉਸੇ ਪਾਰਟੀ ਤੋਂ ਹਨ, ਜਿਸ ਨਾਲ ਨਰਿੰਦਰ ਮੋਦੀ ਸੰਬੰਧ ਰੱਖਦੇ ਹਨ। ਜਦੋਂ ਵਾਜਪਈ ਪ੍ਰਧਾਨ ਮੰਤਰੀ ਬਣੇ ਸਨ ਤਾਂ ਇਹ ਚਿੰਤਾ ਸੀ ਕਿ ਦੋਨਾਂ ਦੇਸ਼ਾਂ ਵਿਚਕਾਰ ਤਲਖੀ ਵੱਧ ਸਕਦੀ ਹੈ। ਪਰ ਉਨ੍ਹਾਂ ਦੇ ਕਾਰਜਕਾਲ 'ਚ ਦੋਵੇਂ ਦੇਸ਼ ਸ਼ਾਂਤੀ ਦੇ ਨੇੜੇ ਸਨ। ਖਾਨ ਨੇ ਕਿਹਾ, "ਨਰਿੰਦਰ ਮੋਦੀ ਵਿਸ਼ਾਲ ਬਹੁਮਤ ਨਾਲ ਆਏ ਹਨ। ਅਸੀ ਹੋਰ ਨੇੜੇ ਆ ਸਕਦੇ ਸੀ, ਪਰ ਨਿਰਾਸ਼ਾ ਹੱਥ ਲੱਗੀ ਹੈ।

**ਭਾਰਤੀ ਮੁਸਲਮਾਨ ਨਿਰਾਸ਼**

ਉਨ੍ਹਾਂ ਕਿਹਾ ਕਿ ਮੋਦੀ ਨੇ ਨਾ ਸਿਰਫ ਪਾਕਿਸਤਾਨੀਆਂ ਨੂੰ ਸਗੋਂ ਭਾਰਤੀ ਮੁਸਲਮਾਨਾਂ ਨੂੰ ਵੀ ਨਿਰਾਸ਼ ਕੀਤਾ ਹੈ। ਉਨ੍ਹਾਂ ਨੇ ਭਾਰਤ ਦੇ ਉਦਾਰਵਾਦੀ ਸੋਚ ਰੱਖਣ ਵਾਲੇ ਸਾਰੇ ਵਰਗਾਂ ਨੂੰ ਨਿਰਾਸ਼ ਕੀਤਾ ਹੈ। "ਨਰਿੰਦਰ ਮੋਦੀ ਭਾਰਤ ਨੂੰ ਉਥੇ ਲੈ ਗਏ ਹਨ, ਜਿਥੇ ਇਹ ਸੋਚ ਹੁੰਦੀ ਸੀ ਕਿ ਭਾਰਤ 'ਚ ਮੁਸਲਮਾਨਾਂ ਨੂੰ ਬਰਾਬਰੀ ਦਾ ਅਧਿਕਾਰ ਨਹੀਂ ਮਿਲੇਗਾ।" ਭਾਰਤ-ਪਾਕਿਸਤਾਨ ਵੰਡ ਨੂੰ ਯਾਦ ਕਰਦੇ ਹੋਏ ਇਮਰਾਨ ਨੇ ਕਿਹਾ, "ਜਦੋਂ ਅਸੀਂ ਵੱਡੇ ਹੋ ਰਹੇ ਸੀ, ਸਾਡੇ ਮਾਤਾ-ਪਿਤਾ ਦੀ ਪੀੜ੍ਹੀ ਵੰਡ ਨੂੰ ਲੈ ਕੇ ਇਹ ਸੋਚਦੀ ਸੀ ਕਿ ਭਾਰਤ 'ਚ ਉਨ੍ਹਾਂ ਨੂੰ ਬਰਾਬਰੀ ਦੇ ਮੌਕੇ ਅਤੇ ਅਧਿਕਾਰ ਨਹੀਂ ਦਿੱਤੇ ਜਾਣਗੇ। ਨਰਿੰਦਰ ਮੋਦੀ ਨੇ ਇਸ ਸੋਚ ਨੂੰ ਸਹੀ ਸਾਬਤ ਕਰ ਦਿੱਤਾ ਹੈ।

**ਨਫਰਤ ਨਾਲ ਵੱਡੇ ਹੋਏ ਲੋਕ**

ਦੋਨਾਂ ਦੇਸ਼ਾਂ ਵਿਚਕਾਰ ਵੰਡ ਨੂੰ ਯਾਦ ਕਰਦੇ ਹੋਏ ਇਮਰਾਨ ਖਾਨ ਦੱਸਦੇ ਹਨ, "ਮੇਰੀ ਪੀੜ੍ਹੀ ਵੰਡ ਤੋਂ ਬਾਅਦ ਜਨਮੀ ਪਹਿਲੀ ਪੀੜ੍ਹੀ ਸੀ। ਜਦੋਂ ਪਾਕਿਸਤਾਨ ਪੰਜ ਸਾਲ ਦਾ ਹੋਇਆ ਸੀ, ਮੇਰਾ ਜਨਮ ਹੋਇਆ ਸੀ। ਅੱਜ ਵੀ ਯਾਦ ਹੈ ਵੰਡ ਦਾ ਦਰਦ। ਵੰਡ 'ਚ ਲਗਭਗ ਹਰ ਪਰਿਵਾਰ ਨੇ ਆਪਣਾ ਕੋਈ ਨਾ ਕੋਈ ਗਵਾਇਆ ਸੀ। ਇਹ ਹਾਲਤ ਸਿਰਫ ਪਾਕਿਸਤਾਨ ਦੀ ਨਹੀਂ ਸੀ, ਭਾਰਤ ਦੇ ਲੋਕਾਂ ਨੇ ਵੀ ਇਹ ਦਰਦ ਝੱਲਿਆ ਸੀ। ਉਨ੍ਹਾਂ ਅੱਗੇ ਕਿਹਾ, "ਅਸੀਂ ਲੋਕ ਭਾਰਤ ਵਿਰੁੱਧ ਇਕ ਨਫਰਤ ਨਾਲ ਵੱਡੇ ਹੋਏ ਸੀ। ਭਾਰਤ ਦੇ ਲੋਕ ਵੀ ਇਸੇ ਨਫਰਤ ਨਾਲ ਵੱਡੇ ਹੋਏ। ਸਬੰਧਾਂ 'ਚ ਹੌਲੀ-ਹੌਲੀ ਕੜਵਾਹਟ ਵਧਦੀ ਚਲੀ ਗਈ। 1965 'ਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਯੁੱਧ ਦਾ ਹੋਣਾ, 1971 'ਚ ਪਾਕਿਸਤਾਨ ਨੂੰ ਵੰਡ ਕੇ ਬੰਗਲਾਦੇਸ਼ ਦਾ ਨਿਰਮਾਣ, ਜਿਸ 'ਚ ਭਾਰਤ ਦਾ ਵੀ ਹੱਥ ਸੀ, ਇਨ੍ਹਾਂ ਸਾਰੀਆਂ ਘਟਨਾਵਾਂ ਨੇ ਰਿਸ਼ਤਿਆਂ ਨੂੰ ਸੰਭਲਣ ਨਹੀਂ ਦਿੱਤਾ।

**ਕ੍ਰਿਕਟ 'ਤੇ ਭਾਰੂ ਹੋਈ ਨਫਰਤ**

ਰਿਸ਼ਤਿਆਂ ਦੀ ਕੜਵਾਹਟ ਦਾ ਕ੍ਰਿਕਟ 'ਤੇ ਕੀ ਅਸਰ ਪਿਆ ਹੈ, ਇਸ ਸਵਾਲ 'ਤੇ ਇਮਰਾਨ ਦੱਸਦੇ ਹਨ, "ਮੈਂ ਪਹਿਲੀ ਵਾਰ 1977 'ਚ ਭਾਰਤ ਗਿਆ ਸੀ। ਮੈ ਇੰਝ ਮਹਿਸੂਸ ਕੀਤਾ ਸੀ ਕਿ ਦੋਨਾਂ ਦੇਸ਼ਾਂ ਦੀ ਸੰਸਕ੍ਰਿਤੀ ਕਿੰਨੀ ਮਿਲਦੀ-ਜੁਲਦੀ ਸੀ। 1978 'ਚ ਪਹਿਲੀ ਵਾਰ ਮੈਂ ਭਾਰਤ ਵਿਰੁੱਧ ਮੈਚ ਖੇਡਿਆ ਸੀ। ਇਸ ਤੋਂ ਪਹਿਲਾਂ ਐਂਗਜ਼ੀਬਿਸ਼ਨ ਮੈਚ ਖੇਡਿਆ ਕਰਦੇ ਸੀ। ਦਰਸ਼ਕ ਇਨ੍ਹਾਂ ਮੈਚਾਂ ਦੌਰਾਨ ਵੱਡੀ ਗਿਣਤੀ 'ਚ ਆਉਂਦੇ ਸਨ। ਉਨ੍ਹਾਂ ਦਾ ਸਾਡੇ ਲੋਕਾਂ 'ਤੇ ਕਾਫੀ ਦਬਾਅ ਹੁੰਦਾ ਸੀ। ਭਾਰਤ ਵਿਰੁੱਧ ਮੈਚ ਸਿਰਫ਼ ਖੇਡ ਨਹੀਂ ਹੁੰਦਾ ਸੀ। ਉਹ ਯਾਦ ਕਰਦੇ ਹੋਏ ਅੱਗੇ ਵਧਦੇ ਹਨ, "1987 'ਚ ਮੇਰੀ ਦੂਜੀ ਕ੍ਰਿਕਟ ਯਾਤਰਾ ਭਾਰਤ ਲਈ ਸੀ। ਅਹਿਮਦਾਬਾਦ 'ਚ ਟੈਸਟ ਮੈਚ ਚਲ ਰਿਹਾ ਸੀ। ਦਰਸ਼ਕਾਂ ਦੀ ਭੀੜ ਹਿੰਸਕ ਵਿਹਾਰ ਕਰ ਰਹੀ ਸੀ। ਇਸ ਤੋਂ ਮੈਂ ਕਾਫੀ ਹੈਰਾਨ ਸੀ।"

# ਵੰਡ 'ਚ ਵਿਛੜੇ ਭਰਾਵਾਂ ਨੇ ਭਾਰਤ-ਪਾਕਿਸਤਾਨ ਲਈ ਜੰਗ ਲੜੀ

70 ਸਾਲ ਪਹਿਲਾਂ ਗ੍ਰੈਬਿਏਲ ਜੋਜੇਫ 22 ਸਾਲ ਦੇ ਸਨ, ਜਦੋਂ ਉਨ੍ਹਾਂ ਨੇ ਆਪਣਾ ਖੁਸ਼ਪੁਰ ਛੱਡਿਆ ਸੀ। ਨੌਕਰੀ ਲੱਭਣ ਲਈ ਘਰ ਤੋਂ ਨਿਕਲ ਗ੍ਰੈਬਿਏਲ ਫਿਰ ਕਦੇ ਘਰ ਨਹੀਂ ਪਰਤੇ। ਮਰਨ ਤੋਂ ਪਹਿਲਾਂ ਉਹ ਸਿਰਫ ਦੋ ਵਾਰ ਆਪਣੇ ਘਰ ਵਾਲਿਆਂ ਨੂੰ ਮਿਲ ਸਕੇ। ਹਾਲਾਂਕਿ ਉਹ ਘਰ ਤੋਂ ਕੁਝ ਸੌ ਕਿਲੋਮੀਟਰ ਦੂਰ ਅੰਮ੍ਰਿਤਸਰ 'ਚ ਹੀ ਰਹਿੰਦੇ ਸਨ। ਇਹੀ ਨਹੀਂ, ਇਸ ਦੌਰਾਨ ਗ੍ਰੈਬਿਏਲ ਨੇ ਘੱਟੋ-ਘੱਟ ਦੋ ਯੁੱਧ ਲੜੇ ਅਤੇ ਇਕ ਵਾਰ ਖੁਦ ਤੋਂ ਦੋ ਸਾਲ ਵੱਡੇ ਭਰਾ ਦੇ ਸਾਹਮਣੇ ਵੀ ਆਏ। ਦੋਵੇਂ ਭਰਾ ਦੋ ਵੱਖ-ਵੱਖ ਦੇਸ਼ਾਂ ਦੀਆਂ ਫ਼ੌਜਾਂ 'ਚ ਸਨ। ਸੰਯੁਕਤ ਭਾਰਤ 'ਚ ਪੰਜਾਬ ਦੇ ਸ਼ਹਿਰ ਲਾਇਲਪੁਰ ਅਤੇ ਮੌਜੂਦਾ ਫੈਸਲਾਬਾਦ 'ਚ ਸਥਿਤ ਖੁਸ਼ਪੁਰ ਇਕ ਛੋਟਾ ਜਿਹਾ ਇਸਾਈ ਪਿੰਡ ਹੈ, ਜਿਸ ਨੂੰ 20ਵੀਂ ਸਦੀ 'ਚ ਬੈਲਜੀਅਮ ਤੋਂ ਆਉਣ ਵਾਲੇ ਮਿਸ਼ਨਰੀਆਂ ਨੇ ਆਬਾਦ ਕੀਤਾ ਸੀ।

**ਨੌਕਰੀ ਲਈ ਅੰਮ੍ਰਿਤਸਰ ਗਏ**

ਇਥੇ ਇਕ ਸ਼ਾਨਦਾਰ ਚਰਚ ਬਣਵਾਇਆ ਗਿਆ ਸੀ, ਜੋ ਅੱਜ ਵੀ ਖੜ੍ਹਾ ਹੈ ਅਤੇ ਇਸ ਦੇ ਪਿੱਛੇ ਸਥਿਤ ਮੁੰਡਿਆਂ ਦਾ ਸਕੂਲ ਵੀ ਇਸੇ ਤਰ੍ਹਾਂ ਸਥਾਪਤ ਹੈ। ਗ੍ਰੈਬਿਏਲ ਜੋਜੇਫ ਦਾ ਪਰਿਵਾਰ ਵੀ ਇਥੇ ਆ ਕੇ ਵੱਸ ਗਿਆ ਸੀ ਅਤੇ ਇਸੇ ਸਕੂਲ 'ਚ ਮੁਢਲੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਉਨ੍ਹਾਂ ਅਤੇ ਹੋਰ ਕੁਝ ਦੋਸਤਾਂ ਨੇ ਸੋਚਿਆ ਕਿ ਨੌਕਰੀ ਦੀ ਤਲਾਸ਼ ਕੀਤੀ ਜਾਵੇ। ਇਸ ਤੋਂ ਬਾਅਦ ਉਹ ਚਲਦੇ-ਚਲਦੇ ਅੰਮ੍ਰਿਤਸਰ ਪਹੁੰਚੇ।



ਵਰਦੀ ਵਿਚ ਗ੍ਰੈਬਿਏਲ ਜੋਜੇਫ਼ ਅਤੇ ਉਨ੍ਹਾਂ ਦੇ ਭਰਾ ਰਾਫ਼ੇਲ ਜਾੱਨ

ਉਥੇ ਕੁਝ ਰਿਸ਼ਤੇਦਾਰਾਂ ਦੀ ਸਲਾਹ 'ਤੇ ਭਾਰਤੀ ਫ਼ੌਜ 'ਚ ਭਰਤੀ ਹੋ ਗਏ। ਉਧਰ ਲਾਇਲਪੁਰ 'ਚ ਗ੍ਰੈਬਿਏਲ ਤੋਂ ਦੋ ਸਾਲ ਵੱਡੇ ਉਨ੍ਹਾਂ ਦੇ ਭਰਾ ਰਾਫੇਲ ਜਾਨ ਪਹਿਲਾਂ ਹੀ ਫੌਜ 'ਚ ਕੰਮ ਕਰ ਰਹੇ ਸਨ। ਗ੍ਰੈਬਿਏਲ ਅਤੇ ਉਨ੍ਹਾਂ ਦੇ ਪਰਿਵਾਰ ਨੇ ਸੋਚਿਆ ਸੀ ਕਿ ਅੰਮ੍ਰਿਤਸਰ ਘਰ ਤੋਂ ਜ਼ਿਆਦਾ ਦੂਰ ਨਹੀਂ ਹੈ ਤਾਂ ਆਰਾਮ ਨਾਲ ਆਉਂਦੇ-ਜਾਂਦੇ ਰਹਿਣਗੇ।

**ਵੰਡ ਵਾਲੀ ਲਾਈਨ ਨੇ ਉਨ੍ਹਾਂ ਨੂੰ ਵੱਖ ਕਰ ਦਿੱਤਾ**

ਪਰ ਉਦੋਂ ਉਹ ਹੋਇਆ, ਜੋ ਉਨ੍ਹਾਂ ਨੇ ਕਦੇ ਸੋਚਿਆ ਨਹੀਂ ਸੀ। ਇਸੇ ਸਾਲ ਯਾਨੀ 1947 ਵਿਚ ਅਗਸਤ ਦੀ 15 ਤਰੀਖ਼ ਨੂੰ ਭਾਰਤ ਦੀ ਵੰਡ ਹੋ ਗਈ। ਦੋ ਨਵੇਂ ਦੇਸ਼ ਬਣ ਗਏ, ਭਾਰਤ ਅਤੇ ਪਾਕਿਸਤਾਨ। ਉਸ ਸਮੇਂ ਲਾਇਲਪੁਰ ਅਤੇ ਮੌਜੂਦਾ ਫੈਸਲਾਬਾਦ ਪਾਕਿਸਤਾਨ ਨੂੰ ਮਿਲਿਆ ਅਤੇ ਅੰਮ੍ਰਿਤਸਰ ਭਾਰਤ 'ਚ ਰਹਿ ਗਿਆ। ਰਾਫੇਲ ਅਤੇ ਪਰਿਵਾਰ ਪਾਕਿਸਤਾਨ ਜਦਕਿ ਗ੍ਰੈਬਿਏਲ ਭਾਰਤ 'ਚ ਰਹਿ ਗਏ। ਬੀਬੀਸੀ ਨਾਲ ਗੱਲ ਕਰਦੇ ਹੋਏ ਦੋਨਾਂ ਭਰਾਵਾਂ ਦੀ ਕਹਾਣੀ ਸੁਣਾਉਂਦੀ ਰਾਫੇਲ ਜੋਨ ਦੀ ਬੇਟੀ ਐਸਟਿਲਾ ਜੋਨ ਦੱਸਦੀ ਹੈ ਕਿ ਸ਼ੁਰੂਆਤ 'ਚ ਗ੍ਰੈਬਿਏਲ ਨੂੰ ਅੰਦਾਜ਼ਾ ਨਹੀਂ ਹੋਇਆ ਕਿ ਵੰਡ ਦੇ ਨਾਲ ਹੀ ਉਹ ਆਪਣੇ ਪਰਿਵਾਰ ਤੋਂ ਹਮੇਸ਼ਾ ਲਈ ਵਿਛੜ ਗਏ ਸਨ। 64 ਸਾਲਾ ਐਸਟਿਲਾ ਇਨ੍ਹਾਂ ਦਿਨੀਂ ਪਾਕਿਸਤਾਨ ਸੂਬੇ ਦੇ ਸ਼ਹਿਰ ਲਾਹੌਰ 'ਚ ਰਹਿੰਦੀ ਹੈ। ਉਹ ਕਹਿੰਦੀ ਹੈ ਉਨ੍ਹਾਂ ਦੇ ਘਰ ਵਾਲਿਆਂ ਨੂੰ ਲੱਗਦਾ ਸੀ ਕਿ ਗ੍ਰੈਬਿਏਲ ਲਈ ਪਾਕਿਸਤਾਨ ਆਉਣ-ਜਾਣ 'ਚ ਕੋਈ ਸਮੱਸਿਆ ਨਹੀਂ ਹੋਵੇਗੀ।

**1978 'ਚ ਹੋਈ ਭਤੀਜੀ ਨਾਲ ਮੁਲਾਕਾਤ**

ਸ਼ਾਇਦ ਨਾ ਵੀ ਹੁੰਦਾ, ਪਰ ਦੋਨਾਂ ਭਰਾਵਾਂ ਵਿਚਕਾਰ ਫੌਜ ਦੀ ਨੌਕਰੀ ਪ੍ਰੇਸ਼ਾਨੀ ਬਣ ਗਈ। ਉਹ ਕਹਿੰਦੀ ਹੈ, "ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਘਰ ਵਾਪਸ ਕਿਉਂ ਨਹੀਂ ਆ ਗਏ ਤਾਂ ਉਨ੍ਹਾਂ ਕਿਹਾ ਸਾਨੂੰ ਨਹੀਂ ਪਤਾ ਸੀ ਕਿ ਇਹ ਦੋ ਵੱਖ ਦੇਸ਼ ਬਣ ਜਾਣਗੇ। ਸਾਡਾ ਮੰਨਣਾ ਸੀ ਕਿ ਅਫਵਾਹਾਂ ਹਨ, ਕੋਈ ਵੀ ਵਿਸ਼ਵਾਸ ਨਹੀਂ ਕਰਦਾ ਸੀ।" ਐਸਟਿਨਾ ਦੀ ਆਪਣੇ ਚਾਚਾ ਗ੍ਰੈਬਿਏਲ ਨਾਲ ਪਹਿਲੀ ਮੁਲਾਕਾਤ 1978 'ਚ ਹੋਈ, ਜਦੋਂ ਉਹ ਉਨ੍ਹਾਂ ਨੂੰ ਮਿਲਣ ਭਾਰਤ ਆਈ ਸੀ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਸਿਰਫ ਤਸਵੀਰਾਂ, ਚਿੱਠੀਆਂ ਜਾਂ ਵੱਡਿਆਂ ਦੀਆਂ ਕਹਾਣੀਆਂ 'ਚ ਜਾਣਦੀ ਸੀ।

**15 ਅਗਸਤ, 1947 ਨੂੰ ਕੀ ਕਿਹਾ ਸੀ ਮੁਹੰਮਦ ਜਿਨਾਹ ਨੇ**

ਵੰਡ ਦੇ ਇਕ ਸਾਲ ਬਾਅਦ ਭਾਰਤ ਅਤੇ ਪਾਕਿਸਤਾਨ 'ਚ ਕਸ਼ਮੀਰ ਨੂੰ ਲੈ ਕੇ ਪਹਿਲੀ ਜੰਗ ਛਿੜ ਗਈ। ਦੋਵੇਂ ਭਰਾ ਵਿਰੋਧੀ ਫ਼ੌਜਾਂ 'ਚ ਆਹਮੋ-ਸਾਹਮਣੇ ਸਨ। ਐਸਟਿਲਾ ਦੱਸਦੀ ਹੈ ਕਿ ਉਸ ਸਮੇਂ ਦੋਨਾਂ ਦੇ ਮਾਪੇ ਬਹੁਤ ਪ੍ਰੇਸ਼ਾਨ ਰਹਿੰਦੇ ਸਨ। 1960 'ਚ ਪਿਤਾ ਦੀ ਅਪੀਲ 'ਚ ਗ੍ਰੈਬਿਏਲ ਜੋਜੇਫ ਨੇ ਫ਼ੌਜ ਤੋਂ ਅਸਤੀਫਾ ਦੇ ਦਿੱਤਾ। ਪੰਜ ਸਾਲ ਬਾਅਦ ਭਾਰਤ ਅਤੇ ਪਾਕਿਸਤਾਨ ਵਿਚ ਦੂਜਾ ਯੁੱਧ ਛਿੜਿਆ ਤਾਂ ਉਨ੍ਹਾਂ ਨੂੰ ਉਸ 'ਚ ਹਿੱਸਾ ਲੈਣ ਲਈ ਦੁਬਾਰਾ ਬੁਲਾ ਲਿਆ ਗਿਆ।



ਗੈਬ੍ਰਿਏਲ ਆਪਣੇ ਪਰਿਵਾਰ ਨਾਲ

**ਪਰਿਵਾਰ ਨੂੰ ਪਸੰਦ ਨਹੀਂ ਸੀ ਯੁੱਧ ਬਾਰੇ ਗੱਲ ਕਰਨਾ**

ਐਸਟਿਲਾ ਕਹਿੰਦੀ ਹੈ, "ਕੁਝ ਵੀ ਹੋ ਸਕਦਾ ਸੀ। ਦੋਨਾਂ 'ਚੋਂ ਕਿਸੇ ਦੀ ਵੀ ਮੌਤ ਹੋ ਸਕਦੀ ਸੀ। ਮੈਨੂੰ ਯਾਦ ਹੈ ਇਹੀ ਸੋਚ ਕੇ ਮੇਰੇ ਦਾਦਾ ਭੁੱਬਾਂ ਮਾਰ ਕੇ ਰੋਂਦੇ ਸਨ।" ਪਰ ਕਿਸਮਤ ਦੀ ਗੱਲ ਹੈ ਕਿ ਰਾਫੇਲ ਨੂੰ ਸਰੀਰਕ ਤੌਰ 'ਤੇ ਯੁੱਧ ਲਈ ਫਿਟ ਨਾ ਹੋਣ ਕਾਰਨ ਉਨ੍ਹਾਂ ਨੂੰ ਘਰ ਵਾਪਸ ਭੇਜ ਦਿੱਤਾ ਗਿਆ। ਐਸਟਿਲਾ ਨੂੰ ਸਹੀ ਤੌਰ 'ਤੇ ਪਤਾ ਨਹੀਂ ਹੈ ਕਿ ਉਨ੍ਹਾਂ ਦੇ ਚਾਚਾ ਨੇ ਭਾਰਤੀ ਫੌਜ 'ਚ ਰਹਿੰਦਿਆਂ ਪਾਕਿਸਤਾਨ ਵਿਰੁੱਧ 1971 'ਚ ਹੋਈ ਤੀਜੀ ਲੜਾਈ ਲੜੀ ਜਾਂ ਨਹੀਂ, ਕਿਉਂਕਿ ਨਾ ਤਾਂ ਉਹ ਇਸ ਬਾਰੇ ਗੱਲ ਕਰਨਾ ਪਸੰਦ ਕਰਦੇ ਸਨ, ਨਾ ਉਹ ਪੁੱਛਣ ਦੀ ਹਿੰਮਤ ਕਰ ਸਕੀ।

**ਵੰਡੇ ਇਕੱਠੇ, ਪਾਕਿਸਤਾਨ ਦੀ ਆਜ਼ਾਦੀ ਪਹਿਲਾਂ ਕਿਵੇਂ**

ਉਹ ਕਹਿੰਦੀ ਹੈ, "ਯੁੱਧ ਬਾਰੇ ਗੱਲ ਕਰਨਾ ਸਾਡੇ ਪਰਿਵਾਰ ਲਈ ਇਕ ਬਹੁਤ ਵੱਡਾ ਦੁੱਖ ਸੀ।" ਹਾਲਾਂਕਿ ਉਨ੍ਹਾਂ ਨੇ ਐਸਟਿਲਾ ਨੂੰ ਦਸਿਆ ਸੀ ਕਿ 1947 'ਚ ਪਹਿਲੀ ਵਾਰ ਜਦੋਂ ਕ੍ਰਿਸਮਿਸ ਤਿਉਹਾਰ ਆਇਆ ਅਤੇ ਉਨ੍ਹਾਂ ਦੇ ਬਾਕੀ ਸਾਥੀ ਆਪਣੇ ਘਰਾਂ ਨੂੰ ਜਾਣ ਲੱਗੇ ਤਾਂ ਉਨ੍ਹਾਂ ਦਾ ਦਿਲ ਕੀਤਾ ਕਿ ਉਹ ਵੀ ਆਪਣੇ ਘਰ ਜਾਣ।"

ਬਾਕੀ ਸਫ਼ਾ 30 'ਤੇ

## Bride WANTED

Jatt sikh parents seeking suitable match for their handsome son residing in India, 26 years, 6' 3" tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

**Office for Lease in Union City, CA**



**Nice clean office**

1200 to 1500 Sq feet in the business area of Union City. Best for Trucking company if extra warehouse needed.

Call at:

**510-875-3279**


## ਖ਼ੁਦਕੁਸ਼ੀਆਂ ਦੀ ਫ਼ਸਲ : ਇਸ ਹਫ਼ਤੇ 12 ਕਿਸਾਨ ਪਰਿਵਾਰਾਂ ਦੇ ਘਰ ਵਿਛੇ ਸੱਥਰ

**ਪਿੰਡ ਬਾਜੇਵਾਲਾ ਦੇ ਕਿਸਾਨ ਵਲੋਂ ਖ਼ੁਦਕੁਸ਼ੀ :**

ਝੁਨੀਰ : ਪਿੰਡ ਬਾਜੇਵਾਲਾ ਦੇ ਕਿਸਾਨ ਕ੍ਰਿਸ਼ਨ ਸਿੰਘ (43) ਨੇ ਕਰਜ਼ੇ ਤੋਂ ਤੰਗ ਹੋ ਕੇ ਖ਼ੁਦਕੁਸ਼ੀ ਕਰ ਲਈ ਹੈ। ਪਿਛਲੇ ਸਾਲ ਨਰਮੇ ਅਤੇ ਜੀਰੀ ਦੀ ਫ਼ਸਲ ਬਰਬਾਦ ਹੋਣ ਕਰਕੇ ਉਸ ਦੇ ਸਿਰ 3 ਲੱਖ ਰੁਪਏ ਤੋਂ ਵਧੇਰੇ ਸਰਕਾਰੀ ਅਤੇ ਗੈਰ- ਸਰਕਾਰੀ ਕਰਜ਼ਾ ਸੀ।

**ਪਿੰਡ ਨਾਗੋਕੇ ਦੇ ਕਿਸਾਨ ਨੇ ਨਿਗਲੀ ਜ਼ਹਿਰ :**

ਤਰਨ ਤਾਰਨ : ਪਿੰਡ ਨਾਗੋਕੇ ਦੇ ਕਿਸਾਨ ਨਿਸ਼ਾਨ ਸਿੰਘ (32) ਨੇ ਘਰ ਵਿੱਚ ਕੋਈ ਜ਼ਹਿਰੀਲੀ ਵਸਤੂ ਨਿਗਲ ਕੇ ਖ਼ੁਦਕੁਸ਼ੀ ਕਰ ਲਈ ਹੈ। ਮ੍ਰਿਤਕ ਦੀ ਪਤਨੀ ਅਮਨਦੀਪ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਨੇ ਖੇਤੀਬਾੜੀ ਲਈ ਕਰੀਬ 14 ਲੱਖ ਰੁਪਏ ਕਰਜ਼ਾ ਲਿਆ ਸੀ ਜੋ ਘਟ ਨਹੀਂ ਰਿਹਾ ਸੀ। ਕਰਜ਼ੇ ਦੀ ਇਹ ਰਕਮ ਹੁਣ 35 ਲੱਖ ਰੁਪਏ ਬਣ ਗਈ ਸੀ।

## ਸੈਕਰਾਮੈਂਟੋ 'ਚ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਦਾ ਸਨਮਾਨ

ਪਹਿਲਾਂ ਹੀ ਕਮਿਸ਼ਨ ਬਣਾ ਚੁੱਕੀ ਹੈ ਅਤੇ ਉਹ ਕੋਈ ਕਾਰਵਾਈ ਕਰਨ ਲਈ ਕਮਿਸ਼ਨ ਦੀ ਰਿਪੋਰਟ ਦਾ ਇੰਤਜ਼ਾਰ ਕਰ ਰਹੇ ਹਨ। ਇਸ ਮੌਕੇ ਇੰਡੀਅਨ ਓਵਰਸੀਜ਼ ਕਾਂਗਰਸ ਕੈਲੀਫੋਰਨੀਆਂ ਚੈਪਟਰ ਦੇ ਵਾਈਸ ਪ੍ਰਧਾਨ ਸ੍ਰੀ ਵਿਕਰਮ ਪਾਸੀ ਨੇ ਰਾਣਾ ਨੂੰ ਜੀ ਆਇਆਂ ਆਖਿਆ ਅਤੇ ਐਨ.ਆਰ.ਆਈਜ਼ ਨੂੰ ਪੰਜਾਬ ਅਤੇ ਅਮਰੀਕਾ ਵਿੱਚ ਦਰਪੇਸ਼ ਮੁਸ਼ਕਲਾਂ ਸਬੰਧੀ ਜਾਣੂ ਕਰਵਾਇਆ। ਇਸ ਮੌਕੇ ਇੰਡੀਅਨ ਓਵਰਸੀਜ਼ ਕਾਂਗਰਸ ਕੈਲੇਫੋਰਨੀਆਂ ਚੈਪਟਰ ਦੇ ਪ੍ਰਧਾਨ ਜੀ.ਐਸ.ਪੰਨੂ, ਸੀਨੀਅਰ ਵਾਈਸ ਪ੍ਰਧਾਨ ਸ੍ਰੀਮਤੀ ਪੰਨੂ, ਪਵਨ ਪਾਸੀ ਸ਼ਾਹਕੋਟ, ਪ੍ਰਸ਼ੋਤਮ ਬਜਾਜ, ਰਣਜੀਤ ਸਿੰਘ ਐਮ.ਏ., ਡਾ. ਸੁੱਖ ਗਿੱਲ, ਅਵਤਾਰ ਸਿੰਘ ਪੀ.ਟੀ.ਯੂ., ਸਰਬਜੀਤ ਸਿੰਘ ਗਿੱਲ ਮੋਗਾ, ਨਵਜੋਤ ਸਿੰਘ ਕੋਟਲੀ, ਸ਼ਾਲਿਨ ਪ੍ਰਤਾਪ ਸਿੰਘ ਕਪੂਰਥਲਾ, ਪਾਲ ਗਿੱਲ ਕੈਨੇਡਾ, ਕੁਲਜੀਤ ਸਿੰਘ ਐਲ.ਏ., ਗੋਲਡੀ ਭੁੱਲਰ, ਟੋਨੀ ਭੁੱਲਰ, ਕਮਲਜੀਤ ਸਿੰਘ ਮੱਖਣ ਦੌਲਤਪੁਰ ਨੇ ਸ. ਰਾਣਾ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਸਨਮਾਨ ਵੀ ਕੀਤਾ। ਗੁਰਜੀਤ ਸਿੰਘ ਰਾਣਾ ਨੇ ਐਨ.ਆਈ.ਆਈਜ਼ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਉਨ੍ਹਾਂ ਤੱਕ ਪੁੱਜਦਾ ਕਰਨ ਲਈ ਕੈਲੇਫੋਰਨੀਆ ਵਿਚ ਆਪਣੇ ਕਰੀਬੀ ਯੂਥ ਆਗੂ ਵਿਕਰਮ ਪਾਸੀ ਨੂੰ ਆਪਣਾ ਓ.ਐਸ.ਡੀ. ਨਿਯੁਕਤ ਕਰਨ ਦਾ ਐਲਾਨ ਕੀਤਾ।

## ਸਿੱਖ ਕੌਂਸਲ ਆਫ ਕੈਲੀਫੋਰਨੀਆ ਵਲੋਂ 12500 ਡਾਲਰ ਦੀ ਸਹਾਇਤਾ

ਨੂੰ ਪੰਚੀ ਸੌ ਡਾਲਰ ਦਾ ਚੈੱਕ (2500) ਦਾਨ ਵਜੋਂ ਦਿੱਤੇ ਗਏ। ਇਹ ਕੁਲ ਮਿਲਾ ਕੇ 12500 ਡਾਲਰ ਦੀ ਸਮੁੱਚੀ ਸਹਾਇਤਾ ਕੀਤੀ ਗਈ। ਇਸ ਸਮਾਗਮ ਦੌਰਾਨ ਸਿੱਖ ਕੌਂਸਲ ਦੇ ਮੈਂਬਰ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਸੁਖਦੇਵ ਸਿੰਘ ਚੀਮਾ, ਅਮਰੀਕ ਸਿੰਘ ਵਿਰਕ, ਗੁਰਦੇਵ ਸਿੰਘ ਮੁਹਾਰ, ਮੋਹਨ ਸਿੰਘ ਬਦੇਸਾ, ਇਕਬਾਲ ਸਿੰਘ ਗਰੇਵਾਲ, ਹਰਦੇਵ ਸਿੰਘ ਗਿੱਲ, ਗੁਰਬਚਨ ਸਿੰਘ, ਰਾਜਵਿੰਦਰ ਸਿੰਘ ਬਰਾੜ, ਅੰਮ੍ਰਿਤਪਾਲ ਸਿੰਘ ਬਦੇਸਾ ਅਤੇ ਅਮੈਰੀਕਨ ਰੈੱਡ ਕਰਾਸ ਦੇ ਮੁੱਖ ਅਧਿਕਾਰੀ ਮਿਸਟਰ ਰੌਬ ਸਕੂਮਨ ਅਤੇ ਮਿਸਟਰ ਬੈਰੀ ਹਾਜ਼ਰ ਸਨ।

## ਕਿਸਾਨਾਂ ਨੂੰ '800 ਕਰੋੜ' ਵਿੱਚ ਪਏ ਕਰਜ਼ ਮੁਆਫੀ ਦੇ 'ਲਾਰੇ'

ਪਿਛਲੇ ਵਰ੍ਹੇ ਝੋਨੇ ਦੇ ਸੀਜ਼ਨ ਵਿੱਚ ਇਨ੍ਹਾਂ ਬੈਂਕਾਂ ਦੀ ਵਸੂਲੀ ਦਰ ਇਕਦਮ ਡਿੱਗ ਕੇ 17.48 ਫ਼ੀਸਦ ਰਹਿ ਗਈ ਸੀ। ਐਤਕੀਂ ਕਣਕ ਦੇ ਸੀਜ਼ਨ ਵਿੱਚ ਇਹ ਵਸੂਲੀ ਦਰ ਹੋਰ ਘੱਟ ਕੇ 9.58 ਫ਼ੀਸਦ ਹੀ ਰਹਿ ਗਈ। ਜਿਹੜੀ ਵਸੂਲੀ ਹੁਣ ਸ਼ੁਰੂ ਹੋਈ ਹੈ, ਉਸ ਤਹਿਤ ਹੁਣ ਤੱਕ ਸਿਰਫ਼ 6.01 ਫ਼ੀਸਦ ਵਸੂਲੀ ਹੀ ਹੋਈ ਹੈ। ਕਰਜ਼ਾ ਮੁਆਫ਼ੀ ਦਾ ਸੱਚ ਸਾਹਮਣੇ ਆਉਣ ਮਗਰੋਂ ਖੇਤੀ ਵਿਕਾਸ ਬੈਂਕਾਂ ਦੇ ਕਰਜ਼ੇ ਹੇਠ ਦਬੇ ਕਿਸਾਨ ਲੁੱਟੇ ਹੋਏ ਮਹਿਸੂਸ ਕਰ ਰਹੇ ਹਨ। ਇੱਕ ਉੱਚ ਅਧਿਕਾਰੀ ਨੇ ਦੱਸਿਆ ਕਿ ਮੁਆਫ਼ੀ ਦੀ ਝਾਕ ਨੇ ਕਿਸਾਨਾਂ 'ਤੇ ਵੀ ਬੋਝ ਵਧਾ ਦਿੱਤਾ ਹੈ ਅਤੇ ਬੈਂਕਾਂ ਨੂੰ ਵੀ ਸੱਟ ਵੱਜੀ ਹੈ। ਬੀ.ਕੇ.ਯੂ. (ਸਿੱਧੂਪੁਰ) ਦੇ ਸੀਨੀਅਰ ਮੀਤ ਪ੍ਰਧਾਨ ਕਾਕਾ ਸਿੰਘ ਕੋਟੜਾ ਨੇ ਕਿਹਾ ਕਿ ਸਰਕਾਰ ਨੇ ਕੀਤੇ ਵਾਅਦੇ ਨੂੰ ਪੂਰਨ ਰੂਪ ਵਿੱਚ ਲਾਗੂ ਨਹੀਂ ਕੀਤਾ। ਖੇਤੀ ਵਿਕਾਸ ਬੈਂਕਾਂ ਦੇ ਮੈਨੇਜਿੰਗ ਡਾਇਰੈਕਟਰ ਹਰਿੰਦਰ ਸਿੰਘ ਸਿੱਧੂ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਖੇਤੀ ਵਿਕਾਸ ਬੈਂਕ ਕਰਜ਼ਾ ਮੁਆਫ਼ੀ ਦੇ ਘੇਰੇ ਵਿਚੋਂ ਬਾਹਰ ਹਨ, ਜਿਸ ਕਰ ਕੇ ਕਿਸਾਨ 'ਸਾਉਣੀ' ਨਾਲ ਹੀ ਬਕਾਇਆ ਕਿਸ਼ਤਾਂ ਤਾਰ ਦੇਣ। ਉਨ੍ਹਾਂ ਆਖਿਆ ਕਿ ਮੁਆਫ਼ੀ ਦੀ ਝਾਕ ਵਿੱਚ ਡਿਫਾਲਟਰਾਂ ਦੀ ਗਿਣਤੀ ਵਧੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਐਤਕੀਂ ਪੈਦਾਵਾਰ ਚੰਗੀ ਹੈ ਤੇ ਕਿਸਾਨ ਕਿਸ਼ਤਾਂ ਤਾਰ ਦੇਣਗੇ।

ਜ਼ਿਲ੍ਹਾ ਵਾਰ ਬਕਾਇਆ ਰਾਸ਼ੀ

1.ਫਿਰੋਜ਼ਪੁਰ 320.87 ਕਰੋੜ, 2. ਮੁਕਤਸਰ 131.86 ਕਰੋੜ, 3. ਸੰਗਰੂਰ 103.04 ਕਰੋੜ, 4. ਬਠਿੰਡਾ 99.69 ਕਰੋੜ, 5. ਮਾਨਸਾ 93.77 ਕਰੋੜ, 6. ਮੋਗਾ 38.14 ਕਰੋੜ, 7. ਫ਼ਰੀਦਕੋਟ 36.09 ਕਰੋੜ, 8. ਬਰਨਾਲਾ 23.28 ਕਰੋੜ।

## ਵੰਡ ਇਕੱਠੇ ਹੋਈ, ਪਾਕਿਸਤਾਨ ਦੀ ਆਜ਼ਾਦੀ ਪਹਿਲਾਂ ਕਿਵੇਂ

ਘੜੀ ਪੂਰੇ 24 ਘੰਟੇ ਪਿੱਛੇ ਕਰ ਦਿੱਤੀ। ਉਦੋਂ ਤੋਂ ਸਭ ਕੁਝ ਪਿੱਛੇ ਹੁੰਦਾ ਚਲਿਆ ਗਿਆ। ਅੱਜ ਤਕ 14 ਅਗਸਤ ਹੀ ਪਾਕਿਸਤਾਨ ਦਾ ਆਜ਼ਾਦੀ ਦਿਹਾੜਾ ਹੈ। ਨਾ ਕੋਈ ਪੁੱਛਦਾ ਹੈ, ਨਾ ਦੱਸਦਾ ਹੈ ਕਿ ਅਜਿਹਾ ਕਿਉਂ? ਹੁਣ ਸਮਝ 'ਚ ਆਉਂਦਾ ਹੈ ਕਿ ਅਜਿਹਾ ਕਿਉਂ ਹੋਇਆ? ਜਿਨਹਾ ਸਾਹਿਬ ਨੇ ਕਿਹਾ ਕਿ ਪਾਕਿਸਤਾਨ 'ਚ ਜਿੰਨੇ ਵੀ ਹਿੰਦੂ, ਮੁਸਲਿਮ, ਸਿੱਖ ਇਸਾਈ ਹਨ, ਇਨ੍ਹਾਂ ਦਾ ਹੱਕ ਨਵੇਂ ਦੇਸ਼ 'ਤੇ ਬਰਾਬਰ ਹੈ। ਕਿਸ ਦਾ ਕੀ ਧਰਮ ਹੈ, ਸਰਕਾਰ ਦਾ ਇਸ ਤੋਂ ਕੋਈ ਲੈਣਾ-ਦੇਣਾ ਨਹੀਂ।

ਅਸੀਂ ਕਿਹਾ ਬੁੱਢਾ ਪਾਗਲ ਹੋ ਗਿਆ ਹੈ। ਜੇ ਇਹੀ ਕਰਨਾ ਸੀ ਤਾਂ ਪਾਕਿਸਤਾਨ ਕਿਉਂ ਬਣਾਇਆ। ਫਿਰ ਜਿਨਹਾ ਦੇ ਪਾਕਿਸਤਾਨ ਉੱਪਰ ਅਸੀਂ ਆਪਣੀਆਂ ਸਹੂਲਤਾਂ ਦਾ ਪਾਕਿਸਤਾਨ ਬਣਾ ਲਿਆ। ਜਿਨਹਾ ਨੇ ਕਿਹਾ ਕਿ ਫ਼ੌਜ ਦਾ ਕੰਮ ਸਿਰਫ ਸਰਹੱਦ ਦੀ ਸੁਰੱਖਿਆ ਅਤੇ ਲੋਕਾਂ ਦੀ ਚੁਣੀ ਸਰਕਾਰ ਦੇ ਆਦੇਸ਼ ਦਾ ਪਾਲਣ ਕਰਨਾ ਹੈ। ਫ਼ੌਜ ਨੂੰ ਰਾਜਨੀਤੀ ਤੋਂ ਕੋਈ ਮਤਲਬ ਨਹੀਂ ਹੋਣਾ ਚਾਹੀਦਾ। ਅਸੀਂ ਕਿਹਾ, ਯਾਰ ਜਿਨਹਾ ਤੁਸੀਂ ਵੀ ਕੀ ਯਾਦ ਕਰੋਗੇ। ਇਹ ਲਉ ਪਹਿਲਾ, ਇਹ ਦੂਜਾ, ਇਹ ਤੀਜਾ ਅਤੇ ਇਹ ਰਿਹਾ ਚੌਥਾ ਮਾਰਸ਼ਲ ਲਾਅ। ਦੇਸ਼ ਬਣਾਉਣਾ ਹੋਰ ਗੱਲ ਹੈ, ਇਸ ਨੂੰ ਚਲਾਉਣਾ ਹੋਰ ਗੱਲ। ਆਪਣੀ ਕਬਰ 'ਚ ਸ਼ਾਂਤ ਪਏ ਰਹੋ। ਹੁਣ ਅਸੀਂ ਅਤੇ ਸਾਡਾ ਪਾਕਿਸਤਾਨ ਜਾਣਦਾ ਹੈ।

ਅੱਜ ਦਾ ਪਾਕਿਸਤਾਨ ਆਜ਼ਾਦੀ ਤੋਂ ਬਾਅਦ ਜਨਮ ਲੈਣ ਵਾਲੀ ਪੀੜ੍ਹੀ ਦੇ ਹੱਥ 'ਚ ਹੈ। ਜੋ ਯਕੀਨੀ ਤੌਰ 'ਤੇ ਆਪਣੇ ਪੂਰਵਜਾਂ ਤੋਂ ਵੱਧ ਸਿੱਖਿਅਤ ਹੈ। ਆਸਪਾਸ ਦੀ ਦੁਨੀਆਂ ਨੂੰ ਵੱਧ ਚੰਗੀ ਤਰ੍ਹਾਂ ਸਮਝਦੀ ਹੈ, ਜ਼ਿਆਦਾ ਵਿਕਾਸਸ਼ੀਲ ਹੈ। ਪਰ ਇਸ ਪੀੜ੍ਹੀ ਦੇ ਹੁੰਦੇ ਹੋਏ ਵੀ ਦੇਸ਼ ਉਸ ਤੋਂ ਵੱਧ ਕੰਜ਼ਰਵੇਟਿਵ ਅਤੇ ਅਸੁਰੱਖਿਅਤ ਹੈ, ਜਿਨਹਾ 14 ਅਗਸਤ 1947 ਨੂੰ ਸੀ। ਮੈਂ ਪਾਕਿਸਤਾਨ ਬਣਨ ਦੇ ਦੋ ਦਿਨ ਬਾਅਦ ਛਪਣ ਵਾਲੇ 'ਡਾਨ' ਅਖਬਾਰ ਦੀ ਇਕ ਫੋਟੋਕਾਪੀ ਸਾਂਭੀ ਹੋਈ ਹੈ। ਜਿਸ ਦੇ ਪਹਿਲੇ ਪੇਜ 'ਤੇ ਇਸ਼ਤਿਹਾਰ ਛਪਿਆ ਸੀ - ਆਜ਼ਾਦੀ ਦਿਹਾੜੇ ਦੀ ਖੁਸ਼ੀ 'ਚ ਹੋਟਲ ਬੀਚ ਲਗਜ਼ਰੀ 'ਚ ਆਸਟ੍ਰੀਆ ਦੀ ਮਹਿਮਾਨ ਕੈਬਰੇ ਡਾਂਸਰ ਦੀ ਪਰਫੋਰਮੈਂਸ ਵੇਖੋ। ਸੀਟਾਂ ਸੀਮਤ ਹਨ। ਇਸ ਲਈ ਤੁਰੰਤ ਬੁਕਿੰਕ ਕਰਵਾਓ। ਟਿਕਟ ਢਾਈ ਰੁਪਏ, ਡਰਿੰਕ ਸ਼ਾਮਲ ਨਹੀਂ ਹੈ।

ਅੱਜ 70ਵੇਂ ਆਜ਼ਾਦੀ ਦਿਹਾੜੇ 'ਤੇ ਅਜਿਹਾ ਇਸ਼ਤਿਹਾਰ ਕਿਸੇ ਵੀ ਉਰਦੂ ਅਤੇ ਅੰਗਰੇਜ਼ੀ ਅਖ਼ਬਾਰ ਦੇ ਪਹਿਲੇ ਕੀ 38ਵੇਂ ਪਜ 'ਤੇ ਵੀ ਛੱਪ ਕੇ ਤਾਂ ਵਿਖਾਏ। ਤੁਹਾਡੀ ਪ੍ਰਗਟਾਵੇ ਦੀ ਆਜ਼ਾਦੀ ਦੀ ਪੂੰਗੀ ਬਣਾ ਕੇ ਹੱਥ 'ਚ ਨਾ ਫੜਾ ਦਿੱਤੀ, ਤਾਂ ਗੱਲ ਕੀ ਹੈ?

ਜੇ ਦੇਸ਼ਾਂ ਦੇ ਲੋਕ ਆਜ਼ਾਦੀ ਦਿਹਾੜੇ 'ਤੇ ਇਹ ਸੋਚਦੇ ਹਨ ਕਿ ਅੱਗੇ ਕੀ ਕਰਨਾ ਹੈ। ਅਸੀਂ ਆਪਣੇ ਆਜ਼ਾਦੀ ਦਿਹਾੜੇ 'ਤੇ ਇਹ ਸੋਚ ਰਹੇ ਹਾਂ ਕਿ ਅੱਗੇ ਹੋਰ ਕੀ ਹੋਣ ਵਾਲਾ ਹੈ?

ਗੱਲਾਂ-ਗੱਲਾਂ 'ਚ ਮੈਂ ਪਤਾ ਨਹੀਂ ਕਿੱਥੇ ਨਿਕਲ ਗਿਆ ਅਤੇ ਭੁੱਲ ਹੀ ਗਿਆ। ਭਾਰਤ ਤੇ ਪਾਕਿਸਤਾਨ ਦੇ ਲੋਕਾਂ ਨੂੰ 14 ਅਤੇ 15 ਅਗਸਤ ਦੀਆਂ ਮੁਬਾਰਕਾਂ।

## ਵੰਡ 'ਚ ਵਿਛੜੇ ਭਰਾਵਾਂ ਨੇ ਭਾਰਤ-ਪਾਕਿਸਤਾਨ ਲਈ ਜੰਗ ਲੜੀ

ਐਸਟਿਲਾ ਅੱਗੇ ਕਹਿੰਦੀ ਹੈ, "ਪਰ ਹੁਣ ਦੋ ਦੇਸ਼ ਬਣ ਚੁੱਕੇ ਹਨ ਅਤੇ ਉਨ੍ਹਾਂ ਦਾ ਘਰ ਸਰਹੱਦ ਪਾਰ ਸੀ। ਫਿਰ ਵੀ ਉਨ੍ਹਾਂ ਨੇ ਕੋਸ਼ਿਸ਼ ਕੀਤੀ, ਪਰ ਸਫ਼ਲਤ ਨਹੀਂ ਮਿਲੀ।"

**ਸਿਰਫ ਚਿੱਠੀਆਂ ਰਾਹੀਂ ਹੁੰਦੀ ਸੀ ਗੱਲਬਾਤ**

ਫੌਜ 'ਚ ਰਹਿੰਦੇ ਹੋਏ ਨਾ ਗ੍ਰੈਬਿਏਲ ਪਾਕਿਸਤਾਨ ਆ ਸਕਦੇ ਸਨ, ਨਾ ਰਾਫੇਲ ਭਾਰਤ ਜਾ ਸਕਦੇ ਸਨ। ਇਸ ਦੌਰਾਨ ਦੋਨਾਂ ਭਰਾਵਾਂ ਦਾ ਵਿਆਹ ਵੀ ਹੋਇਆ। ਇਨ੍ਹਾਂ ਮਗਰੋਂ ਵੀ ਉਹ ਇਕ ਦੂਜੇ ਨੂੰ ਨਾ ਮਿਲੇ। ਰਾਫੇਲ ਦਾ ਵਿਆਹ 1949 ਵਿਚ ਹੋਇਆ, ਜਿਸ ਦੇ ਕੁਝ ਸਮੇਂ ਬਾਅਦ ਉਨ੍ਹਾਂ ਦੇ ਛੋਟੇ ਭਰਾ ਦਾ ਵਿਆਹ ਭਾਰਤ 'ਚ ਹੋਇਆ। ਐਸਟਿਲਾ ਅਨੁਸਾਰ, "ਮੇਰੇ ਚਾਚਾ ਦੇ ਇਲਾਕੇ 'ਚ ਸਿਸਟਰਜ਼ ਦਾ ਇਕ ਸਕੂਲ ਸੀ, ਜਿਥੇ ਮੇਰੀ ਚਾਚੀ ਅਧਿਆਪਕਾ ਸੀ। ਸਿਸਟਰਜ਼ ਚਾਹੁੰਦੀ ਸੀ ਕਿ ਉਨ੍ਹਾਂ ਦਾ ਰਿਸ਼ਤਾ ਕਿਸੇ ਚੰਗੀ ਥਾਂ ਹੋਵੇ ਤਾਂ ਉਨ੍ਹਾਂ ਨੇ ਮੇਰੇ ਚਾਚਾ ਨੂੰ ਵਿਆਹ ਦੀ ਪੇਸ਼ਕਸ਼ ਕੀਤੀ, ਜੋ ਉਨ੍ਹਾਂ ਨੇ ਮੰਨ ਲਈ।" ਉਨ੍ਹਾਂ ਦਿਨੀਂ ਗ੍ਰੈਬਿਏਲ ਦੇ ਰਾਫੇਲ ਅਤੇ ਬਾਕੀ ਭਰਾ-ਭੈਣ ਇਕ ਦੂਜੇ ਨਾਲ ਚਿੱਠੀਆਂ ਰਾਹੀਂ ਗੱਲਬਾਤ ਕਰਦੇ ਸਨ। ਕੁਝ ਸਮੇਂ ਬਾਅਦ ਖੁਸ਼ਪੁਰ ਅਤੇ ਅੰਮ੍ਰਿਤਸਰ 'ਚ ਦੋਨਾਂ ਥਾਵਾਂ 'ਤੇ ਜਨਤਕ ਕਾਲ ਕਰਨ ਦੇ ਦਫ਼ਤਰ ਖੁਲੇ ਤਾਂ ਦੋਨਾਂ ਨੂੰ ਪਹਿਲੀ ਵਾਰ ਇਕ-ਦੂਜੇ ਦੀ ਆਵਾਜ਼ ਸੁਣਨ ਨੂੰ ਮਿਲੀ। ਹਾਲਾਂਕਿ ਐਸਟਿਲਾ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਪਰਿਵਾਰ ਗ੍ਰੈਬਿਏਲ ਨੂੰ ਜ਼ਿਆਦਾ ਟੈਲੀਫੋਨ ਵੀ ਨਹੀਂ ਕਰ ਸਕਦਾ ਸੀ, ਕਿਉਂਕਿ ਉਹ ਫੌਜ 'ਚ ਸਨ। ਉਹ ਕਹਿੰਦੀ ਹੈ, "ਫਿਰ ਉਨ੍ਹਾਂ ਤੋਂ ਪੁਛਗਿਛ ਹੁੰਦੀ ਕਿ ਪਾਕਿਸਤਾਨ ਤੋਂ ਤੁਹਾਡੇ ਇੰਨੇ ਟੈਲੀਫੋਨ ਕਿਉਂ ਆਉਂਦੇ ਹਨ?"

**50 ਦੀ ਉਮਰ 'ਚ ਪੁੱਜੇ ਆਪਣੇ ਘਰ**

70 ਦੇ ਦਹਾਕੇ 'ਚ ਭਾਰਤੀ ਫੌਜ ਤੋਂ ਅਸਥਾਈ ਛੁੱਟੀ ਲੈਣ ਤੋਂ ਬਾਅਦ ਪਹਿਲੀ ਵਾਰ ਗ੍ਰੈਬਿਏਲ ਪਾਕਿਸਤਾਨ 'ਚ ਆਪਣੇ ਜੱਦੀ ਘਰ ਆਏ, ਜਿਸ ਨੂੰ ਉਨ੍ਹਾਂ ਨੇ 30 ਸਾਲ ਪਹਿਲਾਂ ਛੱਡਿਆ ਸੀ। 19 ਸਾਲਾ ਲੜਕਾ ਹੁਣ 50 ਸਾਲਾ ਅਧੇੜ ਉਮਰ ਦਾ ਵਿਅਕਤੀ ਹੋ ਚੁੱਕਾ ਸੀ। ਉਨ੍ਹਾਂ ਦਾ ਮਾਤਾ-ਪਿਤਾ ਉਨ੍ਹਾਂ ਨੂੰ ਇਕ ਵਾਰ ਵੇਖਣ ਦੀ ਇੱਛਾ ਮਨ 'ਚ ਲੈ ਕੇ ਕੁਝ ਸਾਲ ਪਹਿਲਾਂ ਮਰ ਚੁੱਕੇ ਸਨ। ਗ੍ਰੈਬਿਏਲ ਦੇ ਵਿਆਹ ਤੋਂ ਬਾਅਦ ਉਨ੍ਹਾਂ ਦੇ ਮਾਪੇ ਸਿਰਫ ਇਕ ਵਾਰ ਉਨ੍ਹਾਂ ਨੂੰ ਮਿਲਣ ਭਾਰਤ ਜਾ ਸਕੇ ਸਨ। ਐਸਟਿਲਾ ਕਹਿੰਦੀ ਹੈ, "ਇਸ ਤੋਂ ਬਾਅਦ ਉਨ੍ਹਾਂ ਕੋਲ ਵੀਜ਼ੇ ਦੇ ਇੰਤਜ਼ਾਰ 'ਚ ਲਾਈਨ 'ਚ ਖੜ੍ਹੇ ਹੋਣ ਦੀ ਹਿੰਮਤ ਨਹੀਂ ਸੀ। ਬਸ ਆਪਣੇ ਬੇਟੇ ਨੂੰ ਯਾਦ ਕਰਦੇ-ਕਰਦੇ ਚਲ ਵਸੇ।"

**ਜੋ ਕੁਝ ਮੈਂ ਵੇਖ ਕੇ ਆ ਰਿਹਾ ਹਾਂ, ਜੇ ਤੁਸੀਂ ਵੇਖ ਲਓ ਤਾਂ ਜੁੱਤੀ ਵੀ ਨਹੀਂ ਪਾਓਗੇ**

ਗ੍ਰੈਬਿਏਲ ਆਪਣੇ ਪਿਤਾ ਦੇ ਅੰਤਮ ਦਰਸ਼ਨ ਕਰਨ ਨਹੀਂ ਆ ਪਾਏ ਸਨ। ਐਸਟਿਲਾ ਦਾ ਕਹਿਣਾ ਹੈ ਕਿ ਜਦੋਂ ਗ੍ਰੈਬਿਏਲ ਪਹਿਲੀ ਵਾਰ ਖੁਸ਼ਪੁਰ ਆਪਣੇ ਘਰ ਪੁੱਜੇ ਤਾਂ ਉਥੇ ਤਿਊਹਾਰ ਜਿਹਾ ਮਾਹੌਲ ਸੀ। ਪਿੰਡ ਨੂੰ ਸਜਾਇਆ ਗਿਆ ਅਤੇ ਢੋਲ ਵੱਜਦੇ ਰਹੇ। ਗ੍ਰੈਬਿਏਲ ਆਪਣੇ ਘਰ ਨੂੰ ਵੇਖ ਕੇ ਬਹੁਤ ਖੁਸ਼ ਹੋਏ। 82 ਸਾਲ ਦੀ ਉਮਰ 'ਚ ਗ੍ਰੈਬਿਏਲ ਦੀ ਮੌਤ ਆਪਣੇ ਵੱਡੇ ਭਰਾ ਦੀ ਮੌਤ ਦੇ ਦੋ ਸਾਲ ਬਾਅਦ 2014 'ਚ ਹੋਈ। ਐਸਟਿਲਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਾਰੀ ਜ਼ਿੰਦਗੀ ਇਹ ਦੁੱਖ ਰਿਹਾ ਹੈ ਕਿ ਉਹ ਆਪਣੇ ਪਰਿਵਾਰ ਨਾਲ ਵਿਛੜ ਕੇ ਇਕੱਲੇ ਰਹਿ ਗਏ।

## ਹਰਿਮੰਦਰ ਸਾਹਿਬ ਤੇ ਰੂਹਾਨੀ ਸਕੂਨ...

ਦਿੱਤਾ ਜੋ ਅਜੇ ਅਧੂਰੇ ਸਨ। ਅਜਿਹਾ ਵਤੀਰਾ ਆਪਣੀ ਹੀ ਕਿਸਮ ਦੀਆਂ ਮੁਸ਼ਕਿਲਾਂ ਅਤੇ ਰੜਕਣਾਂ ਪੈਦਾ ਕਰ ਰਿਹਾ ਹੈ। ਇਸ ਨੇ ਨਵੇਂ ਹਾਕਮਾਂ ਨੂੰ ਚਾਹੇ ਕਿੰਨੀ ਵੀ ਸੰਤੁਸ਼ਟੀ ਕਿਉਂ ਨਾ ਦਿੱਤੀ ਹੋਵੇ, ਪਰ ਇਸ ਨਾਲ ਸ਼ਹਿਰੀਆਂ ਨੂੰ ਬੇਲੋੜੀ ਤਕਲੀਫ਼ ਵਿੱਚ ਪਾਇਆ ਗਿਆ ਹੈ। ਕੋਈ ਨਵੇਂ ਹਾਕਮਾਂ ਨੂੰ ਇਹ ਦੱਸੇ ਕਿ ਬਦਲਾਖੋਰੀ ਨਾਲ ਨਾ ਤਾਂ ਚੰਗੀ ਸਿਆਸਤ ਹੁੰਦੀ ਹੈ ਅਤੇ ਨਾ ਹੀ ਚੰਗੇ ਨੀਤੀਗਤ ਫ਼ੈਸਲੇ ਲਏ ਜਾਂਦੇ ਹਨ।

ਸਮਝਿਆ ਜਾਂਦਾ ਹੈ ਕਿ ਚੰਡੀਗੜ੍ਹ ਦੇ ਸੈਕਟਰ 18 ਦੀ ਮਾਰਕੀਟ ਤੋਂ ਕੋਈ ਵੀ ਇਲੈਕਟ੍ਰੀਕਲ' ਵਸਤ ਖ਼ਰੀਦੀ ਜਾ ਸਕਦੀ ਹੈ। ਦੀਵਾਲੀ ਦੀ ਪੂਰਬਲੀ ਸ਼ਾਮ ਨੂੰ ਇਸ ਬਾਜ਼ਾਰ ਦਾ ਦੌਰਾ ਸਿੱਖਿਆਦਾਇਕ ਸੀ। ਇਹ ਜਗ੍ਹਾ ਬਿਜਲਈ ਸਜਾਵਟੀ ਸਾਮਾਨ ਖਰੀਦਣ ਦੇ ਚਾਹਵਾਨਾਂ ਨਾਲ ਭਰੀ ਹੋਈ ਸੀ। ਟਰੈਫਿਕ ਪੁਲੀਸ ਵੀ ਕਾਰਾਂ ਦੀ ਬਾਤਰਤੀਬ ਪਾਰਕਿੰਗ ਕਰਨ ਉੱਤੇ ਜ਼ੋਰ ਦੇਣ ਲਈ ਮੌਜੂਦ ਸੀ।

ਮਾਰਕੀਟ 'ਚ ਚੀਨੀ ਉਤਪਾਦਾਂ ਦੀ ਬਹੁਤਾਤ ਸੀ ਜਿਨ੍ਹਾਂ ਦੀਆਂ ਬਹੁਤ ਹੀ ਵਾਜਬ ਕੀਮਤਾਂ ਸਨ- ਪਰ ਸਾਰੀਆਂ ਰਾਸ਼ਟਰਵਾਦੀ' ਗੱਤੇ ਦੇ ਬਕਸਿਆਂ ਵਿੱਚ ਪੈਕ ਕੀਤੀਆਂ ਗਈਆਂ ਸਨ। ਜਿਹੜੀ ਚੀਜ਼ ਮੈਂ ਖਰੀਦੀ, ਉਸ ਉਪਰ ਬਹੁਤ ਚਮਕਵਾਂ ਛਪਿਆ ਹੋਇਆ ਸੀ: ਪਾਰਥ- ਲਵ ਇਨ ਸਵੱਛ ਭਾਰਤ'। ਇਸ ਵਿੱਚ ਸ਼ੰਘਾਈ ਦਰਿਆ ਦੀ ਚਮਕਦਾਰ ਤਸਵੀਰ ਸੀ। ਦੁਕਾਨਦਾਰਾਂ ਨੇ ਇਹ ਦੱਸਣ ਵਿੱਚ ਬਿਲਕੁਲ ਝਿਜਕ ਨਹੀਂ ਦਿਖਾਈ ਕਿ ਇਹ ਚੀਨੀ ਵਸਤਾਂ ਸਨ ਅਤੇ ਖਰੀਦਦਾਰਾਂ ਨੂੰ ਵੀ ਚੀਨੀ ਵਸਤਾਂ ਖਰੀਦਣ 'ਤੇ ਕੋਈ ਅਫ਼ਸੋਸ ਨਹੀਂ ਸੀ। ਇਹ ਸਭ ਆਪੂੰ-ਬਣੀਆਂ ਰਾਸ਼ਟਰਵਾਦੀ ਤਾਕਤਾਂ ਵੱਲੋਂ ਦੀਵਾਲੀ ਮੌਕੇ ਚੀਨੀ ਵਸਤਾਂ ਦਾ ਬਾਈਕਾਟ ਕਰਨ (ਡੋਕਲਾਮ ਵਿਵਾਦ ਕਾਰਨ) ਲਈ ਚਲਾਈ ਗਈ ਅਸੁਹਿਰਦ ਮੁਹਿੰਮ ਦੇ ਬਾਵਜੂਦ ਹੋਇਆ।

ਆਮ ਨਾਗਰਿਕ ਨੂੰ ਚੀਨੀ ਪਟਾਕੇ ਜਾਂ ਬਿਜਲਈ ਸਜਾਵਟੀ ਸਾਮਾਨ ਨਾ ਖਰੀਦਣ ਲਈ ਆਖਣਾ ਸੰਗਠਿਤ ਦੋਗਲੇਪਣ ਦੀ ਇੰਤਹਾ ਹੈ। ਭਾਰਤੀ ਆਰਥਿਕਤਾ ਦਾ ਵੱਡਾ ਹਿੱਸਾ ਚੀਨ ਤੋਂ ਦਰਾਮਦ ਮਾਲ ਦੇ ਸਿਰ 'ਤੇ ਵਧ-ਫੁੱਲ ਰਿਹਾ ਹੈ। ਫਿਰ ਵੀ ਚੀਨੀ ਵਸਤਾਂ ਖਿਲਾਫ਼ ਪ੍ਰਚਾਰ! ਇੱਥੋਂ ਤਕ ਕਿ ਅਮਿਤਾਭ ਬੱਚਨ ਨੂੰ ਉਸ ਦੀ ਦੇਸ਼ਭਗਤੀ ਦੀ ਭਾਵਨਾ ਦੀ ਦੁਹਾਈ ਦਿੰਦਿਆਂ ਇੱਕ ਭਗਵੇਂ ਚੋਗਾਧਾਰੀ ਐਂਕਰ ਨੇ ਉਸ ਨੂੰ ਚੀਨੀ ਉਤਪਾਦਾਂ ਦੀ ਇਸ਼ਤਿਹਾਰਬਾਜ਼ੀ ਨਾ ਕਰਨ ਦੀ ਬੇਨਤੀ ਕੀਤੀ ਸੀ।

ਇਸ ਸਭ ਕੁਝ ਦਾ ਸਾਰ-ਤੱਤ ਇਹੋ ਨਿਕਲਦਾ ਹੈ: ਸਾਡਾ ਰਾਸ਼ਟਰਵਾਦ ਵਿਹਾਰਕ ਹੈ। ਸਾਡੇ ਇਲੈਕਟ੍ਰੌਨਿਕ ਨਿਊਜ਼ ਚੈਨਲ ਸੱਤਾਧਾਰੀ ਪਾਰਟੀ ਦੇ ਰਾਸ਼ਟਰਵਾਦੀ ਪ੍ਰਚਾਰ ਦੀ ਮੁਨਾਦੀ ਕਰਦੇ ਰਹਿ ਸਕਦੇ ਹਨ, ਪਰ ਆਮ ਭਾਰਤੀ ਲੋਕ ਪੂਰੇ ਸਵੈ-ਵਿਸ਼ਵਾਸ ਨਾਲ ਇਸ ਤੋਂ ਬੇਲਾਗ ਰਹਿੰਦੇ ਹਨ। ਸ਼ਾਇਦ ਸਾਡੇ ਦੇਸ਼ਵਾਸੀ ਰਾਸ਼ਟਰਵਾਦੀ ਭਾਵਨਾਵਾਂ ਦੀ ਪਾਵਨਤਾ ਦੇ ਸਿਆਸੀਕਰਨ ਦੀ ਸਿਆਸੀ ਖੇਡ ਹੁਣ ਸਮਝਣ ਲੱਗੇ ਹਨ।

ਮੈਂ ਅਜਿਹੀ ਬੇਲਾਗਤਾ ਦੇ ਜਸ਼ਨ ਵਜੋਂ ਕੌਫ਼ੀ ਦਾ ਕੱਪ ਚੁੱਕਦਾ ਹਾਂ। ਤੁਸੀਂ ਵੀ ਮੇਰਾ ਸਾਥ ਦਿਉ।

ਈਮੇਲ: kaffeeklatsch@tribuneindia.com

## ਭਾਰਤੀ ਇੰਜਨੀਅਰ ਦੇ ਕੇਸ ਦੀ ਪੈਰਵੀ ਕਰਨ ਵਾਲੀ ਪਾਕਿ ਪੱਤਰਕਾਰ ਜ਼ੀਨਤ ਸ਼ਾਹਜ਼ਾਦੀ 2 ਸਾਲਾਂ ਬਾਅਦ ਮਿਲੀ

ਪਾਕਿਸਤਾਨ-ਅਫ਼ਗਾਨਿਸਤਾਨ ਸਰਹੱਦ ਨੇੜਲੇ ਇਲਾਕੇ ਵਿੱਚੋਂ ਜ਼ੀਨਤ ਨੂੰ ਬਚਾਇਆ ਗਿਆ ਹੈ। ਬਲੋਚਿਸਤਾਨ ਅਤੇ ਖੈਬਰ-ਪਖਤੂਨਖਵਾ ਸੂਬਿਆਂ ਦੇ ਕਬਾਇਲੀਆਂ ਨੇ ਜ਼ੀਨਤ ਨੂੰ ਲੱਭਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਸ੍ਰੀ ਇਕਬਾਲ ਨੇ ਦੱਸਿਆ, 'ਗ਼ੈਰ-ਸਰਕਾਰੀ ਤੱਤਾਂ ਅਤੇ ਗ਼ੈਰ-ਸਰਕਾਰੀ ਏਜੰਸੀਆਂ ਨੇ ਉਸ ਨੂੰ ਅਗਵਾ ਕੀਤਾ ਸੀ ਅਤੇ ਉਸ ਨੂੰ ਰਿਹਾਅ ਕਰਾ ਲਿਆ ਹੈ।' ਮਨੁੱਖੀ ਹੱਕਾਂ ਦੀ ਕਾਰਕੁਨ ਬੀਨਾ ਸਰਵਰ ਨੇ ਕਿਹਾ, 'ਜ਼ੀਨਤ ਸ਼ਾਹਜ਼ਾਦੀ ਲਾਹੌਰ ਵਿੱਚ ਆਪਣੇ ਪਰਿਵਾਰ ਨੂੰ ਮਿਲੀ ਹੈ ਅਤੇ ਅਸੀਂ ਉਸ ਦੀ ਸੁਰੱਖਿਅਤ ਰਿਹਾਈ ਤੋਂ ਖੁਸ਼ ਹਾਂ।'

ਗ਼ੌਰਤਲਬ ਹੈ ਕਿ ਭਾਰਤੀ ਇੰਜਨੀਅਰ ਹਾਮਿਦ ਅੰਸਾਰੀ ਨਵੰਬਰ 2012 ਨੂੰ ਪਾਕਿਸਤਾਨ ਵਿੱਚ ਲਾਪਤਾ ਹੋ ਗਿਆ ਸੀ। ਜ਼ੀਨਤ ਨੇ ਹਾਮਿਦ ਦੀ ਮਾਂ ਫੌਜ਼ੀਆ ਅੰਸਾਰੀ ਵੱਲੋਂ ਸੁਪਰੀਮ ਕੋਰਟ ਦੇ ਮਨੁੱਖੀ ਅਧਿਕਾਰਾਂ ਬਾਰੇ ਸੈੱਲ ਵਿਚ ਅਰਜ਼ੀ ਦਾਖ਼ਲ ਕੀਤੀ ਸੀ। ਉਸ ਵੱਲੋਂ ਪਿਸ਼ਾਵਰ ਹਾਈ ਕੋਰਟ ਵਿੱਚ ਵੀ ਉਸ ਦਾ ਕੇਸ ਲੜਿਆ ਜਾ ਰਿਹਾ ਸੀ। ਜ਼ੀਨਤ ਨੂੰ ਅਗਵਾ ਕੀਤੇ ਜਾਣ ਬਾਅਦ ਉਸ ਦੇ ਭਰਾ ਸੱਦਾਮ ਹੁਸੈਨ ਨੇ ਪਿਛਲੇ ਸਾਲ ਮਾਰਚ ਵਿੱਚ ਖ਼ੁਦਕੁਸ਼ੀ ਕਰ ਲਈ ਸੀ।









## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Love's Travel Stops & Country Stores

*ਸਫ਼ਾ ਇਕ ਦਾ ਬਾਕੀ*

## ਬੁੱਸ਼, ਓਬਾਮਾ ਤੇ ਹਿਲੇਰੀ ਨੇ ਟਰੰਪ ਦੀ ਵੰਡ ਪਾਊ ਸਿਆਸਤ ਤੇ ਵਿਦੇਸ਼ ਨੀਤੀ ਨੂੰ ਆੜੇ ਹੱਥੀਂ ਲਿਆ

ਹੋ ਰਹੀ ਹੈ। ਅਸਹਿਮਤੀ, ਮਨੁੱਖਤਾ ਦੇ ਘਾਣ ਵਿੱਚ ਬਦਲ ਰਹੀ ਹੈ। ਜ਼ਿਕਰਯੋਗ ਹੈ ਕਿ ਆਪਣੇ ਡੈਮੋਕਰੇਟ ਜਾਨਸ਼ੀਨ ਬਰਾਕ ਓਬਾਮਾ ਦੇ ਉਲਟ ਰਿਪਬਲਿਕਨ ਬੁਸ਼, ਟਰੰਪ ਜਾਂ ਅਮਰੀਕੀ ਸਿਆਸਤ ਦੀ ਹਾਲਤ ਬਾਰੇ ਇਸ ਸਾਲ ਜਨਤਕ ਤੌਰ ਉਤੇ ਬਹੁਤ ਘੱਟ ਬੋਲੇ ਹਨ। ਟਰੰਪ ਵੱਲੋਂ ਅਮਰੀਕਾ ਵਿੱਚ ਸ਼ਰਨਾਰਥੀਆਂ ਦੀ ਗਿਣਤੀ ਘਟਾਉਣ ਅਤੇ ਪਰਵਾਸ ਉਤੇ ਲਗਾਮ ਕਸਣ ਦੀਆਂ ਕੋਸ਼ਿਸ਼ਾਂ ਮਗਰੋਂ 71 ਸਾਲਾ ਬੁਸ਼ ਨੇ ਕਿਹਾ ਕਿ "ਅਸੀਂ ਰਾਸ਼ਟਰਵਾਦ ਨੂੰ ਮੂਲਵਾਦ ਦੇ ਰੂਪ ਵਿੱਚ ਵਟਦਿਆਂ ਦੇਖ ਰਹੇ ਹਾਂ ਅਤੇ ਉਸ ਗਤੀਸ਼ੀਲਤਾ ਨੂੰ ਭੁੱਲ ਗਏ ਹਾਂ, ਜੋ ਅਮਰੀਕਾ ਵਿੱਚ ਹਮੇਸ਼ਾ ਪਰਵਾਸ ਨਾਲ ਆਈ।"

**ਓਬਾਮਾ ਵੱਲੋਂ ਵੀ ਆਲੋਚਨਾ :** ਰਿਚਮੰਡ: ਵ੍ਹਾਈਟ ਹਾਊਸ ਵਿਚਲੇ ਆਪਣੇ ਜਾਨਸ਼ੀਨ ਨਾਲ ਸਿੱਧੇ ਵਿਰੋਧ ਨੂੰ ਨਜ਼ਰਅੰਦਾਜ਼ ਕਰਨ ਅਤੇ ਸੁਰਖੀਆਂ ਵਿੱਚ ਨਾ ਰਹਿਣ ਤੋਂ ਕਈ ਮਹੀਨਿਆਂ ਮਗਰੋਂ ਬਰਾਕ ਓਬਾਮਾ ਪਹਿਲੀ ਦਫ਼ਾ ਪ੍ਰਚਾਰ ਮੁਹਿੰਮ ਵਿੱਚ ਕੁੱਦੇ ਅਤੇ ਉਨ੍ਹਾਂ ਵੰਡ ਪਾਊ ਸਿਆਸਤ ਦੀ ਨਿਖੇਧੀ ਕੀਤੀ। ਨਿਊਜਰਸੀ ਵਿੱਚ ਗਵਰਨਰ ਦੇ ਅਹੁਦੇ ਲਈ ਡੈਮੋਕਰੇਟਿਕ ਉਮੀਦਵਾਰ ਦੇ ਹੱਕ ਵਿੱਚ ਰੈਲੀ ਦੌਰਾਨ 56 ਸਾਲਾ ਸਾਬਕਾ ਰਾਸ਼ਟਰਪਤੀ ਨੇ 2016 ਦੀ ਪ੍ਰਚਾਰ ਮੁਹਿੰਮ ਦੀ ਤਲਖ਼ੀ ਅਤੇ ਡਰ ਨੂੰ ਨਿਸ਼ਾਨਾ ਬਣਾਇਆ। ਫਿੱਲ ਮਰਫ਼ੀ ਦੇ ਹੱਕ ਵਿੱਚ ਨੇਵਾਰਕ ਵਿੱਚ ਰੈਲੀ ਦੌਰਾਨ ਓਬਾਮਾ ਨੇ ਕਿਹਾ, "ਅਸੀਂ 21ਵੀਂ ਸਦੀ ਵਿੱਚ 19ਵੀਂ ਸਦੀ ਵਾਲੀ ਵੰਡ ਪਾਊ ਸਿਆਸਤ ਲਿਆ ਰਹੇ, ਜਿਸ ਦੇ ਨੁਕਸਾਨ ਅਸੀਂ ਸਦੀਆਂ ਪਹਿਲਾਂ ਦੇਖ ਚੁੱਕੇ ਹਾਂ।"

## ਹਿਊਸਟਨ ਪੁਲੀਸ ਨੂੰ ਮਿਲੀ ਲਾਪਤਾ ਭਾਰਤੀ ਬੱਚੀ ਦੀ ਲਾਸ਼

ਬਾਹਰ ਕੱਢ ਦਿੱਤਾ ਸੀ ਕਿਉਂਕਿ ਉਸ ਨੇ ਦੁੱਧ ਪੀਣ ਤੋਂ ਇਨਕਾਰ ਕਰ ਦਿੱਤਾ ਸੀ। ਇਹ ਬੱਚੀ ਉਨ੍ਹਾਂ ਨੇ ਬਿਹਾਰ ਦੇ ਅਨਾਥਘਰ ਵਿਚੋਂ 2 ਸਾਲ ਪਹਿਲਾਂ ਹੀ ਗੋਦ ਲਈ ਸੀ। ਪੁਲੀਸ ਟੀਮ ਨੇ ਡਰੋਨਾਂ ਅਤੇ ਹੈਲੀਕਾਪਟਰਾਂ ਦੀ ਮਦਦ ਨਾਲ ਬੱਚੀ ਦੀ ਭਾਲ ਆਰੰਭੀ ਹੋਈ ਸੀ।

### ਸ਼ੇਰਿਨ ਦਾ ਪਿਤਾ ਗ੍ਰਿਫ਼ਤਾਰ

ਡੈਲਸ ਅਰਧਸ਼ਹਿਰੀ ਇਲਾਕੇ 'ਚੋਂ ਪੁਲੀ ਹੇਠੋਂ ਮ੍ਰਿਤਕ ਮਿਲੀ ਭਾਰਤੀ ਬੱਚੀ ਦੇ ਪਿਤਾ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਖ਼ਿਲਾਫ਼ ਸੰਗੀਨ ਅਪਰਾਧ ਦੇ ਦੋਸ਼ ਹੇਠ ਕੇਸ ਦਰਜ ਕਰ ਲਿਆ ਹੈ। ਟੈਕਸਸ ਦੇ ਰਿਚਰਡਸਨ ਸ਼ਹਿਰ ਦੀ ਪੁਲੀਸ ਨੇ ਦੱਸਿਆ ਕਿ ਵੈਸਲੇ ਮੈਥਿਊਜ਼ (37 ਸਾਲ) ਵੱਲੋਂ ਆਪਣੀ ਗੋਦ ਲਈ ਧੀ ਸ਼ੇਰਿਨ, ਜੋ ਦੋ ਹਫ਼ਤੇ ਪਹਿਲਾਂ ਭੇਤਭਰੀ ਹਾਲਤ ਵਿਚ ਲਾਪਤਾ ਹੋ ਗਈ ਸੀ, ਬਾਰੇ ਕਹਾਣੀ ਬਦਲੇ ਜਾਣ ਬਾਅਦ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮੈਥਿਊਜ਼ ਨੇ ਪਹਿਲਾਂ ਦਾਅਵਾ ਕੀਤਾ ਸੀ ਕਿ 7 ਅਕਤੂਬਰ ਨੂੰ ਦੁੱਧ ਨਾ ਪੀਣ ਕਾਰਨ ਸਜ਼ਾ ਵਜੋਂ ਉਸ ਨੇ ਸ਼ੇਰਿਨ ਨੂੰ ਤੜਕੇ 3:00 ਵਜੇ ਘਰੋਂ ਬਾਹਰ ਭੇਜ ਦਿੱਤਾ ਅਤੇ ਉਹ ਲਾਪਤਾ ਹੋ ਗਈ। ਰਿਚਰਡਸਨ ਪੁਲੀਸ ਵਿਭਾਗ ਦੇ ਤਰਜਮਾਨ ਸਾਰਜੈਂਟ ਕੇਵਿਨ ਨੇ ਦੱਸਿਆ, 'ਉਹ ਆਪਣੇ ਅਟਾਰਨੀ ਨਾਲ ਰਿਚਰਡਸਨ ਪੁਲੀਸ ਸਟੇਸ਼ਨ ਵਿੱਚ ਆਇਆ ਅਤੇ ਜਾਂਚ ਅਧਿਕਾਰੀਆਂ ਨਾਲ ਗੱਲਬਾਤ ਕਰਨ ਦੀ ਮੰਗ ਰੱਖੀ। ਇਸ ਦੌਰਾਨ ਉਸ ਨੇ ਸ਼ੇਰਿਨ ਦੇ ਲਾਪਤਾ ਹੋਣ ਬਾਰੇ ਆਪਣੇ ਪਿਛਲੇ ਬਿਆਨ ਤੋਂ ਵੱਖਰੀ ਕਹਾਣੀ ਸੁਣਾਈ।'

## ਹਮਲੇ ਵਿਚ ਗੁਰਦੁਆਰਾ ਛੋਟਾ ਘੱਲੂਘਾਰਾ ਦੇ ਸਾਬਕਾ ਪ੍ਰਧਾਨ ਜੌਹਰ ਸਿੰਘ ਸਮੇਤ 3 ਜ਼ਖ਼ਮੀ

ਤੋਂ ਵੱਧ ਮਰਦਾਂ ਅਤੇ ਔਰਤਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲੀਸ ਨੇ ਗੁਰਪ੍ਰਤਾਪ ਸਿੰਘ, ਉਸ ਦੀ ਪਤਨੀ ਦਵਿੰਦਰ ਕੌਰ, ਉਸ ਦੇ ਪੁੱਤਰ ਸਹਿਜ ਦੀਪ ਅਤੇ ਧੀ ਸਿੰਮੀ ਤੋਂ ਇਲਾਵਾ ਲਖਵਿੰਦਰ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਰੰਧਾਵਾ ਕਲੋਨੀ, ਬਚਨ ਸਿੰਘ ਛਿੱਛਰਾ, ਸੁੱਚਾ ਸਿੰਘ ਛਿੱਛਰਾ, ਜਸਵੰਤ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਰੰਧਾਵਾ ਕਲੋਨੀ, ਜਸਵੰਤ ਸਿੰਘ ਪੁੱਤਰ ਰਵੇਲ ਸਿੰਘ ਵਾਸੀ ਰੰਧਾਵਾ ਕਾਲੋਨੀ, ਸੋਨੂੰ ਟੈਪੂ ਵਾਲਾ, ਉਸ ਦੀ ਪਤਨੀ ਅਤੇ ਲਗਪਗ 12 ਅਣਪਛਾਤੇ ਵਿਅਕਤੀਆਂ ਨੂੰ ਇਸ ਕੇਸ 'ਚ ਨਾਮਜ਼ਦ ਕੀਤਾ ਹੈ। ਡੀਐਸਪੀ ਮਨਜੀਤ ਸਿੰਘ ਅਤੇ ਥਾਣਾ ਭੈਣੀ ਮੀਆਂ ਖਾਂ ਦੇ ਮੁਖੀ ਦਿਲਬਾਗ ਸਿੰਘ ਨੇ ਦੱਸਿਆ ਕਿ ਜੌਹਰ ਸਿੰਘ ਦੇ ਬਿਆਨਾਂ 'ਤੇ ਇਹ ਕੇਸ ਦਰਜ ਕੀਤਾ ਗਿਆ ਹੈ। ਸੂਤਰਾਂ ਅਨੁਸਾਰ ਪੁਲੀਸ ਨੇ ਦੁਪਹਿਰ ਵੇਲੇ ਪਿੰਡ ਰੰਧਾਵਾ ਕਲੋਨੀ ਦੇ ਕਈ ਘਰਾਂ ਵਿਚ ਛਾਪੇ ਮਾਰ ਕੇ ਕੁੱਝ ਔਰਤਾਂ ਨੂੰ ਹਿਰਾਸਤ ਵਿੱਚ ਲਿਆ ਹੈ।

## ਮਾਂ ਬੋਲੀ ਨਾਲ ਵਿਤਕਰੇ ਵਿਰੁਧ ਲੋਕ ਰੋਹ ਦੀ ਜਿੱਤ

ਨੂੰ ਮਿਟਾਉਣ 'ਤੇ ਤੁਲੀ ਹੈ। ਕਾਲਾ ਪੋਚਾ ਫੇਰਨ ਵਾਲਿਆਂ ਦੀ ਰਾਜਵਿੰਦਰ ਰਾਜੀ, ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਪਾਰੀ, ਦਲ ਖਾਲਸਾ ਦੇ ਜੀਵਨ ਸਿੰਘ ਗਿੱਲ ਕਲਾਂ, ਸਿੱਖ ਸਟੂਡੈਂਟ ਫੈਡਰੇਸ਼ਨ 1984 ਦੇ ਪਰਨਜੀਤ ਸਿੰਘ ਕੋਟਫੱਤਾ, ਲੇਖਕ ਬਲਜਿੰਦਰ ਸਿੰਘ ਬਾਗੀ ਕੋਟਭਾਰਾ ਨੇ ਅਗਵਾਈ ਕੀਤੀ। ਲੋਕ ਨਿਰਮਾਣ ਵਿਭਾਗ ਦੇ ਮੁੱਖ ਇੰਜਨੀਅਰ (ਕੌਮੀ ਹਾਈਵੇਅ) ਏ.ਕੇ. ਸਿੰਗਲਾ ਨੇ ਦੱਸਿਆ ਕਿ ਬਠਿੰਡਾ-ਅੰਮ੍ਰਿਤਸਰ ਸ਼ਾਹਰਾਹ ਦੇ ਸਾਰੇ ਸਾਈਨ ਬੋਰਡਾਂ 'ਤੇ ਪੰਜਾਬੀ ਭਾਸ਼ਾ ਲਿਖੀ ਜਾਵੇਗੀ। ਕੇਂਦਰ ਸਰਕਾਰ ਤੋਂ ਇਸ ਸਬੰਧੀ ਪ੍ਰਵਾਨਗੀ ਲੈ ਲਈ ਹੈ ਅਤੇ 10 ਨਵੰਬਰ ਤਕ ਸ਼ਾਹਰਾਹ ਦੇ ਸਾਰੇ ਬੋਰਡ ਬਦਲ ਦਿੱਤੇ ਜਾਣਗੇ। ਸਾਈਨ ਬੋਰਡਾਂ 'ਤੇ ਕਾਲਖ ਫੇਰਨ ਵਾਲੇ ਲੱਖਾ ਸਿਧਾਣਾ, ਦਲ ਖਾਲਸਾ ਦੇ ਹਰਦੀਪ ਮਹਿਰਾਜ ਸਮੇਤ 70-80 ਜਣਿਆਂ ਖ਼ਿਲਾਫ਼ ਬਠਿੰਡਾ ਪੁਲੀਸ ਨੇ ਕੇਸ ਦਰਜ ਕੀਤਾ ਹੈ। ਐਸਪੀ (ਡੀ) ਸਵਰਨ ਖੰਨਾ ਨੇ ਦੱਸਿਆ ਕਿ ਥਾਣਾ ਨੇਹੀਆਂ ਵਾਲਾ ਵਿੱਚ ਇਨ੍ਹਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ ਕਿਉਂਕਿ ਇਨ੍ਹਾਂ ਨੇ ਸਰਕਾਰੀ ਸੰਪਤੀ ਨਾਲ ਛੇੜਛਾੜ ਕੀਤੀ ਹੈ।

# ਟਰੰਪ ਨੇ ਵਾਈਟ ਹਾਊਸ 'ਚ ਆਪਣੀ ਪਹਿਲੀ ਦੀਵਾਲੀ ਮਨਾਈ



**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਈਟ ਹਾਊਸ ਵਿਚ ਆਪਣੀ ਪਹਿਲੀ ਦੀਵਾਲੀ ਮਨਾਈ। ਟਰੰਪ ਨੇ ਕਿਹਾ, 'ਕਈ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਭਾਰਤੀ ਅਮਰੀਕੀ ਭਾਈਚਾਰੇ ਦੇ ਨੇਤਾਵਾਂ ਨਾਲ ਮੈਂ ਦੀਵਾਲੀ ਮਨਾ ਕੇ ਕਾਫ਼ੀ ਸਨਮਾਨਿਤ ਮਹਿਸੂਸ ਕਰ ਰਿਹਾ ਹਾਂ।' ਇਸ ਦੌਰਾਨ ਟਰੰਪ ਨੇ ਓਵਲ ਦਫ਼ਤਰ ਵਿਚ ਦੀਵਾਲੀ ਮਨਾਏ ਜਾਣ ਦੀ ਵੀਡੀਓ ਸਾਂਝੀ ਕਰਦੇ ਹੋਏ ਫੇਸਬੁੱਕ 'ਤੇ ਪੋਸਟ ਲਿਖਿਆ ਕਿ ਜਦ ਅਸੀਂ ਦੀਵਾਲੀ ਮਨਾਉਂਦੇ ਹਾਂ, ਤਾਂ ਸਾਨੂੰ ਖ਼ਾਸ ਤੌਰ 'ਤੇ ਭਾਰਤ ਦੇ ਲੋਕਾਂ ਦੀ ਯਾਦ ਆਉਂਦੀ ਹੈ, ਜਿਨ੍ਹਾਂ ਨੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਨਿਰਮਾਣ ਕੀਤਾ ਹੈ। ਭਾਰਤ ਹਿੰਦੂ ਧਰਮ ਦਾ ਘਰ ਹੈ। ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੇ ਮਜ਼ਬੂਤ ਰਿਸ਼ਤਿਆਂ ਨੂੰ ਕਾਫ਼ੀ ਅਹਿਮੀਅਤ ਦਿੰਦੇ ਹਾਂ। ਪਹਿਲੀ ਵਾਰ ਟਰੰਪ ਨੇ ਵਾਈਟ ਹਾਊਸ ਵਿਚ ਦੀਵਾਲੀ ਮਨਾਉਂਦੇ ਹੋਏ ਕਿਹਾ ਕਿ ਦੇਸ਼ ਵਿਚ ਵਿਗਿਆਨ, ਦਵਾਈਆਂ, ਕਾਰੋਬਾਰ ਤੇ ਸਿੱਖਿਆ ਦੇ ਖੇਤਰ ਵਿਚ ਭਾਰਤੀ-ਅਮਰੀਕੀਆਂ ਦੇ ਅਸਾਧਾਰਨ ਯੋਗਦਾਨ ਦੀ ਪ੍ਰਸੰਸਾ ਕੀਤੀ। ਦੀਵਾਲੀ ਮਨਾਉਣ ਮੌਕੇ ਟਰੰਪ ਨਾਲ ਸੰਯੁਕਤ ਰਾਸ਼ਟਰ ਵਿਚ ਅਮਰੀਕਾ ਦੀ ਰਾਜਦੂਤ ਨਿੱਕੀ ਹੈਲੇ, ਸੈਂਟਰਸ ਫ਼ਾਰ ਮੈਡੀਕੇਅਰ ਐਂਡ ਮੈਡੀਕੇਡ ਸਰਵਿਸਿਜ਼ ਦੀ ਪ੍ਰਸ਼ਾਸਕ ਸੀਮਾ ਵਰਮਾ, ਪ੍ਰੈੱਸ ਸਕੱਤਰ ਰਾਜ ਸ਼ਾਹ ਤੇ ਹੋਰਾਂ ਨੇ ਵੀ ਹਿੱਸਾ ਲਿਆ। ਵਾਈਟ ਹਾਊਸ ਵਲੋਂ ਜਾਰੀ ਇਕ ਤਸਵੀਰ ਮੁਤਾਬਕ ਰਾਸ਼ਟਰਪਤੀ ਦੀ ਬੇਟੀ ਇਵਾਂਕਾ ਵੀ ਇਸ ਜਸ਼ਨ ਵਿਚ ਸ਼ਾਮਲ ਹੋਈ ਤੇ ਉਨ੍ਹਾਂ ਨੇ ਦੀਵੇ ਜਗਾਉਂਦਿਆਂ ਕਿਹਾ ਕਿ ਉਹ ਇਹ ਤਿਉਹਾਰ ਮਨਾ ਕੇ ਬਹੁਤ ਮਾਣ ਮਹਿਸੂਸ ਕਰ ਰਹੀ ਹੈ। ਆਪਣੀ ਟਿੱਪਣੀ ਵਿਚ ਟਰੰਪ ਨੇ ਕਿਹਾ ਕਿ ਭਾਰਤੀ ਅਮਰੀਕੀਆਂ ਨੇ ਦੇਸ਼ ਤੇ ਦੁਨੀਆ ਵਿਚ ਅਸਾਧਾਰਨ ਯੋਗਦਾਨ ਦਿੱਤਾ ਹੈ। ਟਰੰਪ ਨੇ ਇਸ ਮੌਕੇ 'ਤੇ ਦਿੱਤੇ ਆਪਣੇ ਭਾਸ਼ਣ ਵਿਚ ਅਮਰੀਕਾ ਤੇ ਭਾਰਤ ਦੇ ਮਜ਼ਬੂਤ ਰਿਸ਼ਤਿਆਂ ਤੇ ਭਾਰਤੀ ਮੂਲ ਦੇ ਅਮਰੀਕੀਆਂ ਦੇ ਅਮਰੀਕਾ ਵਿਚ ਦਿੱਤੇ ਗਏ ਯੋਗਦਾਨ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ, 'ਮੈਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਆਪਣੇ ਮਜ਼ਬੂਤ ਸਬੰਧਾਂ ਨੂੰ ਬਹੁਤ ਮਹੱਤਵ ਦਿੰਦਾ ਹਾਂ। ਦੀਵਾਲੀ ਹਿੰਦੂ ਧਰਮ ਦਾ ਬਹੁਤ ਹੀ ਮਹੱਤਵਪੂਰਨ ਤਿਉਹਾਰ ਹੈ।' ਉਨ੍ਹਾਂ ਕਿਹਾ ਕਿ ਨਵੇਂ ਸਾਲ ਵਿਚ ਸ਼ਾਂਤੀ ਤੇ ਸੁੱਖ ਦਾ ਸਮਾਂ, ਇਹ ਇਕ ਪਰੰਪਰਾ ਹੈ ਜਿਸ ਨੂੰ 100 ਕਰੋੜ ਹਿੰਦੂ ਪੂਰੀ ਦੁਨੀਆ ਵਿਚ ਤੇ 20 ਲੱਖ ਹਿੰਦੂ ਅਮਰੀਕਾ ਵਿਚ ਮੰਨਦੇ ਹਨ। ਦੀਵਾਲੀ ਨੂੰ ਅਮਰੀਕਾ ਵਿਚ, ਭਾਰਤ ਵਿਚ ਤੇ ਪੂਰੀ ਦੁਨੀਆ ਵਿਚ ਲੱਖਾਂ ਸਿੱਖ, ਬੁੱਧ ਤੇ ਜੈਨ ਧਰਮ ਦੇ ਲੋਕ ਵੀ ਮਨਾਉਂਦੇ ਹਨ। ਉਨ੍ਹਾਂ ਨੇ ਫੇਸਬੁੱਕ ਪੇਜ਼ 'ਤੇ ਲਿਖਿਆ ਕਿ ਅਮਰੀਕਾ ਵਿਸ਼ੇਸ਼ ਰੂਪ ਨਾਲ ਕਈ ਭਾਰਤੀ-ਅਮਰੀਕੀਆਂ ਦਾ ਧੰਨਵਾਦ ਕਰਦਾ ਹੈ ਜੋ ਬਹਾਦਰੀ ਨਾਲ ਸਾਡੀ ਸੈਨਾ ਵਿਚ ਕੰਮ ਕਰ ਰਹੇ ਹਨ। ਅਮਰੀਕੀ ਰਾਸ਼ਟਰਪਤੀ ਨੇ ਦੀਵਾਲੀ ਦੌਰਾਨ ਦੀਵਾ ਜਗਾਉਣ ਦੇ ਮਹੱਤਵ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਲੋਕ ਆਪਣੇ ਘਰਾਂ ਵਿਚ ਦੀਵਾ ਜਗਾ ਕੇ ਤਿਉਹਾਰ ਮਨਾਉਂਦੇ ਹਨ ਅਤੇ ਅੱਜ ਅਸੀਂ 'ਦਾ ਪੀਪਲਜ਼ ਹਾਊਸ' ਵਿਚ ਦੀਵਾਲੀ ਮਨਾਈ।

# ਉਤਰੀ ਕੋਰੀਆ ਨਾਲ ਛੇੜੀ ਲਫ਼ਜ਼ੀ ਜੰਗ ਲਈ ਹਿਲੇਰੀ ਵਲੋਂ ਟਰੰਪ ਦੀ ਨਿਖੇਧੀ

**ਸਿਓਲ/ਬਿਊਰੋ ਨਿਊਜ਼ :** ਅਮਰੀਕਾ ਦੀ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਮੁਲਕ ਦੇ ਸਦਰ ਡੋਨਾਲਡ ਟਰੰਪ ਵੱਲੋਂ ਉਤਰੀ ਕੋਰੀਆ ਨਾਲ ਛੇੜੀ 'ਖ਼ਤਰਨਾਕ' ਲਫ਼ਜ਼ੀ ਜੰਗ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਟਰੰਪ ਦੇ ਟਵਿੱਟਰ ਹਮਲੇ ਸਿਰਫ਼ ਉਤਰੀ ਕੋਰੀਆ ਦੇ ਪ੍ਰਚਾਰ ਦੇ ਭੁੱਖੇ ਹਾਕਮ ਦਾ ਹੀ ਫ਼ਾਇਦਾ ਕਰ ਰਹੇ ਹਨ ਤੇ ਇਸ ਨਾਲ ਵਾਸ਼ਿੰਗਟਨ ਦੀ ਸਾਖ਼ ਨੂੰ ਖ਼ੋਰਾ ਲੱਗਿਆ ਹੈ।

ਬੀਬੀ ਕਲਿੰਟਨ ਬੀਤੇ ਸਾਲ ਹੋਈਆਂ ਰਾਸ਼ਟਰਪਤੀ ਚੋਣਾਂ ਵਿੱਚ ਸ੍ਰੀ ਟਰੰਪ ਤੋਂ ਹਾਰ ਗਈ ਸੀ। ਇਥੇ ਦੱਖਣੀ ਕੋਰੀਆ ਵਿੱਚ ਇਕ ਸਮਾਗਮ ਦੌਰਾਨ ਉਨ੍ਹਾਂ ਕਿਹਾ, "ਮੈਨੂੰ ਨਵੇਂ ਪ੍ਰਸ਼ਾਸਨ (ਟਰੰਪ ਪ੍ਰਸ਼ਾਸਨ) ਦੀਆਂ ਕੁਝ ਕਾਰਵਾਈਆਂ ਤੋਂ ਫ਼ਿਕਰ ਹੋ ਰਹੀ ਹੈ, ਜੋ ਤਣਾਅ ਪੈਦਾ ਕਰਨ ਵਾਲੀਆਂ ਹਨ। ਇਸ ਕਾਰਨ ਹੁਣ ਸਾਡੇ ਭਾਈਵਾਲ ਅਮਰੀਕਾ ਦੀ ਸਾਖ਼ ਤੇ ਭਰੋਸੇਯੋਗਤਾ ਉਤੇ ਸਵਾਲ ਖੜ੍ਹੇ ਕਰ ਰਹੇ ਹਨ।"

## ਟਰੰਪ ਦੇ ਯਾਤਰਾ ਪਾਬੰਦੀਆਂ ਸਬੰਧੀ ਨਵੇਂ ਫ਼ੈਸਲੇ 'ਤੇ ਰੋਕ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਫੈਡਰਲ ਜੱਜ ਨੇ ਵ੍ਹਾਈਟ ਹਾਊਸ ਨੂੰ ਰਾਸ਼ਟਰਪਤੀ ਡੋਨਲਡ ਟਰੰਪ ਦੇ ਪਰਵਾਸ ਸਬੰਧੀ ਵਿਵਾਦਤ ਕਾਰਜਕਾਰੀ ਹੁਕਮ ਦਾ ਨਵਾਂ ਰੂਪ ਲਾਗੂ ਕਰਨ ਤੋਂ ਰੋਕ ਦਿੱਤਾ ਹੈ। ਇਹ ਫ਼ੈਸਲਾ ਅਮਰੀਕਾ ਦੇ ਡਿਸਟ੍ਰਿਕਟ ਜੱਜ ਡੈਰਿਕ ਵਾਟਸਨ ਨੇ ਹਵਾਈ ਵਿਚ ਦਿੱਤਾ। ਇਹ ਫ਼ੈਸਲਾ ਰਾਸ਼ਟਰਪਤੀ ਟਰੰਪ ਵੱਲੋਂ ਅਮਰੀਕਾ ਵਿੱਚ ਛੇ ਮੁਸਲਿਮ ਮੁਲਕਾਂ ਦੇ ਯਾਤਰੀਆਂ ਦੇ ਦਾਖ਼ਲੇ 'ਤੇ ਰੋਕ ਲਾਉਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਲਈ ਨਵਾਂ ਝਟਕਾ ਹੈ। ਜੱਜ ਵਾਟਸਨ ਨੇ ਕਿਹਾ ਕਿ ਯਾਤਰਾ ਪਾਬੰਦੀ ਦਾ ਇਹ ਤੀਜਾ ਰੂਪ ਕਾਨੂੰਨ ਮੁਤਾਬਕ ਸਹੀ ਨਹੀਂ ਹੈ, ਜਿਸ ਤਹਿਤ ਮੁੱਖ ਤੌਰ 'ਤੇ ਛੇ ਮੁਸਲਿਮ ਮੁਲਕਾਂ ਤੇ ਉੱਤਰੀ ਕੋਰੀਆ ਤੇ ਵੈਨਜ਼ੁਏਲਾ ਦੇ ਕੁਝ ਅਧਿਕਾਰੀਆਂ ਦੇ ਅਮਰੀਕਾ ਵਿਚ ਦਾਖ਼ਲੇ 'ਤੇ ਪਾਬੰਦੀ ਲਾਈ ਗਈ ਹੈ। ਉਨ੍ਹਾਂ ਆਪਣੇ ਫ਼ੈਸਲੇ ਵਿਚ ਲਿਖਿਆ, "ਇਸ ਵਿੱਚ ਵੀ ਉਹੀ ਕਮੀਆਂ ਹਨ ਜੋ ਪਹਿਲਾਂ ਵਾਲੇ ਹੁਕਮ ਵਿਚ ਸਨ। ਇਸ ਵਿੱਚ ਇਨ੍ਹਾਂ ਤੱਥਾਂ ਦੀ ਵੀ ਘਾਟ ਹੈ ਕਿ ਛੇ ਵਿਸ਼ੇਸ਼ ਮੁਲਕਾਂ ਦੇ 150 ਮਿਲੀਅਨ ਲੋਕਾਂ ਦਾ ਦਾਖ਼ਲਾ ਅਮਰੀਕਾ ਦੇ ਹਿੱਤਾਂ ਲਈ ਖ਼ਤਰਾ ਕਿਵੇਂ ਹੋ ਸਕਦਾ ਹੈ।" ਇਸ ਫ਼ੈਸਲੇ ਦਾ ਅਰਥ ਇਹ ਹੈ ਕਿ ਟਰੰਪ ਪ੍ਰਸ਼ਾਸਨ ਹੁਣ ਮੁੜ ਸੁਪਰੀਮ ਕੋਰਟ ਤੋਂ ਪੁੱਛ ਸਕਦਾ ਹੈ ਕਿ ਕੀ ਉਸ ਦੇ ਪਰਵਾਸ ਸਬੰਧੀ ਹੁਕਮ ਕਾਨੂੰਨੀ ਹਨ? ਇਹ ਨਵੇਂ ਹੁਕਮ ਦਾ ਪਿਛਲੇ ਮਹੀਨੇ ਐਲਾਨ ਕੀਤਾ ਗਿਆ ਸੀ ਜਿਸ ਨੇ ਛੇ ਮੁਸਲਿਮ ਵੱਧ ਗਿਣਤੀ ਵਾਲੇ ਛੇ ਮੁਲਕਾਂ- ਈਰਾਨ, ਲਿਬੀਆ, ਸੋਮਾਲੀਆ, ਸੂਡਾਨ, ਸੀਰੀਆ ਤੇ ਯਮਨ ਦੇ ਯਾਤਰੀਆਂ ਦੇ ਦਾਖ਼ਲੇ 'ਤੇ ਰੋਕ ਲਾਉਣ ਵਾਲੇ 90 ਦਿਨਾਂ ਵਾਲੇ ਫ਼ੈਸਲੇ ਦੀ ਥਾਂ ਲਈ ਸੀ।

# ਸ਼ਾਰਜਾਹ 'ਚ 4 ਪੰਜਾਬੀਆਂ ਸਮੇਤ 5 ਜਣਿਆਂ ਦੀ ਫਾਂਸੀ ਦੀ ਸਜ਼ਾ ਮੁਆਫ਼

**ਚੰਡੀਗੜ੍ਹ/ਬਿਊਰੋ ਨਿਊਜ਼ :** ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਸ਼ਾਰਜਾਹ ਸ਼ਹਿਰ ਵਿਚ 4 ਪੰਜਾਬੀਆਂ ਸਮੇਤ 5 ਭਾਰਤੀਆਂ ਦੀ ਫਾਂਸੀ ਦੀ ਸਜ਼ਾ ਮੁਆਫ਼ ਹੋ ਗਈ ਹੈ। ਬੀਤੇ ਦਿਨੀਂ ਸ਼ਾਰਜਾਹ ਅਦਾਲਤ ਵਲੋਂ ਮੁਆਫ਼ੀ ਨਾ ਮਨਜ਼ੂਰ ਕਰਨ ਤੋਂ ਬਾਅਦ ਇਹ ਫ਼ੈਸਲਾ ਸੁਣਾਇਆ। ਫਾਂਸੀ ਤੋਂ ਬਚਾਏ ਜਾਣ ਦਾ ਮੁਆਫ਼ੀ ਨਾਮਾ ਸ਼ਾਰਜਾਹ ਅਦਾਲਤ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਐਸ.ਪੀ. ਸਿੰਘ ਓਬਰਾਏ ਵਲੋਂ ਬੀਤੇ ਮਹੀਨੇ ਦਾਖ਼ਲ ਕੀਤਾ ਗਿਆ ਸੀ। ਓਬਰਾਏ ਨੇ ਦੱਸਿਆ ਕਿ ਅਦਾਲਤ ਵਲੋਂ ਇਨ੍ਹਾਂ ਨੂੰ 3 ਸਾਲ ਦੀ ਸਜ਼ਾ ਸੁਣਾਈ ਗਈ ਹੈ ਤੇ ਇਹ ਸਾਰੇ 6 ਸਾਲ ਤੋਂ ਜੇਲ੍ਹ ਵਿਚ ਹੀ ਹਨ। ਓਬਰਾਏ ਨੇ ਆਸ ਪ੍ਰਗਟ ਕੀਤੀ ਕਿ ਇਨ੍ਹਾਂ ਦੀ ਰਿਹਾਈ ਜਲਦ ਹੀ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਯੂ.ਏ.ਈ. ਵਿਖੇ ਭਾਰਤੀ ਸਫ਼ਾਰਤ ਖਾਨੇ ਨਾਲ ਮਿਲ ਕੇ ਇਨ੍ਹਾਂ ਸਾਰਿਆਂ ਨੂੰ ਆਉਂਦੇ ਕੁਝ ਦਿਨਾਂ ਵਿਚ ਭਾਰਤ ਭੇਜ ਦਿੱਤਾ ਜਾਵੇਗਾ। ਦੁਬਈ ਤੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਐਸ. ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਸ਼ਾਰਜਾਹ ਵਿਚ ਸ਼ਰਾਬ ਦੇ ਨਾਜਾਇਜ਼ ਧੰਦੇ ਵਿਚ ਸ਼ਾਮਲ ਲੋਕਾਂ ਦੇ ਆਪਸੀ ਝਗੜੇ ਵਿਚ 4 ਨਵੰਬਰ 2011 ਨੂੰ ਉੱਤਰ ਪ੍ਰਦੇਸ਼ ਦੇ ਆਜ਼ਮਗੜ੍ਹ ਜ਼ਿਲ੍ਹੇ ਦੇ ਸ਼ੇਖੂਪੁਰਾ ਪਿੰਡ ਦੇ ਵਰਿੰਦਰ ਚੌਹਾਨ ਦਾ ਕਤਲ ਹੋ ਗਿਆ ਸੀ ਅਤੇ ਜਿਸ ਦੇ ਦੋਸ਼ ਵਿਚ ਬਿਹਾਰ ਦੇ ਛਪਰਾ ਜ਼ਿਲ੍ਹੇ ਦੇ ਇਕ ਨਿਵਾਸੀ ਧਰਮਿੰਦਰ, ਅੰਮ੍ਰਿਤਸਰ ਦੇ ਅਜਨਾਲਾ ਦੇ ਰਵਿੰਦਰ ਸਿੰਘ, ਨਵਾਂਸ਼ਹਿਰ ਦੇ ਜ਼ੀਸਰਾ ਪਿੰਡ ਦੇ ਰਣਜੀਤ ਰਾਮ, ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਲਪੁਰ ਪਿੰਡ ਦਾ ਦਲਵਿੰਦਰ ਸਿੰਘ ਤੇ ਪਟਿਆਲਾ ਦੇ ਜਸੋਮਾਜਰਾ ਪਿੰਡ ਦੇ ਸੁੱਚਾ ਸਿੰਘ ਨੂੰ 4 ਨਵੰਬਰ 2011 ਨੂੰ ਇਕ ਵਰਿੰਦਰ ਚੌਹਾਨ ਨੂੰ ਮਾਰਨ ਦੇ ਦੋਸ਼ ਵਿਚ ਸ਼ਾਰਜਾਹ ਦੀ ਅਦਾਲਤ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਐਸ.ਪੀ.ਐਸ. ਓਬਰਾਏ ਨੇ ਦੱਸਿਆ ਕਿ ਮੁਲਜ਼ਮਾਂ ਦੇ ਮਾਪਿਆਂ ਨੇ ਮੇਰੇ ਨਾਲ ਸੰਪਰਕ ਕੀਤਾ ਤੇ ਉਸ ਤੋਂ ਬਾਅਦ ਉਨ੍ਹਾਂ ਉੱਤਰ ਪ੍ਰਦੇਸ਼ ਦੇ ਆਜ਼ਮਗੜ੍ਹ ਜ਼ਿਲ੍ਹੇ ਦੇ ਸ਼ੇਖੂਪੁਰਾ ਪਿੰਡ ਵਿਚ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨਾਲ ਸੰਪਰਕ ਕੀਤਾ ਤਾਂ ਬਲੱਡ ਮਨੀ ਪਰਿਵਾਰ ਵਾਲਿਆਂ ਨੂੰ ਦਿੱਤੀ ਗਈ, ਜਿਸ 'ਤੇ ਵਰਿੰਦਰ ਚੌਹਾਨ ਦੇ ਪਰਿਵਾਰ ਵਾਲਿਆਂ ਨੇ ਮੁਲਜ਼ਮਾਂ ਨੂੰ ਮੁਆਫ਼ ਕਰਨ ਲਈ ਮੁਆਫ਼ੀ ਪੱਤਰ ਅਦਾਲਤ ਵਿਚ ਤਸਦੀਕ ਕਰਵਾ ਕੇ ਓਬਰਾਏ ਨੂੰ ਸੌਂਪ ਦਿੱਤਾ। ਇਹ ਸਮਝੌਤਾ ਪਿਛਲੇ ਮਹੀਨੇ ਹੋ ਗਿਆ ਸੀ ਜਿਸ ਦੇ ਲਈ ਸ. ਓਬਰਾਏ ਖ਼ੁਦ ਉੱਤਰ ਪ੍ਰਦੇਸ਼ ਗਏ ਅਤੇ ਵਰਿੰਦਰ ਦੇ ਪਰਿਵਾਰ ਨੇ 20 ਲੱਖ ਰੁਪਏ ਬਲੱਡ ਮਨੀ ਦੇ ਰੂਪ ਵਿਚ ਲਿਆ ਸੀ, ਜਿਸ 'ਤੇ ਪਰਿਵਾਰ ਵਾਲਿਆਂ ਨੇ ਮੁਆਫ਼ੀ ਦਾ ਪੱਤਰ ਓਬਰਾਏ ਨੂੰ ਸੌਂਪ ਦਿੱਤਾ ਸੀ।

## ਹਿਮਾਚਲ 'ਚ ਕਾਂਗਰਸ-ਭਾਜਪਾ ਦੋਹਾਂ ਨੇ ਸਿੱਖਾਂ-ਮੁਸਲਮਾਨਾਂ ਨੂੰ ਕੀਤਾ ਅੱਖੋਂ ਓਹਲੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੀਆਂ 9 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਵਿਚ 2 ਪ੍ਰਮੁੱਖ ਸਿਆਸੀ ਪਾਰਟੀਆਂ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਨੇ ਟਿਕਟਾਂ ਦੀ ਵੰਡ ਨੂੰ ਲੈ ਕੇ ਦੇਸ਼ ਦੀਆਂ 2 ਘੱਟ ਗਿਣਤੀਆਂ ਸਿੱਖਾਂ ਤੇ ਮੁਸਲਮਾਨਾਂ ਨੂੰ ਇਸ ਵਾਰ ਬਿਲਕੁਲ ਅੱਖੋਂ ਓਹਲੇ ਕਰ ਦਿੱਤਾ ਹੈ, ਹਾਲਾਂਕਿ ਅਤੀਤ ਵਿਚ ਪਾਊਂਟਾ ਸਾਹਿਬ ਤੇ ਨਾਲਾਗੜ੍ਹ ਹਲਕਿਆਂ ਵਿਚੋਂ ਦੋਵੇਂ ਪਾਰਟੀਆਂ ਦੇ ਸਿੱਖ ਉਮੀਦਵਾਰ ਚੋਣ ਜਿੱਤਦੇ ਰਹੇ ਹਨ। ਪਾਊਂਟਾ ਸਾਹਿਬ ਤੋਂ ਕਾਂਗਰਸ ਤੇ ਨਾਲਾਗੜ੍ਹ ਤੋਂ ਭਾਜਪਾ ਦੇ ਸਿੱਖ ਉਮੀਦਵਾਰ ਜੇਤੂ ਰਹੇ ਹਨ। ਭਾਜਪਾ ਨੇ ਸਾਰੇ ਦੇ ਸਾਰੇ 68 ਹਲਕਿਆਂ ਤੋਂ ਆਪਣੇ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ ਜਿਸ ਵਿਚ ਕਿਸੇ ਵੀ ਸਿੱਖ ਉਮੀਦਵਾਰ ਦਾ ਨਾਂਅ ਸ਼ਾਮਲ ਨਹੀਂ। ਕਾਂਗਰਸ ਨੇ ਅਜੇ 59 ਉਮੀਦਵਾਰ ਹੀ ਐਲਾਨੇ ਹਨ। ਬਾਕੀ ਰਹਿ ਗਏ 9 ਹਲਕੇ ਜਿਨ੍ਹਾਂ ਵਿਚ ਸਿੱਖਾਂ ਦੀ ਆਬਾਦੀ ਨਾ ਮਾਤਰ ਹੈ, ਸ਼ਾਇਦ ਹੀ ਕੋਈ ਘੱਟ ਗਿਣਤੀ ਉਮੀਦਵਾਰ ਮਿਲੇ। ਇਹ ਪਹਿਲਾ ਮੌਕਾ ਹੈ ਕਿ ਇਨ੍ਹਾਂ ਦੋਵਾਂ ਪਾਰਟੀਆਂ ਨੇ ਘੱਟ ਗਿਣਤੀਆਂ ਵਾਲੇ ਪਾਸੇ ਤੋਂ ਮੂੰਹ ਮੋੜ ਲਿਆ। ਜਿੱਥੋਂ ਤੱਕ ਮਾਇਆਵਤੀ ਦੀ ਪ੍ਰਧਾਨਗੀ ਵਾਲੀ ਬਹੁਜਨ ਸਮਾਜ ਪਾਰਟੀ ਦਾ ਸਬੰਧ ਹੈ, ਉਸ ਨੇ ਵੀ ਹੁਣ ਤੱਕ ਐਲਾਨੇ 3 ਦਰਜਨ ਉਮੀਦਵਾਰਾਂ ਵਿਚ ਕੋਈ ਮੁਸਲਿਮ ਤੇ ਸਿੱਖ ਭਾਈਚਾਰੇ ਨਾਲ ਸਬੰਧਿਤ ਉਮੀਦਵਾਰ ਦਾ ਨਾਂਅ ਸ਼ਾਮਿਲ ਨਹੀਂ ਕੀਤਾ।


Watch Your Favorite Channel
FREE PREVIEW
jus punjabi
AJJ DA MUDDA
Daily Dose
KHIDI DUPEHAR
ਖਿੜੀ ਦੁਪਹਿਰ
PRIME TIME NEWS
Kitty Party
Sadde Jalwe
AMERICAN VISION
FIRELINE
Ithaas De Panne
ਇਤਿਹਾਸ ਦੇ ਪੰਨੇ
The 1st American-Punjabi Television Channel
WATCH jus punjabi ON CHANNEL 736 ON
dish | sling TELEVISION
for advertisement & more information call: +1-718-752-9290 x 202
www.jusbroadcasting.com



# PANNU'S
## LEGAL SERVICES

G.S. Pannu (Immigration Consultant, LDA)

ivisapass@gmail.com • FAX 510.279.7624

510.677.5200 IMMIGRATION

★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE

★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
PASSPORT & VISA SERVICES

indiavisa123@gmail.com • FAX 510.279.7624



M.K. Pannu (Owner)

VISA IN ONE DAY

Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)

Serving Around the World Community Since 1994

We Specialize to Asia, Europe, Middle East, Africa, Australia & etc.

Special fares to :

SFO TO DEL
LAX TO DEL




Special fares to Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345

# Travel for Less Inc.



SPECIALIZED IN DISCOUNT FARES WORLDWIDE

INDIA | PAKISTAN | EUROPE

ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES, CHINA AIRLINES, BRITISH AIRWAYS, CATHAY PACIFIC, virgin atlantic, SINGAPORE AIRLINES, Emirates, ETIHAD AIRWAYS, Lufthansa, QATAR AIRWAYS

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

Serving the Bay Area Since 1996

32116-Alvarado Blvd. Union City, CA-94587

Email: info@travelforlessinc.com

CALL 510-791-3300 Book online 24x7 @ www.Letsflyhome.com


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com